ਨਾਨਕ ਸਿੰਘ

# ਸਰਾਪੀਆਂ ਰੂਹਾਂ



ਭਾਸ਼ਾ ਵਿਭਾਗ, ਪੰਜਾਬ

# ਸਰਾਪੀਆਂ ਰੂਹਾਂ

ਨਾਨਕ ਸਿੰਘ

**ਭਾਸ਼ਾ ਵਿਭਾਗ, ਪੰਜਾਬ**

SARAPIAN RUHAN (Punjabi Novel)

Nanak Singh

ਸਰਾਪੀਆਂ ਰੂਹਾ

ਨਾਨਕ ਸਿੰਘ

ਸੰਖੇਪ ਰੂਪ-ਅਤਰਜੀਤ ਸੂਰੀ

© ਭਾਸ਼ਾ ਵਿਭਾਗ ਪੰਜਾਬ

ਪਹਿਲੀ ਵਾਰ 1995

ਮੁੱਲ 13 ਰੁਪਏ

ਕਾਪੀਆਂ: 5000

ਪ੍ਰਕਾਸ਼ਕ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ

ਰਾਹੀਂ ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ

ਛਾਪਕ : ਸਵੈਨ ਪ੍ਰਿੰਟਿੰਗ ਪ੍ਰੈਸ, ਅੱਡਾ ਟਾਂਡਾ, ਜਲੰਧਰ ਸ਼ਹਿਰ

## ਮੁਢਲੀ ਗੱਲ

ਨਰੋਆ ਸਾਹਿਤ ਆਪਣੇ ਸਮਾਜ ਦਾ ਨਿਰਾ ਦਰਪਣ ਹੀ ਨਹੀਂ ਹੁੰਦਾ ਸਗੋਂ ਸੁਚੱਜਾ-ਸੁਖਾਵਾਂ ਸਮਾਜਿਕ ਮਾਹੌਲ ਉਸਾਰਨ ਵਿਚ ਸੇਧ ਤੇ ਪ੍ਰੇਰਨਾ ਵੀ ਪ੍ਰਦਾਨ ਕਰਦਾ ਹੈ। ਇਸੇ ਮੰਤਵ ਦੀ ਪੂਰਤੀ ਹਿੱਤ ਭਾਸ਼ਾ ਵਿਭਾਗ ਵਲੋਂ ਪੰਜਾਬੀ ਦੀਆਂ ਮਿਆਰੀ ਰਚਨਾਵਾਂ ਨੂੰ ਵਾਜਬ ਕੀਮਤ ਤੇ ਮੁਹਈਆ ਕਰਨ ਹਿੱਤ ਪੇਪਰ ਬੈਂਕ ਸੀਰੀਜ਼ ਅਧੀਨ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਤਾਂ ਜੋ ਵੱਧ ਤੋਂ ਵੱਧ ਪਾਠਕ ਇਨ੍ਹਾਂ ਤੋਂ ਲਾਭ ਉਠਾ ਸਕਣ। ਸ ਨਾਨਕ ਸਿੰਘ ਹੁਰਾਂ ਦੀ ਹੱਥਲੀ ਪੁਸਤਕ 'ਸਰਾਪੀਆਂ ਰੂਹਾਂ ਇਸੇ ਸੀਰੀਜ਼ ਅਧੀਨ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

ਨਾਵਲਕਾਰ ਨਾਨਕ ਸਿੰਘ ਆਧੁਨਿਕ ਪੰਜਾਬੀ ਸਾਹਿਤ ਜਗਤ ਦੀ ਅਜਿਹੀ ਮਹਾਨ ਸ਼ਖਸੀਅਤ ਹਨ ਜਿਨ੍ਹਾਂ ਨੇ ਸਮੁੱਚੇ ਸਮਾਜ ਦੀਆਂ ਬਹੁਪੱਖੀ ਸਮਸਿਆਵਾਂ, ਉਲਝਣਾਂ ਨੂੰ ਮਾਨਵੀ ਧਰਾਤਲ ਤੇ ਐਸੇ ਮਾਨਸਿਕ ਢੰਗ ਨਾਲ ਉਲੀਕਿਆ ਹੈ ਕਿ ਪੜ੍ਹਨ ਵਾਲੇ ਦਾ ਸਮੁੱਚਾ ਵਜੂਦ ਹਲੂਣਿਆ ਜਾਂਦਾ ਹੈ। ਪੰਜਾਬੀ ਦੇ ਨਾਵਲ ਜਗਤ ਵਿਚ ਆਪ ਦਾ ਪਿੜ ਨਿਵੇਕਲਾ ਤੇ ਵਿਸ਼ੇਸ਼ ਹੈ। ਆਪ ਦੀ ਸਾਹਿਤਕ ਘਾਲਣਾ ਨੂੰ ਮੁੱਖ ਰਖਦੇ ਹੋਏ ਪੰਜਾਬ ਸਰਕਾਰ ਵਲੋਂ ਸਾਲ 1952 ਵਿਚ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨਿਆ ਗਿਆ ਅਤੇ ਸਾਲ 1961 ਵਿਚ ਆਪ ਦੀ ਪੁਸਤਕ "ਇਕ ਮਿਆਨ ਦੋ ਤਲਵਾਰਾਂ" ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਭੇਟ ਕੀਤਾ ਗਿਆ। ਆਪ ਦੇ ਕਈ ਨਾਵਲ ਚਿੱਟਾ ਲਹੂ, ਪਵਿਤਰ ਪਾਪੀ, ਜੀਵਨ ਸੰਗਰਾਮ, ਇਕ ਮਿਆਨ ਦੋ ਤਲਵਾਰਾਂ ਆਦਿ ਹੋਰ ਭਾਰਤੀ ਭਾਸ਼ਾਵਾਂ ਜਿਵੇਂ ਹਿੰਦੀ, ਉਰਦੂ, ਕੰਨੜ, ਮਲਿਆਲਮ, ਗੁਜਰਾਤੀ ਆਦਿ ਵਿਚ ਅਨੁਵਾਦ ਹੋ ਚੁੱਕੇ ਹਨ।

ਹੱਥਲੀ ਪੁਸਤਕ : ਸਰਾਪੀਆਂ ਰੂਹਾਂ ਵਿਚ ਨੇਤਰਹੀਣ ਅਪਾਹਜ ਦੇ ਜੀਵਨ ਦੀਆਂ ਲਾਲਸਾਵਾਂ
ਤੇ ਮੁਸ਼ਕਲਾਂ ਦੀ ਦਾਸਤਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਉਲੀਕਿਆ ਗਿਆ ਹੈ। ਪੁਸਤਕ ਦਾ ਸੰਖਿਪਤ ਰੂਪ ਨਾਨਕ ਸਿੰਘ ਦੀ ਧੀਆਂ ਵਰਗੀ ਨੂੰਹ ਰਾਣੀ ਸ੍ਰੀਮਤੀ ਅਤਰਜੀਤ ਸੂਰੀ ਨੇ ਬੜੀ ਸਿਦਕ-ਦਿਲੀ ਨਾਲ ਕੀਤਾ ਹੈ। ਮੈਨੂੰ ਪੂਰਨ ਆਸ ਹੈ ਕਿ ਪਾਠਕ ਇਸ ਦਾ ਹਾਰਦਿਕ ਸੁਆਗਤ ਕਰਨਗੇ।

**ਅਜੀਤ ਸਿੰਘ ਕੱਕੜ**

ਡਾਇਰੈਕਟਰ,

ਭਾਸ਼ਾ ਵਿਭਾਗ, ਪੰਜਾਬ

# 1.

"ਬੜਾ ਬੂਥਾ ਸੁਜਾਈ ਬੈਠੀ ਏਂ। ਕੀ ਹੋਇਆ ਸੂ ਨੀ । "

"ਜਾਣੇ ਮੇਰੀ ਜੁੱਤੀ। ਇਸ ਨੂਰਨਿਸ਼ਾਂ ਦਾ ਬੂਥਾ ਸਿੱਧਾ ਕੇਹੜੇ ਦਿਨ ਹੋਇਆ ਏ?"

"ਜਿੰਨਾ ਚਿਰ ਸਟਾਫ਼ ਰੂਪ ਵਿਚ ਮੀਟਿੰਗ ਹੁੰਦੀ ਰਹੀ, ਮਿਸ ਪ੍ਰੀਤਮ ਨੇ ਮੋਨ-ਵਰਤ ਧਾਰੀ ਰਖਿਆ। ਜਿਵੇਂ ਉਹ ਜ਼ਬਾਨ ਵਿਚ ਕਿੱਲ ਠੋਕ ਕੇ ਆਈ ਸੀ। ਨਾ ਹੂੰ ਨਾ ਹਾਂ। ਸਾਰੀਆਂ ਉਸਤਦਾਨੀਆਂ ਪੁੱਛ ਕੇ ਥੱਕ ਗਈਆਂ।

"ਨੀ ਦਫਾ ਕਰੋ ਸੂ। ਭੈੜੀ ਚਿੱਕੜ ਜਿਹੀ, ਜਿਸ ਨੂੰ ਇਕ ਵੇਰਾਂ ਚੰਬੜ ਜਾਏ, ਗਲੋਂ ਈ ਨਹੀਂ ਲਥਦੀ ਹੁੰਦੀ। ਕੀ ਲੈਣਾ ਜੇ ਭੂੰਡਾਂ ਦੀ ਖੱਖਰ ਨੂੰ ਛੇੜ ਕੇ"

'ਨੀ ਬੈਠ ਨੀ ਆਰਾਮ ਨਾਲ ਵਡੀਏ ਗਿਆਨਣੇ। ਸਾਡੇ ਕਿਤੇ ਕੰਨ ਕਾਲੇ ਹੋ ਚਲੇ ਨੇ। ਜ਼ਰਾ ਦੋ ਘੜੀਆਂ ਦਾ ਸ਼ੁਗਲ ਹੋ ਜਾਏਗਾ।

"ਚੰਗਾ ਫਿਰ ਜਾਹ ਜੇ ਬਹੁਤੀ ਕਾਹਲੀ ਏਂ ਗੁੱਤ ਪੁਟਾਣ ਨੂੰ ਤਾਂ । "

"ਹੇ-ਏ-ਖਾ-ਆ। ਰਹਿ ਗਈ ਏ ਵਡੀ ਗੁੱਤ ਪੁੱਟਣ ਵਾਲੀ। ਚੂੰਡੇ ਨਾ ਮੁੰਨ ਕੇ ਆਵਾਂ ਉਹਦੀਆਂ ਅਗਲੀਆਂ ਪਿਛਲੀਆਂ ਦੇ।

"ਹਲਾ ਫਿਰ ਤਗੜੀ ਹੋ ਜੇ ਨਹੀਂ ਤੈਨੂੰ ਖਾਧਾ ਪੀਤਾ ਹਜ਼ਮ ਹੁੰਦਾ ਉਸ ਨੂੰ ਛੇੜੇ ਬਗੈਰ । "

ਲੈ ਫਿਰ ਮਹੀਓ ਜਾਨੀ ਆਂ ਜੇ ਤੁਹਾਡੀ ਜਿੰਦ ਨਿਕਲਦੀ ਏ ਤਾਂ।"

ਛੁੱਟੀ ਦੀ ਘੰਟੀ ਵਜਦਿਆਂ ਹੀ ਕੁੜੀਆਂ ਘਰੋਂ ਘਰੀ ਚਲੀਆਂ ਗਈਆਂ ਪਰ, ਉਸਤਾਦਨੀਆਂ ਦੀ ਚੌਕੜੀ ਅਜੇ ਤਕ ਡਟੀ ਹੋਈ ਸੀ।

ਛੇਕੜ ਇੰਦੂਬਾਲਾ ਅੱਖਾਂ ਮਟਕਾਂਦੀ ਤੇ ਬੁਲ੍ਹ ਟੇਰਦੀ ਹੋਈ ਇੰਜ ਉਠੀ, ਜਿਵੇਂ ਸਟੇਜ ਉਤੇ ਅਭਿਨਯ ਕਰ ਰਹੀ ਹੈ।

ਬੀਬੀ ਗੁਰਦੇਈ ਨੇ ਇੰਦੂਬਾਲਾ ਦੀ ਪਿੱਠ ਥਾਪੜੀ – "ਨੀ ਨਹੀਂ ਰੀਸਾਂ ਤੇਰੀਆਂ ਮਾਂ ਦੀਏ ਗੋਲਗਪੀਏ ।"

ਰਾਮ ਪਿਆਰੀ ਨੇ ਵੀ ਇੰਦੂਬਾਲਾ ਨੂੰ ਹੱਲਾ ਸ਼ੇਰੀ ਦਿੱਤੀ। ਤੇ ਇੰਦੂਬਾਲਾ ਦੂਹਰੀ ਪ੍ਰੋਤਸਾਹਨ ਪਾ ਕੇ ਲੱਕ ਲਚਕਾਂਦੀ ਹੋਈ ਰਵਾਂ ਰਵੀਂ ਸਟਾਫ ਰੂਮ ਵਲ ਭਜ ਗਈ।

ਮਿਸ ਪ੍ਰੀਤਮ ਨਵੀਂ ਨਵੀਂ ਹੀ ਸਟਾਫ਼ ਵਿਚ ਭਰਤੀ ਹੋਈ ਸੀ। ਪਰ ਇਥੇ ਆਇਆ ਹੀ ਉਹ ਪੁਰਾਣੀਆਂ ਅਧਿਆਪਕਾਵਾਂ ਦੀ ਈਰਖਾ ਦਾ ਸ਼ਿਕਾਰ ਹੋ ਗਈ। ਇਸ ਨਵੀਂ ਅਧਿਆਪਕਾ ਦੇ ਆਉਣ ਨਾਲ ਸਕੂਲ ਦੇ ਵਾਤਾਵਰਣ ਵਿਚ ਇਕ ਅਜੀਬ ਕਿਸਮ ਦੀ ਰਉ ਰੁਮਕਣ ਲਗ ਪਈ ਸੀ। ਕਾਰਨ ਇਹ ਕਿ ਇਕ ਅਸਲੋਂ ਹੀ ਨਾ-ਤਜਰਬਾਕਾਰ ਤੇ ਅਣਟਰੇਂਡ ਉਸਤਾਦਨੀ ਨੂੰ ਟਰੇਂਡ ਅਧਿਆਪਕਾਵਾਂ ਦੇ ਬਰਾਬਰ ਤਨਖਾਹ ਉਤੇ ਰਖਿਆ ਗਿਆ ਸੀ। ਸਭਨਾ ਦਾ ਅਨੁਮਾਨ ਸੀ ਕਿ ਜ਼ਰੂਰ ਮਿਸ ਪ੍ਰੀਤਮ ਹੈਡ ਮਿਸਟ੍ਰੈਸ ਦੀ ਕੋਈ ਨਿਕਟਵਰਤੀ ਰਿਸ਼ਤੇਦਾਰ ਹੋਵੇਗੀ। ਹੈਡ ਮਿਸਟ੍ਰੈਸ ਦੀ ਕੀਤੀ ਉਤੇ ਉਂਗਲ ਰੱਖਣ ਦੀ ਕਿਸ ਦੀ ਹਿੰਮਤ ਜਦ ਕਿ ਉਹ ਸਮੁੱਚੇ ਤੌਰ ਤੇ ਸਕੂਲ ਦੀ ਕਰਤਾ ਧਰਤਾ ਸੀ-ਹੈਡ ਮਿਸਟ੍ਰੈਸ ਤੋਂ ਛੁੱਟ ਮੈਨੇਜਿੰਗ ਕਮੇਟੀ ਵੀ ਤਾਂ ਉਹ ਆਪ ਹੀ ਸੀ ਨਾਲੇ ਪ੍ਰੋਪ੍ਰਾਈਟਰ ਵੀ।

ਆਪਣੀ ਈਰਖਾ ਨੂੰ ਪ੍ਰਗਟਾਉਣ ਲਈ ਉਸਤਾਦਨੀਆਂ ਨੇ ਮਿਸ ਪ੍ਰੀਤਮ ਨਾਲ ਛੇੜ ਛਾੜ ਕਰਕੇ ਉਸ ਨੂੰ ਆਪਣਾ ਖਪਾਣਾ ਖਿਝਾਣਾ ਸ਼ੁਰੂ ਕਰ ਦਿੱਤਾ। ਜਿੰਨਾ ਹੀ ਮਿਸ ਪ੍ਰੀਤਮ ਬੁਰਾ ਮਨਾਂਦੀ, ਉਨਾ ਹੀ ਬਹੁਤਾ ਉਨ੍ਹਾਂ ਨੂੰ ਸੁਆਦ ਆਉਂਦਾ। ਸਾਰਾ ਸਟਾਫ਼ ਹੱਥ ਧੋ ਕੇ ਉਸ ਦੇ ਮਗਰ ਪੈ ਗਿਆ ਸੀ। ਓਧਰ ਮਿਸ ਪ੍ਰੀਤਮ ਬਿਲਕੁਲ ਇੱਕਲੀ। ਹੈਡ ਮਿਸਟ੍ਰੈਸ ਦੇ ਕੋਲ ਜੇਕਰ ਉਹ ਉਨ੍ਹਾਂ ਦੀ ਸ਼ਿਕਾਇਤ ਵੀ ਕਰਦੀ ਤਾਂ ਵੀ ਉਸੀ ਨੂੰ ਹੀ ਜ਼ਲੀਲ ਹੋਣਾ ਪੈਂਦਾ।

ਹੈਡ ਮਿਸਟ੍ਰੈਸ ਦੋ ਦਿਨਾਂ ਦੀ ਛੁੱਟੀ ਤੇ ਸੀ। ਸਟਾਫ਼ ਨੂੰ ਮਿਸ ਪ੍ਰੀਤਮ ਨਾਲ ਛੇੜਖਾਨੀ ਕਰਨ ਦਾ ਇਹ ਸੁਨਹਿਰੀ ਮੌਕਾ ਮਿਲਿਆ ਸੀ। ਪਰ ਅੱਜ ਦੀ ਛੇੜ

ਛਾੜ ਬਹੁਤੀ ਸਫ਼ਲ ਨਾ ਹੋ ਸਕੀ। ਕਿਉਂਕਿ ਮਿਸ ਪ੍ਰੀਤਮ ਦੇ ਕੁਝ ਚੁਪ ਧਾਰਨ ਕਰਨ ਨਾਲ ਸਭਨਾ ਅਧਿਆਪਕਾਵਾਂ ਦਾ ਮਜ਼ਾ ਕਿਰਕਿਰਾ ਹੋ ਗਿਆ।

ਛੁੱਟੀ ਦੀ ਘੰਟੀ ਵੱਜਣ ਪਿੱਛੋਂ ਵੀ ਮਿਸ ਪ੍ਰੀਤਮ ਸਟਾਫ਼ ਰੂਮ ਵਿਚ ਹੀ ਬੈਠੀ ਰਹੀ। ਬਾਕੀ ਅਧਿਆਪਕਾਵਾਂ ਬਾਹਰ ਜਾ ਕੇ ਉਸ ਦੀ ਉਡੀਕ ਕਰਨ ਲਗੀਆਂ। ਜਦੋਂ ਉਹ ਫਿਰ ਵੀ ਬਾਹਰ ਨਾ ਆਈ ਤਾਂ ਇੰਦੂਬਾਲਾ ਨੂੰ ਸ਼ਹਿ ਦੇ ਕੇ ਉਨ੍ਹਾਂ ਨੇ ਬਲਦੀ ਦੇ ਬੂਥੇ ਅਗੇ ਝੋਕ ਦਿੱਤਾ।

ਬਾਹਰ ਖੜੀਆਂ ਬਾਕੀ ਅਧਿਆਪਕਾਵਾਂ ਨੇ ਦੋਹਾਂ ਦੀ ਉਡੀਕ ਵਿਚ ਮਿਸ ਪ੍ਰੀਤਮ ਬਾਰੇ ਟੀਕਾ ਟਿਪਣੀ ਸ਼ੁਰੂ ਕਰ ਦਿੱਤੀ।

'ਅੜੀਓ, ਹੈ ਤਾਂ ਵਡੇ ਭੈਣ ਜੀ ਕਾਫ਼ੀ ਤਜਰਬਾਕਾਰ ਨੇ, ਪਰ ਏਸ ਮਾਮਲੇ ਵਿਚ ਉਨ੍ਹਾਂ ਸਿਆਣੇ ਕਾਂ ਵਾਲੀ ਗੱਲ ਕੀਤੀ ਜਾਪਦੀ ਏ।"

'ਆਹੋ ਕਿ ਇੰਝ ਹਰ ਕੋਈ ਅਧਿਆਪਕ ਬਣਨ ਲਗੇ ਤਾਂ ਫੇਰ ਸਾਨੂੰ ਕੌਣ ਪੁਛੇਗਾ।

“ਪੜ੍ਹਾਈ ਕਰਾਣ ਲਈ ਜਾਨ ਲੜਾਨੀ ਪੈਂਦੀ ਏ । “

“ਨਾਲੇ ਪੜ੍ਹਾਣ ਵਾਲੀ ਦਾ ਮੂੰਹ ਮੱਥਾ ਵੀ ਤਾਂ ਜ਼ਰਾ ਚੱਜ ਦਾ ਹੋਵੇ। ਇਹ ਤਾਂ ਕਿਤੇ ਜੰਗਲ ਦੀ ਭੂਤਨੀ ਲਿਆ ਬਿਠਾਈ ਏ ਵਡੇ ਭੈਣ ਜੀ ਨੇ। ਅਵੇਰੇ ਸਵੇਰੇ ਕੋਈ ਨਿੱਕਾ ਨਿਆਣਾ ਵੇਖ ਲਵੇ ਤਾਂ ਡਰ ਕੇ ਚੀਕਾਂ ਮਾਰ ਉਠੇ। “

“ਸ਼ੁਕਰ ਏ ਜੁ ਰੱਬ ਨੇ ਵਿਤ ਸਿਰ ਰਖੀ। ਜੇ ਕਿਤੇ ਸ਼ਕਲ ਵਕਲ ਦੀ ਹੁੰਦੀ ਫੇਰ ਤਾਂ ਧਰਤੀ ਤੋਂ ਗਿੱਠ ਗਿੱਠ ਉਚੀ ਹੋ ਕੇ ਤੁਰਨਾ ਸੀ ਏਸ ਸਰੂਪਨਖਾਂ ਨੇ। “

ਗੱਲਾਂ ਦਾ ਸਿਲਸਿਲਾ ਅਜੇ ਜਾਰੀ ਸੀ ਕਿ ਸਟਾਫ ਰੂਮ ਵਲੋਂ ਉਚੀ ਉਚੀ ਚਿੰਘਾੜਨ ਦੀਆਂ ਆਵਾਜ਼ਾਂ ਸੁਣ ਕੇ ਸਾਰੀਆਂ ਵਾਹੋ ਦਾਹੀ ਉਧਰ ਉਠ ਭਜੀਆਂ।

ਮਿਸ ਪ੍ਰੀਤਮ ਉਵੇਂ ਹੀ ਦਹਾੜਦੀ ਹੋਈ ਇੰਦੂਬਾਲਾ ਨੂੰ ਕਹਿ ਰਹੀ ਸੀ— ਕੁਤੀਏ! ਤੂੰ ਕੌਣ ਹੋਵੇ ਮੈਨੂੰ ਟਿਚਕਰਾਂ ਕਰਨ ਵਾਲੀ-ਤੇਰੇ ਸੀਰਮੇ ਨਾ ਖਿੱਚ ਲਵਾਂ ਤਾਂ ਆਖੀਂ ਤੇ ਸਭਨਾਂ ਨੂੰ ਧੁਸ ਦੇ ਕੇ ਉਹ ਬਾਹਰ ਨਿਕਲ ਗਈ। ਕਿਸੇ ਦਾ ਹੀਆ ਨਾ ਪਿਆ ਉਸ ਨੂੰ ਹੱਥ ਪਾਉਣ ਦਾ।

ਕੀ ਹੋਇਆ—ਕੀ ਹੋਇਆ? ਕਿਥੇ ਵਜੀ-ਕਿਥੇ ਵਜੀ ? ਕਹਿੰਦਿਆਂ ਸਭਨਾਂ ਨੇ ਇੰਦੂਬਾਲਾ ਨਾਲ ਹਮਦਰਦੀ ਪ੍ਰਗਟਾਈ।

"ਹਾਏ ਕੱਖ ਨਾ ਰਹੇ ਉਸ ਦਾ। ਕਿੰਝ ਵਿਚਾਰੀ ਦਾ ਮੂੰਹ ਵਲੂੰਧਰ ਸੁਟਿਆ ਸੂ।“

'ਨੀਂ ਮੈਂ ਤਾਂ ਪਹਿਲਾਂ ਹੀ ਕਹਿੰਦੀ ਸਾਂ ਜੁ ਏਸ ਜੂਠ ਨਾਲ ਮੱਥਾ ਲਾਣਾ ਪਚਾਨਵੇਂ ਦਾ ਘਾਟਾ ਏ, - ਪਰ ਮੇਰੀ ਗੱਲ ਕਿਸੇ ਗਉਲੀ ਨਾ।"

"ਹਲਾ ਕੀ ਹੋਇਆ? ਅਸੀਂ ਵੀ ਏਸ ਸਾਹਨਣੀ ਨੂੰ ਨੱਕ ਨਾਲ ਲਕੀਰਾਂ ਨਾ ਕਢਾਈਆਂ ਤਾਂ ਆਖੀਂ।“

"ਨਾਲੇ ਵੱਡੇ ਭੈਣ ਜੀ ਦੇ ਕੰਨਾਂ ਦੇ ਪਰਦੇ ਵੀ ਖੋਲ੍ਹਣੇ ਪੈਣਗੇ। ਅੱਜ ਇੰਦੂਬਾਲਾ ਦਾ ਇਹ ਹਾਲ _ ਕੀਤਾ ਏ, ਭਲਕੇ ਸਾਡੇ ਨਾਲ ਵੀ ਕਰੂ"

ਸਭਨਾਂ ਨੇ ਵਿਚਾਰ ਵਟਾਂਦਰਾ ਕਰਕੇ ਇਕ ਸ਼ਿਕਾਇਤਨਾਮਾ ਤਿਆਰ ਕੀਤਾ, ਜਿਸ ਤੇ ਵਾਰੋ ਵਾਰੀ ਸਭਨਾਂ ਨੇ ਦਸਤਖਤ ਕੀਤੇ।

******

## 2.

ਹਰ ਕੋਈ ਕਰਮੋਂ ਦਾ ਕਸੂਰ ਗਿਣਦਾ ਸੀ, ਜਿਹੜੀ ਏਡੇ ਵਡੇ ਘਰਾਨੇ ਦੀ ਜੰਮ ਪਲ ਹੋ ਕੇ ਰੰਡੇਪਾ ਨਾ ਕਟ ਸਕੀ। ਸਭਨਾਂ ਦਾ ਇਹ ਕਹਿਣਾ ਸੀ।

"ਦਰਗਾਹੋਂ ਜੋ ਫਿਟਕ ਲਗ ਗਈ ਚੰਡਾਲਣੀ ਨੂੰ। ਨਹੀਂ ਤਾਂ ਕਿਹੜੀ ਗੱਲ ਦਾ ਘਾਟਾ ਸੀ। ਲਾਲਾ' ਈਸ਼ਰ ਦਾਸ ਦੇ ਘਰ ਵਿਚ_"

ਪਰ ਕੁਝ ਲੋਕ ਅੰਦਰਖਾਨੇ ਲਾਲਾ ਈਸ਼ਰ ਦਾਸ ਦੀ ਕੁਪੱਤੀ ਵਹੁਟੀ ਉਤੇ ਵੀ ਦੋਸ਼ ਲਾਉਂਦੇ-ਕਰਮੋਂ ਤੇ ਉਸ ਦੀ ਨਵ-ਜੰਮੀ ਬੱਚੀ ਉਸ ਲਈ ਅੱਖ ਦਾ ਫੋੜਾ ਸੀ। ਹਰ ਵੇਲੇ ਉਹ ਕਰਮੋਂ ਵਿਚਾਰੀ ਨਾਲ ਕੁੱਤੇ ਖਾਣੀ ਕਰਦੀ ਰਹਿੰਦੀ ਸੀ। ਪਾਣੀ ਜਦ ਸਿਰੋਂ ਲੰਘ ਗਿਆ ਤਾਂ ਕਰਮੋਂ ਹੋਰ ਕਰਦੀ ਦੀ ਕੀ।

ਕਰਮੋਂ ਪਹਿਲਾ ਜਣੇਪਾ ਪੇਕੇ ਘਰ ਕੱਟਣ ਆਈ ਹੋਈ ਸੀ। ਪਰ ਕਿਸਮਤ ਦੀ ਮਾਰ ਕਿ ਏਧਰ ਉਸ ਦੇ ਘਰ ਬੱਚੀ ਨੇ ਜਨਮ ਲਿਆ, ਓਧਰੋਂ ਉਸ ਦੇ ਪਤੀ ਦੀ ਮੌਤ ਦੀ ਖ਼ਬਰ ਆਈ। ਕਰਮੋਂ ਦੀ ਸੱਜਰ ਜੰਮੀ ਬੱਚੀ ਨੂੰ ਹਰ ਕੋਈ ਨਹਿਸ਼ ਆਖਣ ਲੱਗ ਪਿਆ ਜਿਸ ਨੇ ਆਉਂਦਿਆਂ ਹੀ ਪਿਉ ਨੂੰ ਖਾ ਲਿਆ ਸੀ।

ਪੇਕੇ ਪਰਿਵਾਰ ਵਿਚੋਂ ਕਰਮੋਂ ਦਾ ਇਕੋ ਇਕ ਵੱਡਾ ਭਰਾ ਲਾਲਾ ਈਸ਼ਰਦਾਸ ਸੀ। ਉਹ ਸੰਗਰੂਰ ਸ਼ਹਿਰ ਵਿਚ ਉੱਘਾ ਵਪਾਰੀ ਸੀ। ਦੂਰ ਦਰਾਜ ਤੱਕ ਉਸਦਾ ਨਾਂ ਵਜਦਾ ਸੀ। ਘਰਾਣਾ ਉੱਘਾ ਹੋਣ ਦੇ ਨਾਲ ਪਿਤਾ ਪੁਰਖੀ ਦਾ ਧਾਰਨੀ ਵੀ ਸੀ ਜਿਸ ਵਿਚ ਵਿਧਵਾ ਵਿਆਹ ਨੂੰ ਪਾਪ ਸਮਝਿਆ ਜਾਂਦਾ ਸੀ। ਇਹੋ ਜਿਹੇ ਘਰਾਣਿਆਂ ਦੀਆਂ ਵਿਧਵਾਵਾਂ ਸਤੀ ਹੋ ਜਾਇਆ ਕਰਦੀਆਂ ਸਨ। ਪਰ ਅੰਗਰੇਜ਼ੀ ਹਕੂਮਤ ਨੇ ਸਤੀ ਦੀ ਰਸਮ ਵਿਰੁੱਧ ਕਾਨੂੰਨ ਬਣਾ ਕੇ ਇਨ੍ਹਾਂ ਧਰਮ ਅਵਲੰਬੀਆਂ ਨੂੰ ਏਸ ਨਿਯਮ ਨੂੰ ਬਦਲਣ ਤੇ ਮਜਬੂਰ ਕਰ ਦਿੱਤਾ। ਹੁਣ ਇਹੀ

ਲੋਕ ਆਖਦੇ-ਜਿਹੜੀ ਵਿਧਵਾ ਜੀਵਨ ਭਰ ਰੰਡੇਪਾ ਨਿਭਾਵੇ ਉਸ ਨੂੰ ਸਤੀ ਦਾ ਦਰਜਾ ਪ੍ਰਾਪਤ ਹੋਵੇਗਾ।

ਹਿੰਦੂ ਘਰਾਣੇ ਦੀ ਜੰਮ ਪਲ ਕਰਮੋਂ ਉਤੇ ਵੀ ਇਹੀ ਨਿਯਮ ਲਾਗੂ ਹੁੰਦਾ ਸੀ। ਕਰਮੋਂ ਨੇ ਏਸ ਨੂੰ ਸਵੀਕਾਰ ਕੀਤਾ। ਪਰ ਪੇਕੇ ਘਰ ਦਾ ਬੇਹਾ ਟੁਕੜਾ ਵੀ ਉਸ ਲਈ ਅਲੱਭ ਹੋ ਜਾਵੇਗਾ, ਇਸ ਦਾ ਤਾਂ ਕਰਮੋਂ ਨੂੰ ਚਿੱਤ ਚੇਤਾ ਵੀ ਨਹੀਂ ਸੀ।

ਲਾਲਾ ਈਸ਼ਰ ਦਾਸ ਦਾ ਘਰ ਰਿਜਕ ਨਾਲ ਤੁਸਿਆ ਪਿਆ ਸੀ। ਫੇਰ ਵੀ ਕਰਮੋਂ ਦੇ ਭਰਾ ਦੇ ਘਰ ਤੇ ਦਿਲ ਵਿਚ ਆਪਣੀ ਵਿਧਵਾ ਭੈਣ ਤੇ ਅਨਾਥ ਭਣੇਵੀਂ ਲਈ ਕੋਈ ਥਾਂ ਨਹੀਂ ਸੀ। ਅਜਿਹੀ ਹਾਲਤ ਵਿਚ ਜੇ ਉਸ ਨੂੰ ਪੇਕੇ ਖਾਨਦਾਨ ਦੀ ਮਾਨ ਮਰਯਾਦਾ ਨਾਲ ਵਿਦਰੋਹ ਵਰਗਾ ਸਲੂਕ ਕਰਕੇ ਕਿਸੇ ਹੋਰ ਦੀ ਪਨਾਹ ਲੈਣ ਲਈ ਮਜਬੂਰ ਹੋਣਾ ਪਿਆ ਤੇ ਆਖ਼ਰ ਇਸ ਵਿਚ ਕਿਸ ਦਾ ਦੋਸ਼ ਸੀ?

ਕਰਮੋਂ ਨੇ ਜਿਸ ਦਿਨ ਆਪਣੀ ਬੱਚੀ ਸਮੇਤ ਪੇਕਾ ਘਰ ਛੱਡਿਆ, ਉਸ ਦਿਨ ਲਾਲਾ ਈਸ਼ਰ ਦਾਸ ਦੁਹੱਥਣ ਪਿਟਿਆ। ਉਸ ਨੇ ਮਗਰਮੱਛ ਦੇ ਅਥਰੂ ਕੇਰੇ-ਓਏ ਲੋਕੋ! ਮੇਰੀਆਂ ਸੱਤਾਂ ਪੀੜ੍ਹੀਆਂ ਦੇ ਸਿਰ ਘੱਟੋ ਦਾ ਬੁੱਕ ਪਾ ਗਈ। ਇਹ ਘੱਟਾ ਵੀ ਤਾਂ ਆਖ਼ਰ ਕਈ ਪ੍ਰਕਾਰ ਦਾ ਹੁੰਦਾ ਹੈ।

ਤੇ ਲਾਲਾ ਈਸ਼ਰ ਦਾਸ ਆਪਣੀ ਜ਼ਿੰਦਗੀ ਵਿਚ ਕਿੰਨੀਆਂ ਹੀ ਸੁੰਦਰੀਆਂ ਦੀ ਚਰਨਧੂੜ ਮੱਥੇ ਤੇ ਲਾ ਚੁੱਕਾ ਸੀ, ਪਰ ਜਿਸ ਭਾਗਸ਼ਾਲਣੀ ਦੀ ਚਰਨਧੂੜ ਉਡ ਕੇ ਉਸ ਦੀ ਪਤਨੀ ਦੀਆਂ ਅੱਖਾਂ ਵਿਚ ਜਾ ਪਈ, ਉਸ ਦੀਆਂ ਕਹਾਣੀਆਂ ਹਰ ਕਿਸੇ ਦੀ ਜ਼ਬਾਨ ਤੇ ਅਜੇ ਵੀ ਹਨ।

'ਦ੍ਰੋਪਤੀ' ਨਾਲ ਵਿਆਹ ਕਰਾਣ ਤੋਂ ਪਹਿਲਾਂ ਚਰਨ ਦਾਸ ਕਿਸੇ ਦੇ ਇਸ਼ਕ ਵਿਚ ਬੇਹਾਲ ਸੀ। 'ਜਦੋਂ ਉਸ ਦੀ ਪਤਨੀ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਹ ਕਾਨੂੰਨੀ ਤੌਰ ਤੇ ਚਰਨ ਦਾਸ ਦੇ ਚਰਨਾ ਦੀ ਦਾਸੀ ਸੀ। ਹੁਣ ਛੁੱਟ ਮਿੰਨਤਾਂ ਅਰਜੋਈਆਂ ਤੋਂ ਉਸ ਅਗੇ ਹੋਰ ਕੋਈ ਚਾਰਾ ਨਹੀਂ ਸੀ। ਤੇ ਚਰਨ ਦਾਸ ਹਿੰਦੂ

ਧਰਮ ਦੀ ਮਰਯਾਦਾ ਨਿਭਾਣ ਲਈ ਮਜਬੂਰ ਸੀ। ਉਸ ਦੀ ਪਤਨੀ ਇਸੇ ਦੁਖੋਂ ਦਿਲ ਦੀ ਰੋਗਣ ਬਣ ਗਈ। ਗੁੱਸੇ ਵਿਚ ਉਹ ਆਪੇ ਤੇ ਕਾਬੂ ਨਾ ਰੱਖ ਕੇ ਹਰ ਵੇਲੇ ਅੱਗ ਉਗਲਦੀ ਰਹਿੰਦੀ।

ਚਰਨ ਦਾਸ ਦਿਨ ਰਾਤ ਰੱਬ ਅਗੇ ਅਰਜੋਈਆਂ ਕਰਦਾ ਕਿ ਕਦੋਂ ਉਸ ਨੂੰ ਦ੍ਰੋਪਤੀ ਤੋਂ ਛੁਟਕਾਰਾ ਮਿਲੇ। ਪਰ ਉਸ ਦੀ ਉਮਰ ਦਾ ਧਾਗਾ ਲੰਮਾ ਹੀ ਹੁੰਦਾ ਚਲਾ ਗਿਆ।

ਇਸੇ ਵਿਚਾਲੇ ਕਰਮੇਂ ਵਾਲੀ ਘਟਨਾ ਘਟ ਗਈ। ਮਾਨੋਂ ਉਸ ਦੀਆਂ ਸੱਤਾਂ ਪੁਸ਼ਤਾਂ ਦੇ ਸਿਰ ਵਿਚ ਘੱਟੇ ਦਾ ਬੁੱਕ ਆ ਪਿਆ। ਉਸਨੇ ਪ੍ਰਣ ਕਰ ਲਿਆ ਕਿ ਉਹ ਜਿਉਂਦੇ ਜੀ ਓਸ ਕਲੰਕਣੀ ਭੈਣ ਨੂੰ ਮੱਥੇ ਨਹੀਂ ਲਾਏਗਾ। ਆਪਣੇ ਖਾਨਦਾਨ ਦੀ ਇਜ਼ਤ ਖਾਤਰ ਉਸ ਨੇ ਇਹ ਪ੍ਰਣ ਲੈ ਕੇ ਦਲੇਰਾਨਾ ਕਦਮ ਪੁਟਿਆ।

**********

# 3.

ਪੇਕੇ ਘਰ ਨਾਲੋਂ ਸਦਾ ਲਈ ਨਾਤਾ ਤੋੜ ਕੇ ਕਰਮੋਂ ਨੇ ਜਿਸ ਵਿਅਕਤੀ ਦੀ ਛੱਤ ਹੇਠ ਸਿਰ ਜਾ ਲੁਕਾਇਆ ਉਹ ਨਾ ਤਾਂ ਉਸ ਦਾ ਹਾਣ ਪਰਵਾਣ ਸੀ ਨਾ ਹੀ ਉਸ ਦੀ ਆਰਥਕ ਹਾਲਤ ਚੰਗੀ ਸੀ। ਪਰ ਜਿਸ ਦੇ ਘਰ ਨੂੰ ਅੱਗ ਲਗੀ ਹੋਈ ਹੋਵੇ ਕੀ ਉਸ ਨੂੰ ਇਹ ਘੋਖਣ ਦੀ ਵਿਹਲ ਜਾਂ ਹੋਸ਼ ਹੁੰਦੀ ਹੈ ਕਿ ਅੱਗ ਬੁਝਾਣ ਵਾਲਾ ਚੰਗਾ ਹੈ ਜਾਂ ਭੈੜਾ? ਅਥਵਾ ਪਾਣੀ ਗੰਦਾ ਹੈ ਜਾਂ ਸਾਫ਼?

ਕਰਮੋਂ ਦੇ ਦੂਜੇ ਪਤੀ ਦਾ ਨਾਂ 'ਰਾਮਦਿੱਤਾ ਮਲ' ਸੀ। ਪਰ ਉਹ 'ਦਿੱਤਾ ਕੂੰਜੜਾ' ਕਰਕੇ ਜਾਣਿਆ ਜਾਂਦਾ ਸੀ। ਕਸਬਾ ਜਸੋਵਾਲ ਵਿਚ ਉਸ ਦੀ ਸਾਗ ਸਬਜ਼ੀ ਦੀ ਮਾੜੀ ਜਿਹੀ ਦੁਕਾਨ ਸੀ। ਸੰਗਰੂਰ ਤੋਂ ਕੁਲ ਚਾਲ੍ਹੀ ਮੀਲ ਤੇ ਇਸ ਕਸਬੇ ਵਿਚ ਲਾਲਾ ਈਸ਼ਰ ਦਾਸ ਦੀ ਭੈਣ ਇਕ ਕੰਗਾਲ ਜਿਹੇ ਆਦਮੀ ਦੇ ਘਰ ਉਧਲ ਕੇ ਆ ਬੈਠੀ ਸੀ। ਪਰ ਉਸ ਦੀ ਬਲਾ ਨੂੰ। ਜਿਸ ਭੈਣ ਨੂੰ ਗਲੋਂ ਲਾਹੁਣ ਲਈ ਉਹ ਹਰ ਵੇਲੇ ਗੋਤਿਆਂ ਵਿਚ ਪਿਆ ਰਹਿੰਦਾ ਸੀ। ਉਹ ਕੰਮ ਏਨਾ ਸੌਖਾ ਹੋ ਗਿਆ ਸੀ। ਇਸ ਪੱਖੋਂ ਤਾਂ ਦੋਵੇਂ ਪਤੀ ਪਤਨੀ ਦਿਲ ਵਿਚ ਦਿੱਤਾ ਕੁੰਜੜੇ ਦਾ ਧੰਨਵਾਦ ਹੀ ਕਰਦੇ ਹੋਣਗੇ।

ਸੁਭਾ ਦਾ ਕੱਬਾ ਜਿਹਾ ਸੀ ਦਿੱਤੂ ਕੂੰਜੜਾ। ਸ਼ਾਇਦ ਸਦੀਵੀ ਕੰਗਾਲੀ ਕਾਰਨ ਜਾਂ ਜਮਾਂਦਰੂ ਤੌਰ ਤੇ ਹੀ ਉਹ ਇਹੋ ਜਿਹਾ ਸੀ। ਸੁਕ ਭਰੂੜਾ ਜਿਹਾ ਸਰੀਰ, ਮੈਲਾ ਘਿਚਲਿਆ ਪਹਿਰਾਵਾ, ਅੱਖਾਂ ਇੰਜ ਜਿਵੇਂ ਹੁਣੇ ਸੁੱਤਾ ਉਠਿਆ ਹੋਵੇ। ਕਰੜ ਬਰੜੀ ਤੇ ਅੱਧ-ਕੁਤਰੀ ਦਾੜ੍ਹੀ ਕਾਰਨ ਉਹ ਮੁਸਲਮਾਨ ਲਗਦਾ। ਸਬਜ਼ੀ ਦੀ ਦੁਕਾਨ ਅਬਾਦੀ ਤੋਂ ਦੂਰ ਹੋਣ ਕਰਕੇ ਉਸ ਦੀ ਵਿਕਰੀ ਐਵੇਂ ਨਾ-ਮਾਤਰ ਹੀ ਸੀ। ਥੋੜ੍ਹੇ ਤੋਂ ਥੋੜ੍ਹਾ ਸੌਦਾ ਵੀ ਗਲਦਾ ਸੜਦਾ ਰਹਿੰਦਾ। ਪਾਣੀ ਪਾ ਪਾ ਤੇ ਪੱਤੇ ਲਾਹ ਲਾਹ ਉਹ ਸਬਜ਼ੀ ਨੂੰ ਬਚਾਣ ਦਾ ਯਤਨ ਕਰਦਾ, ਪਰ ਨਿਸਫਲ। ਉਤੋਂ ਚੂਹਿਆਂ ਦਾ ਲਾਮ ਲਸ਼ਕਰ ਰਾਤੀਂ ਸਬਜ਼ੀ ਕੁਤਰ ਕੁਤਰ ਕੇ ਸਤਿਆ ਨਾਮ ਕਰ ਜਾਂਦਾ।

ਚੂਹੇ ਫੜਨ ਤੇ ਮਾਰਨ ਦੇ ਉਸ ਦੇ ਸਾਰੇ ਯਤਨ ਨਾਕਾਮ ਰਹੇ ਨਾ ਹੀ ਉਹ ਚੂਹੇ ਦੇ ਪਿੰਜਰੇ ਵਿਚ ਫਸਦੇ ਤੇ ਨਾ ਹੀ ਖ਼ਤਮ ਹੁੰਦੇ। ਅੰਤ ਉਸ ਨੇ ਚੂਹੇ ਮਾਰਨ ਦੀ ਗੋਲੀਆਂ ਦੀ ਵਰਤੋਂ ਕੀਤੀ। ਨਤੀਜਾ ਇਹ ਹੋਇਆ ਕਿ ਗੋਲੀਆਂ ਖਾਣ ਤੋਂ ਬਾਅਦ ਚੂਹੇ ਦੁਕਾਨ ਦੀਆਂ ਐਸੀਆਂ ਗੁੱਠਾਂ ਖੋਜਾਂ ਵਿਚ ਜਾ ਕੇ ਪ੍ਰਾਣ ਤਿਆਗਦੇ ਜਿਥੋਂ ਉਨ੍ਹਾਂ ਦੀਆਂ ਲਾਸ਼ਾਂ ਨੂੰ ਲਭਣਾ ਦਿੱਤੇ ਲਈ ਇਕ ਸਮੱਸਿਆ ਬਣ ਗਈ. ਦੁਕਾਨ ਵਿਚ ਇਤਨੀ ਬਦਬੋ ਫੈਲਣੀ ਸ਼ੁਰੂ ਹੋ ਜਾਂਦੀ ਕਿ ਦੁਕਾਨ ਅਗੇ ਕਿਸੇ ਦਾ ਖਲ੍ਹੋਣਾ ਤੇ ਕਿਤੋ ਰਿਹਾ, ਲੰਘਣਾ ਵੀ ਮੁਸ਼ਕਲ ਹੋ ਜਾਂਦਾ। ਫਲਸਰੂਪ ਜਿਹੜੀ ਮਾੜੀ-ਮੋਟੀ ਗਾਹਕੀ ਸੀ, ਉਹ ਵੀ ਖੁਰਨੀ ਸ਼ੁਰੂ ਹੋ ਜਾਂਦੀ।

ਮੁਰਦਾ ਚੂਹਿਆਂ ਨੂੰ ਲੱਭਣ ਲਈ ਉਹ ਦੁਕਾਨ ਵਿਚਲਾ ਸਾਰਾ ਕਬਾੜ ਖਾਨਾ ਬਾਹਰ ਕਢਦਾ ਤਾਂ ਚੂਹਿਆਂ ਦੇ ਦੋ ਚਾਰ ਸੁਕੜਾਠੇ ਹੋਏ ਪਿੰਜਰ ਉਸ ਨੂੰ ਲੱਭੇ ਹੀ ਪੈਂਦੇ।

ਦਿੱਤੇ ਕੂੰਜੜਾ-ਕੱਲੀ ਕਾਰੀ ਜਿੰਦ, ਨਾ ਕੋਈ ਸਾਥ ਨਾ ਕੋਈ ਆਸ। ਸ਼ਾਮੀਂ ਕਿਤੇ ਢਾਬੇ ਤੋਂ ਦੋ ਰੋਟੀਆਂ ਨਿਗਲ ਕੇ ਰਾਤੀ ਘਰ ਜਾ ਕੇ ਪੈ ਰਹਿੰਦਾ।

ਰਾਮਦਿੱਤਾ ਨੇ ਪਹਿਲੀ ਪਤਨੀ ਨਾਲ ਕੁਝ ਦਿਨ ਸੁਖ ਦੇ ਵੀ ਗੁਜ਼ਾਰੇ ਸਨ। ਮਨ ਮਰਜ਼ੀ ਦੇ ਸਾਥ ਕਾਰਨ ਉਹ ਅਜ ਵਰਗਾ ਗੁਸੈਲਾ ਤੇ ਸੜੀਅਲ ਸੁਭਾਅ ਦਾ ਨਹੀਂ ਸੀ। ਪਰ ਘਰ ਵਾਲੀ ਦਾ ਸਾਥ ਕੀ ਨਿਖੁਟਿਆ, ਇਸ ਦੀ ਜ਼ਿੰਦਗੀ ਦਾ ਘੜਾ ਹੀ ਮੂਧਾ ਹੋ ਗਿਆ।

ਉਮਰ ਪੱਖੋਂ ਤੇ ਦੂਜਾ ਆਰਥਕ ਹਾਲਤ ਪੱਖੋਂ ਹੋਰ ਵਿਆਹ ਕਰਾਣ ਦਾ ਅਭਾਵ ਉਸ ਨੂੰ ਹੋਰ ਦੁਖੀ ਕਰਦਾ। ਉਤੋਂ ਸੰਤਾਨ ਦੀ ਅਣਹੋਂਦ ਕਾਰਨ ਵੀ ਉਹ ਝੂਰਦਾ ਰਹਿੰਦਾ ਤੇ ਏਸੇ ਅਭਾਵ ਦੀ ਪੂਰਤੀ ਲਈ ਉਸ ਨੇ ਹੱਥ ਪੈਰ ਮਾਰਨੇ ਜਾਰੀ ਰਖੇ। ਕੋਈ ਉੜੀ ਥੁੜੀ ਵਿਧਵਾ ਹੀ ਲਭ ਪਵੇ ਤਾਂ ਇਸ ਵਿਚ ਕੀ ਮਾੜਾ ਹੈ । ਧੌਲਿਆਂ ਨੂੰ ਲੁਕਾਣ ਦਾ ਯਤਨ ਵੀ ਉਹ ਇਸੇ ਆਸ ਤੇ ਕਰਦਾ।

ਅਖ਼ੀਰ ਕਿਸੇ ਚਤੁਰ ਵਿਚੋਲਣ ਦੀ ਕਿਰਪਾ ਨਾਲ ਉਸ ਨੂੰ ਕਰਮੇਂ ਦਾ ਸਾਥ ਪ੍ਰਾਪਤ ਹੋ ਗਿਆ ਜਿਹੜੀ ਪਿਛਲੱਗ ਸੰਤਾਨ ਵਜੋਂ ਮੰਨੀ ਵੀ ਨਾਲ ਲੈਂਦੀ ਆਈ ਸੀ, ਰਾਮਦਿੱਤਾ ਧੰਨ ਹੋ ਉਠਿਆ। ਉਸ ਦੀਆਂ ਆਸਾਂ ਨੂੰ ਬੂਰ ਪਿਆ। ਘਰ

ਦੀ ਪੱਕੀ ਰੋਟੀ ਖਾਧਿਆਂ ਉਸ ਨੂੰ ਜੁਗ ਬੀਤ ਗਏ ਸਨ। ਤਿੰਨੋ ਵੇਲੇ ਸਜਰੀ ਰੋਟੀ, ਉਤੋਂ ਪਤਨੀ ਦਾ ਪਿਆਰ ਝੂੰਗੇ ਵਿਚ ਤਾਂ ਏਦੂੰ ਵੱਡੀ ਭਾਗਸ਼ਾਲਤਾ ਕੀ ਉਸ ਦੇ ਸੁਪਨੇ ਵਿਚ ਵੀ ਆ ਸਕਦੀ ਹੈ।

ਪਰ ਕਰਮੋਂ ਦੀ ਕੁਛੜਲੀ ਹੱਡੀਆਂ ਦੀ ਮੁੱਠ ਜਿਹੀ ਮੁੰਨੀ ਉਸ ਨੂੰ ਫੁੱਟੀ ਅੱਖ ਨਹੀਂ ਭਾਈ। ਕੁੜੀ ਹਰ ਵੇਲੇ ਮਾਂ ਦੇ ਮੋਢੇ ਲਗੀ ਰੀਂ ਰੀਂ ਕਰਦੀ ਰਹਿੰਦੀ। ਨਿੱਤ ਦਿਨ ਉਸ ਨੂੰ ਵੀ ਬਿਮਾਰੀ-ਕਦੀ ਕਾਲੀ ਖੰਘ ਕਦੀ ਮਰੋੜ ਤੇ ਕਦੀ ਖਸਰਾ। ਕਰਮੇਂ ਹਰ ਵੇਲੇ ਡਾਕਟਰਾਂ ਹਕੀਮਾਂ ਵਲ ਭੱਜੀ ਰਹਿੰਦੀ ਪਰ ਬੀਮਾਰੀਆਂ ਵਿਚ ਵਾਧਾ ਹੀ ਹੁੰਦਾ ਗਿਆ। ਕਰਮੇਂ ਉਸ ਦੀ ਮਾਂ ਹੋਣ ਕਰਕੇ ਸਭ ਕੁਝ ਸਹਿੰਦੀ ਸੀ। ਪਰ ਰਾਮਦਿੱਤੇ ਦੀ ਉਹ ਕੀ ਲਗਦੀ ਸੀ। ਉਹ ਤਾਂ ਹਰ ਵੇਲੇ ਦਰਗਾਹੋਂ—ਉਸ ਲਈ ਮੌਤ ਹੀ ਮੰਗਦਾ। ਪਰ ਮੰਗਿਆਂ ਵੀ ਕਦੇ ਮੌਤ ਮਿਲਦੀ ਹੈ।

ਮੁਢਲਾ ਸਮਾਂ ਰਾਮਦਿੱਤੇ ਤੇ ਕਰਮੋਂ ਦਾ ਚੰਗਾ ਲੰਘਿਆ। ਮਗਰੋਂ ਛੇਤੀ ਹੀ ਇਹ ਦੰਪਤੀ ਪਿਆਰ ਫਿੱਕਾ ਪੈਣ ਲੱਗ ਪਿਆ।

ਪਤੀ ਪਤਨੀ ਵਿਚਾਲੇ ਖਿਚਾਓ ਦਾ ਅਸਲੀ ਕਾਰਨ ਮੁੰਨੀ ਹੀ ਸੀ। ਘਰ ਵਿਚ ਪੈਸੇ ਟਕੇ ਵਜੋਂ ਅਗੇ ਹੀ ਭੰਗ ਭੁਜਦੀ ਸੀ, ਉਤੋਂ ਮੁੰਨੀ ਦੀ ਬੀਮਾਰੀ ਦਾ ਖਰਚਾ। ਕਦੀ ਉਹ ਆਪਣੀ ਕਿਸਮਤ ਨੂੰ ਕੋਸਦਾ ਕਦੀ ਕਰਮੋਂ ਨੂੰ।

ਮੈਂ ਕਹਿੰਨਾ ਕਿ ਕਿਸੇ ਵੇਲੇ ਤੂੰ ਇਸ ਮੁਰਦੇ ਨੂੰ ਗਲੋਂ ਲਾਹਿਆ ਕਰ- ਮਰ ਜਾਏਗੀ ਤਾਂ ਕਿਧਰ ਦੀ ਪਰਲੋ ਆ ਜਾਏਗੀ ਆਦਿ।

ਬਥੇਰਾ ਕਲਪਦੀ ਕਰਮੋਂ। ਕਦੀ ਦੁਖੀ ਹਾਲਤ ਵਿਚ ਰੱਬ ਕੋਲੋਂ ਮੁੰਨੀ ਦਾ ਅਨਜਲ ਖ਼ਤਮ ਹੋਣ ਦੀਆਂ ਅਰਜੋਈਆਂ ਕਰਦੀ। ਪਰ ਮੁੰਨੀ ਨੇ ਨਾ ਮਰਨਾ ਸੀ ਨਾ ਮੰਜਾ ਛਡਣਾ ਸੀ।

ਸਮੇਂ ਨੇ ਇਕ ਹੋਰ ਪਲਸੇਟਾ ਮਾਰਿਆ। ਕਰਮੋਂ ਇਕ ਹੋਰ ਮੁੰਨੀ ਦੀ ਮਾਂ ਬਣ ਗਈ। ਰਾਮਦਿੱਤਾ। ਦੁਹੱਥੜ ਮਾਰ ਕੇ ਰਹਿ ਗਿਆ। ਉਹ ਤਾਂ ਪੁੱਤਰ ਦੀ ਆਸ ਤੇ ਬੈਠਾ ਸੀ। ਪੁੱਤਰ ਹੋ ਪੈਂਦਾ ਤਾਂ ਉਸ ਦੀ ਕੁਲ ਦਾ ਨਾਂ ਤੁਰਦਾ—ਉਸ ਦੇ ਬੁਢੇਪੇ ਦਾ ਠੁੱਮਣ ਬਣਦਾ, ਪਰ ਕਿਸਮਤ।

ਕਰਮੋਂ ਨੇ ਦੋਹਾਂ ਧੀਆਂ ਦਾ ਮਿਲਦਾ ਜੁਲਦਾ ਨਾਂ ਰ ਆ ਪ੍ਰੀਤੋ ਤੇ ਜੀਤੋ। ਇੰਜ ਸ਼ਾਇਦ ਦੋਹਾਂ ਦਾ ਪਿਆਰ ਬਣਿਆ ਰਹੇ। ਪਰ ਦੁਰਭਾਗ ਵੱਸ ਪਿਆਰ ਦੇ ਥਾਂ ਇਹ ਸੰਬੰਧ ਘੜੇ ਤੇ ਵੱਟੇ ਵਾਲਾ ਬਣ ਗਿਆ। ਜਿਉਂ ਜਿਉਂ ਦੋਵੇਂ ਭੈਣਾਂ ਵੱਡੀਆਂ ਹੁੰਦੀਆਂ ਗਈਆਂ ਉਹਨਾਂ ਵਿਚ ਸਕ-ਮਤਰੇਏ ਦੇ ਵਿਤਕਰੇ ਪੈਦਾ ਹੁੰਦੇ ਗਏ ਤੇ ਫੇਰ ਏਸੇ ਸਕ-ਮਤਰਏ ਨੇ ਈਰਖਾ, ਸਾੜੇ ਦੁਜਾਇਗੀ ਤੇ ਮੇਰ ਤੇਰ ਦਾ ਰੂਪ ਧਾਰਨ ਕਰ ਲਿਆ। ਪਰ ਇਹ ਸੌਦਾ ਮਹਿੰਗਾ ਪਿਆ ਪ੍ਰੀਤੋ ਨੂੰ ਤੇ ਸਸਤਾ ਪਿਆ ਜੀਤੋ ਨੂੰ। ਪ੍ਰੀਤੋ ਨਿਰੀ ਮਾਂ ਦੇ ਪਾਰੋਂ ਸੱਕੀ ਸੰਤਾਨ ਸੀ ਪਰ ਜੀਤੋ ਮਾਂ ਤੇ ਪਿਓ ਦੋਹਾਂ ਦੇ ਪਾਰੋਂ ਇਸ ਤੋਂ ਛੁੱਟ ਜੀਤੋ ਸੁਹਣੀ ਤੇ ਮੂੰਹ ਹੱਥ ਲਗਦੀ ਸੀ, ਕਦ ਕਾਠ ਨਰੋਆ ਤੇ ਸੁਭਾਅ ਵਲੋਂ ਵੀ ਕਾਫ਼ੀ ਹਸਮੁਖ। ਪਰ ਪ੍ਰੀਤੋ ਅਤਿ ਦਰਜੇ ਦੀ ਜਿੱਦਲ ਤੇ ਰੋਂਦੂ, ਸੁਕੀ ਸੜੀ ਤੇ ਬਦਸੂਰਤ।

ਰਾਮਦਿੱਤਾ ਆਪਣੀ ਸੰਤਾਨ ਨੂੰ ਰੱਜ ਕੇ ਲਾਡ ਪਿਆਰ ਕਰਦਾ ਪਰ ਪ੍ਰੀਤੋ ਨਾਲ ਉਸ ਹਮੇਸ਼ਾਂ ਹੀ ਮਤਰੇਆਂ ਵਾਲਾ ਸਲੂਕ ਕੀਤਾ। ਪ੍ਰੀਤੋ ਉਸ ਨੂੰ ਆਰੰਭ ਤੋਂ ਹੀ ਮਥਿਉਂ ਦੁਖਦੀ ਸੀ।

ਮਾਵਾਂ ਨੂੰ ਲੋਕੀਂ ਠੰਡੀਆਂ ਛਾਵਾਂ ਇਸੇ ਕਰਕੇ ਕਹਿੰਦੇ ਹਨ ਕਿ ਉਹਨਾਂ ਦੀ ਵਾਤਸਲ ਛਾਂ ਬਚਿਆਂ ਦੇ ਵਧਣ ਫੁਲਣ ਵਿਚ ਸਹਾਈ ਹੁੰਦੀ ਹੈ। ਪਰ ਕੁਦਰਤ ਦੇ ਇਸ ਨਿਯਮ ਦੇ ਬਾਵਜੂਦ ਵੀ ਪ੍ਰੀਤੋ ਦਿਨੋ ਦਿਨ ਸੁਕਦੀ ਜਾ ਰਹੀ ਸੀ। ਤੇ ਜੀਤੋ ਦਾ ਸਰੀਰ ਲਗਰ ਵਾਂਗ ਵਧ ਰਿਹਾ ਸੀ। ਪਰ ਵਿਚਾਰੀ ਮਾਂ ਦਾ ਇਸ ਵਿਚ ਕੀ ਦੋਸ਼ ਸੀ। ਧੀ ਹੀ ਬਦਨਸੀਬ ਲੇਖ ਮੱਥੇ ਵਿਚ ਲਿਖਾ ਕੇ ਆਈ ਹੋਵੇ ਕਰਮੋਂ ਧੀ ਦੀ ਚਿੰਤਾ ਵਿਚ ਘੁਲਦੀ ਜਾ ਰਹੀ ਸੀ। ਦਿਨੇ ਰਾਤ ਉਹ ਇਹਨਾਂ ਹੀ ਗੋਤਿਆਂ ਵਿਚ ਪਈ ਰਹਿੰਦੀ " ਕੌਣ ਗਲ ਵਿਚ ਪਾਣ ਨੂੰ ਤਿਆਰ ਹੋਵੇਗਾ ਇਸ ਹੱਡੀਆਂ ਦੀ ਮਾਲਾ ਨੂੰ? ਕੀ ਸਾਰੀ ਉਮਰ ਪ੍ਰੀਤੋ ਨੂੰ ਕੁਆਰਿਆਂ ਹੀ ਰਹਿਣਾ ਪਵੇਗਾ। ਤੇ ਜੇ ਸਚੀ ਮੁਚੀ ਇਵੇਂ ਹੀ ਹੋਇਆ ਤਾਂ ਇਹ ਨਿਕਰਮਣ ਵੀ ਕੀ ਮੇਰੇ ਵਾਂਗ ਦਰ ਦਰ ਦੇ ਧਕਿਆਂ ਜੋਗੀ ਰਹਿ ਜਾਏਗੀ।"

ਏਸੇ ਵਿਚਾਲੇ ਕਰਮੋਂ ਦਾ ਧਿਆਨ ਅਜੇਹੀਆਂ ਬਦਨਸੀਬ ਕੁੜੀਆਂ ਵਲ ਗਿਆ ਜਿਹੜੀਆਂ ਪੜ੍ਹ ਲਿਖ ਕੇ ਕੋਈ ਨੌਕਰੀ ਕਰਕੇ ਆਰਾਮ ਨਾਲ ਜ਼ਿੰਦਗੀ

ਕਟਦੀਆਂ ਨੇ।" ਮੈਂ ਵੀ ਜੇ ਕਦੀ ਪੜ੍ਹੀ ਲਿਖੀ ਹੁੰਦੀ ਤਾਂ ਮੌਜੂਦਾ ਸੁਹਾਗ ਨਾਲੋਂ ਤਾਂ ਕਿਤੇ ਚੰਗੀ ਹੁੰਦੀ।

ਇਸ ਕਿਸਮ ਦੀਆਂ ਸੋਚਾਂ ਵਿਚ ਭਟਕਦੀ ਉਸ ਦੀ ਸੋਚ ਮੁੜ ਪ੍ਰੀਤ ਉਤੇ ਆ ਟਿਕਦੀ। ਉਹ ਇਸ ਨਤੀਜੇ ਤੇ ਪਹੁੰਚਦੀ 'ਕੁਝ ਵੀ ਹੋਵੇ, ਮੈਂ ਇਸ ਨੂੰ ਪੜ੍ਹਾਵਾਂਗੀ ਜ਼ਰੂਰ, ਅਗੇ ਇਸ ਦੇ ਭਾਗ।

ਪ੍ਰੀਤੋ ਮਤਰੇਏ ਪਿਓ ਵਲੋਂ ਤ੍ਰਿਸਕਾਰ ਸਹਿ ਸਹਿ ਕੇ ਪਹਿਲਾਂ ਨਾਲੋਂ ਵੀ ਵਧੇਰੇ ਕੁਰੂਪ ਹੋ ਗਈ ਸੀ। ਜੀਤੋ ਪ੍ਰਤੀ ਉਸ ਦਾ ਬੇਓੜਕ ਪਿਆਰ ਪਰ ਪ੍ਰੀਤ ਨੂੰ "ਨਹਿਸ਼ੇ, ਕਲਮੂੰਹੀਏ, ਸਿਰਮੁੰਨੀਏ ਆਦਿ ਭਾਸ਼ਾ ਨਾਲ ਸੰਬੋਧਨ ਕਰਦਾ। ਕਈ ਵਾਰੀ ਪ੍ਰੀਤੋ ਦਾ ਪੱਖ ਲੈਣ ਦੇ ਕਾਰਨ ਪਤੀ ਪਤਨੀ ਵਿਚ ਮਹਾਂਭਾਰਤ ਸ਼ੁਰੂ ਹੋ ਜਾਂਦਾ। ਕਿਤਨੀ ਤਰਸਯੋਗ ਹਾਲਤ ਹੁੰਦੀ ਹੋਵੇਗੀ ਉਸ ਘਰ ਦੀ ਜਿਥੇ ਇਕ ਪਾਸੇ ਭੈਣਾਂ ਭੈਣਾਂ ਗੁਤੇ-ਹਥੀ ਹੁੰਦੀਆਂ ਹੋਣ ਤੇ ਦੂਜੇ ਪਾਸੇ ਪਤੀ ਪਤਨੀ ਵਿਚਾਲੇ ਛਿਤਰੀ ਦਾਲ ਵੜੀਂਦੀ ਹੋਵੇ।

ਅੱਜ ਦੇ ਜ਼ਮਾਨੇ ਵਿਚ 'ਰੱਬ' ਤੋਂ ਦੂਸਰਾ ਦਰਜਾ ਆਰਥਕਤਾ ਦਾ ਮੰਨਿਆ ਜਾਂਦਾ ਹੈ। ਪਰ ਕਈ ਵਾਰੀ ਆਰਥਕ ਪਹਿਲੂ ਵਧੇਰੇ ਮਹੱਤਵਪੂਰਣ ਹੁੰਦਾ ਹੈ। ਰਾਮਦਿੱਤਾ ਵੀ ਜਦੋਂ ਮਾੜਾ ਬੰਦਾ ਨਹੀਂ ਸੀ।

ਮਿਠ-ਬੋਲਾ ਤੇ ਮਿਲਵਰਤਨੀ ਕਿਸਮ ਦਾ ਬੰਦਾ ਸੀ। ਪਰ ਗ਼ਰੀਬੀ ਦੀ ਮਾਰ ਨੇ ਉਸ ਨੂੰ ਹੱਦ ਦਰਜੇ ਦਾ ਚਿੜਚਿੜਾ ਤੇ ਸਵਾਰਥੀ ਬਣਾ ਦਿੱਤਾ ਸੀ। ਇਸੇ ਕਾਰਣ ਉਹ ਖਰਚੇ ਤੋਂ ਡਰਦਾ ਪ੍ਰੀਤੋ ਨੂੰ ਸਕੂਲ ਭੇਜਣ ਦੇ ਹੱਕ ਵਿਚ ਨਹੀਂ ਸੀ। ਪ੍ਰੀਤੋ ਦੀ ਪੜ੍ਹਾਈ ਦੇ ਮਾਮਲੇ ਨੂੰ ਲੈ ਕੇ ਪਤੀ ਪਤਨੀ ਦਾ ਝਗੜਾ ਗਾਲੀ-ਗਲੋਚ ਤੋਂ ਅਗੇ ਵਧਦਾ ਮਾਰਕੁਟਾਈ ਤਕ ਜਾ ਪਹੁੰਚਦਾ ਸੀ।

ਛੇਕੜ ਕਰਮੇ ਦੇ 'ਤ੍ਰਿਆ ਹੱਠ ਅਗੇ ਰਾਮਦਿੱਤੇ ਨੂੰ ਹਾਰ ਮੰਨਣੀ ਪਈ। ਪਰ ਉਸ ਨੇ ਇਕ ਸ਼ਰਤ ਇਹ ਰਖੀ ਕਿ ਪ੍ਰੀਤੋ ਤੇ ਜੀਤੋ ਦੋਵੇਂ ਹੀ ਸਕੂਲ ਜਾਣਗੀਆਂ।

"ਜੰਮ ਜੰਮ ਜਾਏ। ਕਰਮੋਂ ਨੇ ਆਪਣੀ ਦੂਹਰੀ ਸਫਲਤਾ ਤੋਂ ਪ੍ਰਭਾਵਿਤ ਹੋ ਕੇ ਕਿਹਾ। ਪਹਿਲਾਂ ਜੀਤੋ ਤੇ ਪ੍ਰੀਤੋ ਮਗਰੋਂ।"
ਤੇ ਉਸ ਦਿਨ ਤੋਂ ਦੋਹਾਂ ਭੈਣਾਂ ਨੇ ਸਕੂਲ ਜਾਣਾ ਸ਼ੁਰੂ ਕੀਤਾ।

*****

## 4.

ਪ੍ਰੀਤੋ ਸਮਝਦਾਰ ਤੇ ਚੇਤੰਨ ਹੋਣ ਕਾਰਨ ਪੜ੍ਹਾਈ ਵਿਚ ਚੰਗੀ ਚਲ ਪਈ। ਪਰ ਉਸ ਦਾ ਇਹ ਗੁਣ ਬਹੁਤ ਸਾਰੇ ਅੰਗੁਣਾਂ ਕਾਰਨ ਅਣਗੌਲਿਆ ਰਹਿ ਜਾਂਦਾ।

ਸਭ ਤੋਂ ਪ੍ਰਮੁੱਖ ਭੈੜ ਉਸ ਵਿਚ ਇਹ ਸੀ ਕਿ ਉਹ ਹਰ ਵੇਲੇ ਆਪਣੇ ਪਿਉ ਦੇ ਪੱਖ-ਪਾਤੀ ਰਵੱਈਏ ਕਾਰਨ ਸੜਦੀ ਕ੍ਰਿਝਦੀ ਰਹਿੰਦੀ, ਜਿਹੜਾ ਹਰ ਗਲੋਂ ਜੀਤੋ ਨੂੰ ਉਚੇ ਤੇ ਉਸ ਨੂੰ ਨੀਵੇਂ ਥਾਂ ਗਿਣਦਾ ਸੀ। ਉਹ ਖਿਝਦੀ ਕਿ ਉਸ ਕੋਲੋਂ ਕਿਹੜੀ ਅਜੇਹੀ ਖੁਨਾਮੀ ਹੋ ਗਈ ਹੈ ਜੇ ਉਸ ਨੂੰ ਉਸ ਦਾ ਪਿਉ ਹਰ ਵੇਲੇ ਵਧੂ ਖਾਉ ਕਰਦਾ ਰਹਿੰਦਾ ਸੀ।

ਪਿਉ ਦੀ ਦਿਨ-ਪ੍ਰਤੀ-ਦਿਨ ਵਧਦੀ ਬਦ-ਸਲੂਕੀ ਕਾਰਨ ਪ੍ਰੀਤ ਦੀਆਂ ਨਾੜਾਂ ਵਿਚ ਲਹੂ ਦੇ ਥਾਂ ਤੇਜਾਬ ਭਰਿਆ ਗਿਆ। ਇਹ ਤੇਜ਼ਾਬ ਉਸ ਨੂੰ ਅੰਦਰੋਂ ਅੰਦਰ ਗਾਲੀ ਜਾ ਰਿਹਾ ਸੀ। ਜਦੋਂ ਕਰਮੇ ਪ੍ਰੀਤੇ ਦੇ ਪੱਖ ਵਿਚ ਕੁਝ ਉਭਾਸਰਦੀ ਤਾਂ ਰਾਮਦਿੱਤੇ ਦੀ ਕਰਮੋਂ ਨਾਲ ਬਦਸਲੂਕੀ ਹੋਰ ਵੀ ਵਧ ਜਾਂਦੀ। ਇਸ ਦੇ ਪ੍ਰਤਿਕਰਮ ਵਜੋਂ ਪ੍ਰੀਤੋ ਦੀ ਰਗ ਰਗ ਜਿਵੇਂ ਬਰੂਦ ਦੇ ਪਲੀਤੇ ਬਣ ਕੇ ਰਹਿ ਜਾਂਦੀ, ਜਿੰਨਾ ਹੀ ਪਿਉ ਉਸ ਨੂੰ ਕਿਸੇ ਗਲੋਂ ਵਰਜਦਾ, ਉਹ ਸਗੋਂ ਜਾਣ ਬੁਝ ਕੇ ਓਹੀ ਕਰਦੀ। ਜਿਸ ਦੇ ਬਦਲੇ ਉਹ ਗਾਲ੍ਹਾਂ ਖਾਦੀ ਜਾਂਦੀ, ਧੌਲ ਧੱਪਾ ਸਹੀ ਜਾਂਦੀ ਤੇ ਓਵੇਂ ਹੀ ਮੂੰਹ ਵਿਚ ਬੁੜ ਬੁੜ ਕਰੀ ਜਾਂਦੀ। ਉਸ ਦਾ ਦੀਠਪੁਣਾ ਸ਼ਾਇਦ ਉਸ ਸੀਮਾ ਤੱਕ ਪਹੁੰਚ ਚੁੱਕਾ ਸੀ, ਜਿਥੇ ਪਹੁੰਚ ਕੇ ਬੰਦਾ ਸਭ ਕਾਸੇ ਨੂੰ ਝਾਗ ਖਲੋਂਦਾ ਹੈ। ਜਿਵੇਂ ਪਿਉ ਦੀਆਂ ਗਾਲ੍ਹਾਂ ਤੇ ਮਾਰ ਉਸ ਦੀ ਖੁਰਾਕ ਦਾ ਹਿੱਸਾ ਬਣ ਗਈਆਂ ਹੋਣ।

ਪਿਉ ਤੋਂ ਛੁੱਟ ਜੀਤੇ ਵੀ ਉਸਦੇ ਦਿਲ ਦਾ ਨਾਸੂਰ ਸੀ, ਜਿਹੜੀ ਪ੍ਰੀਤੋ ਨੂੰ ਕੁਟਾਪਾ ਚੜ੍ਹਾਨ ਸਮੇਂ ਫੁਲੀ ਨਾ ਸਮਾਂਦੀ। ਉਸ ਦਾ ਜੀ ਕਰਦਾ ਕਿਤੇ ਜ਼ਹਿਰ ਦੀ ਪੁੜੀ ਜਾਂ ਤੇਜ਼ ਧਾਰ ਛੁਰਾ ਉਸ ਦੇ ਹੱਥ ਆਏ ਤੇ ਉਹ ਜੀਤੇ ਦਾ ਘੋਗਾ ਚਿੱਤ ਕਰ ਦੇਵੇ। ਪਰ ਮਾਰ ਮੁਕਾਵਣ ਦੇ ਮਨਸੂਬੇ ਬਨਾਉਣੇ ਹੋਰ ਗਲ ਹੈ ਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣਾ ਹੋਰ। ਛੇਕੜ ਪ੍ਰੀਤੋ ਨੇ ਜੀਤੇ ਨੂੰ ਸਤਾਣ ਵਿਚ ਹੀ ਆਪਣੀ ਹਿੰਸਕ ਪ੍ਰਵਿਰਤੀ ਦਾ ਹੱਲ ਲੱਭ ਲਿਆ। ਭਾਵੇਂ ਇਸ ਦੇ ਬਦਲੇ ਪਿਉ ਪਾਸੋਂ ਉਸ ਨੂੰ ਕਿੰਨੇ ਵੀ ਤਸੀਹੇ ਕਿਉ ਨਾ ਸਹਿਣੇ ਪੈਣ।

ਜੀਤੋ ਨੂੰ ਸਤਾਣ ਲਈ ਉਹ ਕਈ ਮਾੜੇ ਕੰਮ ਕਰਦੀ। ਜੀਤੇ ਜਿਥੋਂ ਝਾੜੂ ਦੇ ਕੇ ਹਟਦੀ ਪ੍ਰੀਤ ਓਥੇ ਕੂੜਾ ਖਲਾਰ ਦਿੰਦੀ। ਉਸ ਦੇ ਮਾਂਜੇ ਭਾਡਿਆ ਉਤੇ ਬੌਂਦਿਆਈ ਲਾ ਦਿੰਦੀ। ਉਸ ਦੇ ਕਪੜਿਆਂ ਨੂੰ ਦਾਗੀ ਕਰ ਦਿੰਦੀ। ਉਸ ਦੇ ਪਿਉ ਵਲੋਂ ਲਿਆਂਦੇ ਕਪੜਿਆਂ ਨੂੰ ਲੁਕਾ ਦਿੰਦੀ ਆਦਿ। ਜੀਤੇ ਦੁਖੀ ਹੋ ਕੇ ਪਿਉ ਅਗੇ ਸਕਾਇਤਾਂ ਕਰਦੀ ਰਹਿੰਦੀ ਜਿਸ ਦਾ ਡੰਨ ਪ੍ਰੀਤ ਨੂੰ ਅਵਸ਼ ਹੀ ਮਿਲਦਾ।

ਕਦੇ ਕਾਠ ਵਜੋਂ ਪ੍ਰੀਤੇ ਆਪਣੇ ਹਾਣ ਦੀਆਂ ਕੁੜੀਆਂ ਨਾਲੋਂ ਉਚੀ ਹੀ ਸੀ, ਪਰ ਕਮਜ਼ੋਰ ਸਰੀਰ ਕਾਰਨ ਉਹ ਹੋਰ ਵੀ ਉਚੀ ਲਗਦੀ। ਤੇ ਬਾਹਵਾਂ ਇੰਜ ਲਗਦੀਆਂ ਜਿਵੇਂ ਇਨ੍ਹਾਂ ਨੂੰ ਸੇਬੇ ਬੰਨ੍ਹ ਕੇ ਮੋਢਿਆਂ ਨਾਲ ਲਟਕਾਇਆ ਗਿਆ ਹੋਵੇ। ਰੰਗ ਗੋਰਾ ਹੋਣ ਦੇ ਬਾਵਜੂਦ ਵੀ ਚੇਹਰੇ ਤੇ ਪਿਲਤਣ ਵਾਦੀ ਹੋਈ, ਅੱਖਾਂ ਦੁਆਲੇ ਸਲੇਟੀ ਘੇਰੇ। ਅੱਖਾਂ ਹੇਠਲੇ ਢਿਲਕੇ ਮਾਸ ਕਾਰਨ ਹੋਰ ਵੀ ਕਸੋਹਣੀ ਲਗਦੀ। ਨਕਸ਼ ਨੁਹਾਰ ਏਨੀ ਮਾੜੀ ਨਹੀਂ, ਪਰ ਅੱਖਾਂ ਲੋੜ ਤੋਂ ਵਧ ਬਾਹਰ ਦੰਦਾਂ ਦੀ ਵਧੀ ਹੋਈ ਬੀੜ ਤੇ ਪਿਛੇ ਚੂਹੇ ਦੀ ਪੂਛਲ ਜਿੰਨੀ ਉਸ ਦੀ ਗੁੱਤ ਨੇ ਉਸ ਦੀ ਕਰੂਪਤਾ ਵਧਾਉਣ ਵਿਚ ਕੋਈ ਕਸਰ ਨਹੀਂ ਛੱਡੀ। ਬੋਲਦੀ ਤਾਂ ਲਗਦੀ ਜਿਵੇਂ ਬਕਰੀ ਜੁਗਾਲੀ ਕਰ ਰਹੀ ਹੋਵੇ।

ਬਾਹਰਲੀ ਵਜ੍ਹਾ ਕ੍ਰਤਾ ਵਾਂਗ ਪ੍ਰੀਤੋ ਦੀ ਅੰਦਰਲੀ ਮਸ਼ੀਨਰੀ ਵਿਚ ਵੀ ਕਈ ਪ੍ਰਕਾਰ ਦੀਆਂ ਅਸੁਭਾਵਕਤਾਵਾਂ ਸਨ। ਉਸ ਦਾ ਸੋਚਣ ਢੰਗ, ਸਮਝਣ ਸ਼ਕਤੀ ਆਪਮੁਹਾਰੇ ਬੋਲੀ ਜਾਣਾ, ਤੁਰਦੀ ਫਿਰਦੀ ਦੇ ਬੇਮੁਹਾਰੇ ਹੀ ਬੁਲ ਵਰਕਦੇ ਰਹਿੰਦੇ ਤੇ ਹੱਥਾਂ ਦੀਆਂ ਉਂਗਲਾਂ ਹਰਕਤ ਕਰਦੀਆਂ ਰਹਿੰਦੀਆਂ। ਕਦੀ ਕਦੀ ਤਾਂ

ਹੁਰੇ ਵਟ ਵਟ ਕੇ ਇਸ ਹਵਾ ਵਿਚ ਹਿਲਾਂਦੀ ਜਿਵੇਂ ਕਿਸੇ ਨਾਲ ਲੜ ਰਹੀ ਹੋਵੇ। ਇਸ ਤੋਂ ਛੋਟੇ ਬੁਲ੍ਹ ਟਕਦੇ ਰਹਿਣਾ, ਬੇਮਤਲਬ ਹੀ ਸਿਰ ਨੂੰ ਝਟਕ ਕੇ ਮੋਢਿਆਂ ਨੂੰ ਹਰਕਤ ਦੇਈ ਜਾਣੀ।

ਪ੍ਰੀਤੋ ਦੀਆਂ ਘਾਟਾਂ ਦੇ ਸਾਹਵੇ ਜੀਤੋ ਹਰ ਪੱਖੋਂ ਪੂਰੀ ਸੂਰੀ ਸੀ। ਉਸ ਦਾ ਰੰਗ ਰੂਪ ਕਾਫੀ ਨਿਖਰਵਾਂ, ਸਕੇਲ ਅੰਗ, ਚਿਹਰਾ ਮੋਹਰਾ ਦਿਲ-ਖਿਲਾਵਾਂ ਤੇ ਕੱਦ ਕਾਠ ਵੀ ਸਾਂਵਾਂ। ਦੋਹਾਂ ਲਈ ਇੱਕਠਿਆ ਸਕੂਲ ਜਾਣਾ ਪ੍ਰੀਤ ਲਈ ਅਸਹਿ ਹੋ ਜਾਂਦਾ ਤੇ ਉਹ ਕਈ ਵਾਰੀ ਉਸ ਕੋਲੋਂ ਨਿਖੜ ਜਾਇਆ ਕਰਦੀ।

ਸਕੂਲ ਜਾਣਾ ਪ੍ਰੀਤੋ ਨੂੰ ਚੰਗਾ ਲਗਦਾ, ਇਸ ਬਹਾਨੇ ਘਰ ਦੇ ਕਲੇਸ਼ ਤੋਂ ਉਹ ਚੋਖਾ ਸਮਾਂ ਬਾਹਰ ਰਹਿੰਦੀ। ਦੂਜਾ ਪੜ੍ਹਾਈ ਲਿਖਾਈ ਵਿਚ ਉਹ ਜੀਤੋ ਨਾਲੋਂ ਅਗੇ ਸੀ। ਜੀਤੋ ਕਦੀ ਜਮਾਤ ਵਿਚ ਹੀ ਟਿਕੀ ਰਹੀ ਤੇ ਪ੍ਰੀਤੋ ਨੂੰ ਪੱਕੀ ਜਮਾਤ ਵਿਚ ਕਰ ਦਿੱਤਾ ਗਿਆ। ਇਉਂ ਜੀਤੋ ਕੋਲੋਂ ਬਦਲਾ ਲੈਣ ਦਾ ਇਕ ਹਥਿਆਰ ਉਸ ਨੂੰ ਮਿਲ ਗਿਆ। ਇਸ ਲਈ ਉਸ ਨੇ ਪੂਰੀ ਲਗਨ ਨਾਲ ਖੂਬ ਡਟ ਕੇ ਮਿਹਨਤ ਕੀਤੀ। ਪਰ ਇਸ ਦੇ ਬਾਵਜੂਦ ਵੀ ਸਕੂਲ ਵਿਚ ਕੀ ਤੇ ਬਾਹਰ ਕੀ ਉਸ ਦੀ ਕੁਰੂਪਤਾ ਕਾਰਨ ਉਸ ਨੂੰ ਚਿੜਾਇਆ ਜਾਂਦਾ। ਉਸ ਉਤੇ ਟੀਕਾ-ਟਿੱਪਣੀ ਕੀਤੀ ਜਾਂਦੀ। ਅਜਿਹੇ ਵੇਲੇ ਉਸ ਦੀ ਭੈਣ ਵੀ ਦੂਜਿਆਂ ਨਾਲ ਜਾ ਰਲਦੀ।

ਪ੍ਰੀਤੋ ਕਰੇ ਤਾਂ ਕੀ ਕਰੇ। ਸਰੀਰਕ ਸੁੰਦਰਤਾ ਤੇ ਅਣਸੁਖਾਵੇਂ ਮਾਹੌਲ ਦੇ ਕਾਰਨ ਨਾ ਘਰ ਵਿਚ ਸੁਖ ਦਾ ਸਾਹ ਲੈਣਾ ਪੈਂਦਾ ਤੇ ਨਾ ਸਕੂਲ ਵਿਚ। ਕਦੇ ਕਦਾਈਂ ਉਹ ਕਿਸੇ ਕੁੜੀਆਂ ਦੀ ਜੁੰਡਲੀ ਨਾਲ ਖਹਿਬੜ ਵੀ ਪੈਂਦੀ, ਪਰ ਅਸਰ ਉਲਟਾ ਹੀ ਹੁੰਦਾ। ਅਜਿਹੇ ਵੇਲੇ ਪ੍ਰੀਤੋ ਅਧਮੋਈ ਸਪਣੀ ਵਾਂਗ ਵਿਚ ਵਿਚ ਵਿਸ ਘੋਲਦੀ ਰਹਿੰਦੀ। ਉਤੋਂ ਕੁੜੀਆਂ ਨੇ ਉਸ ਦੀ ਛੇੜ ਪਾ ਦਿੱਤੀ ਸੀ 'ਬਾਹਲੋਂ' ਤੇ ਇਕ ਦੂਜੀ ਦੀ ਰੀਸੇ ਕੁੜੀਆਂ ਤੇ ਉਸਤਾਦਨੀਆਂ ਤੇ ਉਸ ਦੀ ਆਪਣੀ ਭੈਣ ਵੀ ਉਸ ਨੂੰ ਬਾਲ੍ਹੋ ਸਦਣ ਲਗ ਪਈ। ਪ੍ਰੀਤੋ ਨੂੰ ਜਦ ਕੋਈ ਇਸ ਨਾਮ ਨਾਲ ਪੁਕਾਰਦਾ ਤਾਂ ਉਸ ਦੇ ਸੱਤੀਂ ਕਪੜੀਂ ਅੱਗ ਲਗ ਉਠਦੀ। ਉਸ ਦਾ ਜੀਅ ਕਰਦਾ ਜੁ ਕਹਿਣ ਵਾਲੀ ਨੂੰ ਕਚਿਆ ਖਾ ਜਾਵੇ। ਪ੍ਰੀਤੋ ਦੇ ਧੁਖਦੇ ਦਿਲ ਉਤੇ ਕਿਸੇ ਨੇ ਕੁਝ ਤੁਕਾਂ ਜੋੜ ਕੇ ਹੋਰ ਅੰਗਿਆਰ ਰਖ ਦਿੱਤੇ-

ਬਾਹਲੇ ਕਾਹਲੇ ਮਾਂ ਸਦਦੀ।

ਭਲੇ ਪਕੌੜੀਆਂ ਪਾ ਛਡਦੀ।
ਆਉਂਦਿਆਂ ਜਾਂਦਿਆਂ ਖਾ ਫੜਦੀ।

ਆਉਂਦਿਆਂ ਜਾਂਦਿਆਂ ਇਨ੍ਹਾਂ ਤੁਕਾਂ ਦਾ ਉਚਾਰਨ ਸੁਣਦੀ ਪ੍ਰੀਤੋ ਬੜੀ ਦੁਖੀ ਹੁੰਦੀ। ਪਰ ਜਦੋਂ ਜੀਤੋ ਘਰ ਵਿਚ ਅੱਖਾਂ ਮਟਕਾ ਮਟਕਾ ਕੇ ਇਹ ਤੁਕਾਂ ਗਾਂਦੀ ਤਾਂ ਰਾਮਦਿੱਤਾ ਹਸਦਾ ਹਸਦਾ ਲੇਟ ਪੋਟ ਹੈ ਜਾਂਦਾ, ਪਰ ਦੂਜੇ ਪਾਸੇ ਕਰਮੋ ਦੀਆਂ ਅੱਖਾਂ ਵਿਚ ਗਲੇਡੂ ਭਰ ਆਉਂਦੇ। ਉਸ ਦਾ ਜੀਅ ਕਰਦਾ ਇਸ ਚੜੇਲ ਜੀਤੋ ਦੀ ਗੁੱਤ ਨੂੰ ਵਲਾਵਾਂ ਦੇਣ ਨੂੰ। ਪਰ ਰਾਮਦਿੱਤੇ ਨਾਲ ਨਵੀਂ ਲੜਾਈ ਮੁਲ ਲੈਣ ਦੇ ਡਰੋਂ ਉਹ ਮਨ ਮਸੋਸ ਕੇ ਰਹਿ ਜਾਂਦੀ।

ਧੀ ਦੀ ਕਰੁਣਾ ਜਨਕ ਹਾਲਤ ਨੂੰ ਸਹਿ ਸਹਿ ਕੇ ਕਰਮੋ ਦਾ ਕਲੇਜਾ ਛੇਕਿਆ ਪਿਆ ਸੀ। ਦੁਖੀ ਹਾਲਤ ਵਿਚ ਉਹ ਪ੍ਰੀਤੋ ਨੂੰ ਹਿੱਕ ਨਾਲ ਲਾ ਕੇ ਪੁਕਾਰ ਉਠਦੀ- "ਨੀ ਕਿਹੇ ਕੁੱਲਛਣੇ ਵਾਰ ਜੰਮੀ ਮੈਂ ਤੂੰ ਵੈਰਨੇ, ਜੇ ਨਾ ਕਦੀ ਆਪ ਸੁਖ ਦਾ ਸਾਹ ਲਿਆ ਈ ਨਾ ਮੈਨੂੰ ਲੈਣ ਦਿੱਤੇ ਈ।"

ਮਾਂ ਦੇ ਇਨ੍ਹਾਂ ਵਾਕਾਂ ਨੂੰ ਸੁਣ ਕੇ ਧੀ ਦਾ ਦਿਲ ਵੀ ਉਦਾਸ ਹੁੰਦਾ। ਫਿਰ ਵੀ ਏਨਾ ਕੁ ਸੰਤੋਖ ਤਾਂ ਮਿਲਦਾ ਕਿ ਇਸ ਦਿਲ ਤੋੜਵੀਂ ਦੁਨੀਆਂ ਵਿਚ ਘਟੋ ਘੱਟ ਇਕ ਵਿਅਕਤੀ ਤਾਂ ਹੈ ਜਿਹੜਾ ਉਸ ਦੇ ਰੋਣ ਨਾਲ ਹੋ ਸਕਦਾ ਹੈ। ਉਸ ਦੇ ਹੱਸਣ ਨਾਲ ਹੱਸ ਸਕਦਾ ਹੈ, ਤੇ ਇਹ ਹੈ ਉਸ ਦੀ ਮਾਂ।

ਮਾਨਸਿਕ ਹਾਲਤ ਮਾੜੀ ਹੋਣ ਦੇ ਬਾਵਜੂਦ ਵੀ ਪ੍ਰੀਤੋ ਪੂਰੇ ਮਨ ਨਾਲ ਪੜ੍ਹਾਈ ਕਰਦੀ ਹੋਈ ਦਸਵੀਂ ਖਾਸੇ ਚੰਗੇ ਨੰਬਰਾਂ ਵਿਚ ਪਾਸ ਕਰ ਗਈ। ਜੀਤੋ ਅਜੇ ਅਠਵੀਂ ਨੂੰ ਹੀ ਭਾਗ ਲਾ ਰਹੀ ਸੀ। ਕਰਮੋਂ ਲਈ ਨਿਸਚੇ ਹੀ ਇਹ ਦੁਖਦਾਈ ਘੜੀ ਸੀ। ਪ੍ਰੀਤੋ ਲਈ ਵਰ ਭਾਵੇਂ ਨਾ ਲੱਭੇ ਕੁੜੀ ਭੁੱਖੀ ਨਹੀਂ ਮਰੇਗੀ। ਬੇਸਿਕ ਕਰਕੇ ਉਹ ਆਪਣੇ ਪੈਰਾਂ ਤੇ ਖਲੋ ਸਕੇਗੀ। ਕਿਸੇ ਸਕੂਲ ਵਿਚ ਉਸਤਾਦਨੀ ਲਗ ਕੇ ਆਪਣਾ' ਗੁਜ਼ਾਰਾ ਤੋਰ ਲਵੇਗੀ।

ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜੂਰ ਸੀ। ਕਰਮੋਂ ਤਾਪ ਚੜ੍ਹਨ ਨਾਲ ਚਲ ਵਸੀ। ਪ੍ਰੀਤੋ ਦੀ ਹਨੇਰੀ ਦੁਨੀਆਂ ਵਿਚ ਚਾਨਣ ਦਾ ਜਿਹੜਾ ਮਾੜਾ ਜਿਹਾ ਟਿਮਕਣਾ ਸੀ ਉਹ ਵੀ ਬੁਝ ਗਿਆ।

******

## 5.

ਓਧਰ ਕਰਮੋਂ ਨੇ ਅੱਖਾਂ ਮੀਟੀਆਂ, ਏਧਰ ਰਾਮਦਿੱਤੇ ਤੇ ਜੀਤੋ ਦਾ ਰਸਤਾ ਸਾਫ਼ ਹੋਇਆ। ਪ੍ਰੀਤੋ ਜਿਹੜੀ ਪਹਿਲਾਂ ਹੀ ਉਨ੍ਹਾਂ ਦੀਆਂ ਨਜ਼ਰਾਂ ਵਿਚ ਦੁੱਧ ਡਿੱਗੀ ਮੱਖੀ ਦਾ ਦਰਜਾ ਰਖਦੀ ਸੀ, ਹੁਣ ਉਨ੍ਹਾਂ ਦੀਆਂ ਅੱਖਾਂ ਲਈ ਤਿਨਕਾ ਤੇ ਦੰਦਾਂ ਲਈ ਕਿਰਕ ਵੀ ਬਣ ਗਈ। ਹਸਣਾ ਤੇ ਪ੍ਰੀਤੋ ਦੇ ਲੇਖਾਂ ਵਿਚ ਨਹੀਂ ਸੀ, ਪਰ ਹੁਣ ਰੋਣਾ ਵੀ ਵਿਵਰਜਤ ਹੋ ਗਿਆ। ਜਦ ਕਦੀ ਉਸ ਦੀਆਂ ਅੱਖਾਂ ਭਰ ਆਉਂਦੀਆਂ ਤਾਂ ਰਾਮਦਿੱਤਾ ਚੰਘਾੜ ਉਠਦਾ- “ਹੁਣ ਇਹ ਦੀਦੇ ਟਮਕਾ ਕੇ ਕਿਸ ਨੂੰ ਦਿਖਾਨੀ ਏ, ਹੋਣੀਏ। ਪਹਿਲਾਂ ਪਿਉ ਨੂੰ ਰੋ ਪਿੱਟ ਚੁਕੀ ਏਂ, ਫਿਰ ਮਾਂ ਨੂੰ ਹੁਣ ਮੇਰੇ ਫੁੱਲ ਚੁਗਣ ਨੂੰ ਉਡੀਕਨੀ ਪਈ ਏਂ।”

ਪ੍ਰੀਤੋ ਨੂੰ ਆਪਣੀ ਮਾਂ ਬੜੀ ਯਾਦ ਆਈ ਭਾਵੇਂ ਉਸ ਦੀ ਮਾਂ ਨੇ ਨਾ ਉਸ ਨੂੰ ਲਾਡ ਲੜਾਇਆ ਈਨਾ ਮੰਨੀਆਂ, ਫਿਰ ਵੀ, ਜਦੋਂ ਕਦੀ ਉਸ ਧੀ ਨੂੰ ਹਿੱਕ ਨਾਲ ਲਾ ਕੇ ਅਥਰੂ ਵਹਾਂਦਿਆਂ ਹੋਇਆਂ ਇਹ ਸ਼ਬਦ ਕਹੇ, “ਨਸੀਬਾਂ ਸੜੀਏ, ਰਬੋਂ ਸਰਾਪੀਏ” ਤਾਂ ਪ੍ਰੀਤੋ ਉਸ ਦੇ ਇਹਨਾਂ ਸ਼ਬਦਾਂ ਨੂੰ ਯਾਦ ਕਰਕੇ ਤੁਸੀਂ ਰੋਂਦੀ। ਕੇਡਾ ਮੋਹ ਕੇਡੀ ਮਮਤਾ ਟਪਕਦੀ ਸੀ ਇਹਨਾਂ ਸ਼ਬਦਾਂ ਵਿਚੋਂ, ਕਿੰਨੀ ਧਰਵਾਸ ਮਿਲਦੀ ਸੀ ਉਸ ਨੂੰ ਮਾਂ ਦੇ ਹੰਝੂਆਂ ਵਿਚੋਂ।

ਪਰ ਹੁਣ ਕਿਸੇ ਨੂੰ ਕੀ ਖਬਰ ਸੀ ਉਸ ਦੀ। ਸੜਦੀ ਭੁਜਦੀ ਨੇ ਜੇ ਕਰ ਰੋਟੀ ਨਹੀਂ ਖਾਧੀ ਤਾਂ ਕਿਸੇ ਨੂੰ ਕੀ। ਆਪੇ ਦੋ-ਚਾਰ ਡੰਗ ਭੁੱਖਾ ਕੱਟ ਕੇ ਖਾ ਲਏ ਤਾਂ ਜੀਤੋ ਤੇ ਰਾਮਦਿੱਤਾ ਉਸ ਦੀ ਇਸ ਹਰਕਤ ਨੂੰ ਵੀ ਪੇਖਣ ਸਾੜਨਾ ਕਹਿੰਦੇ। ਮਹੀਂ ਕਿੱਲੇ ਦੇ ਜ਼ੋਰ ਹੀ ਤਾਂ ਅੜਾਂਦੀ ਹੈ। ਮਾਂ ਜਿਉਂਦੀ ਸੀ ਤਾਂ ਪ੍ਰੀਤੋ ਜੀਤੋ ਨੂੰ ਇਕ ਦੀਆਂ ਚਾਰ ਚਾਰ ਸੁਣਾਉਂਦੀ ਸੀ। ਅੱਜ ਅੱਖ ਵਿਚ ਪਈ ਨਹੀਂ ਰੜਕਦੀ। ਪਰ

ਅੰਦਰਲੀ ਚੁੱਪ ਕਾਰਨ ਪ੍ਰੀਤੋ ਪਹਿਲਾਂ ਨਾਲੋਂ ਵੀ ਸੜੀਅਲ ਤੇ ਹਿੰਸਕ ਹੋਈ ਜਾ ਰਹੀ ਸੀ।

ਰਾਮਦਿੱਤਾ ਮਲ ਦਿਲ ਦਾ ਮਾੜਾ ਬੰਦਾ ਨਹੀਂ ਸੀ, ਪਰ ਉਸ ਦੇ ਮਾੜੇ ਹਾਲਾਤ ਨੇ ਉਸ ਨੂੰ ਮਾੜਾ ਬਣਾ ਦਿੱਤਾ ਸੀ। ਜਿਉਂ ਜਿਉਂ ਗ੍ਰਸਤ ਦੀ ਪੰਡ ਬੋਝਲ ਹੁੰਦੀ ਗਈ, ਤਿਉਂ ਤਿਉਂ ਉਹ ਵਧੇਰੇ ਸੁਆਰਥੀ ਤੇ ਦੂਰ-ਅੰਦੇਸ਼ ਹੋ ਗਿਆ। ਘਰ ਦਾ ਗੁਜ਼ਾਰਾ ਮਾੜਾ ਮੋਟਾ ਤੁਰਦਾ ਸੀ । ਪਰ ਉਤੋਂ ਦੇ ਜਵਾਨ ਧੀਆਂ ਦੇ ਵਿਆਹ ਦੀ ਚਿੰਤਾ। ਜੀਤੋ ਜ਼ਰਾ ਮੂੰਹ ਹੱਥ ਲਗਦੀ ਹੋਣ ਕਰਕੇ ਬਹੁਤੀ ਚਿੰਤਾ ਨਹੀਂ ਸੀ। ਪਰ ਪ੍ਰੀਤੇ ਲਮਦੀਗ ਨੂੰ ਕੌਣ ਵਿਆਹਵੇਗਾ? ਭਲਾ ਜੇ ਕਰ ਰਹਿੰਦ ਖੂੰਹਦ ਕਿਸਮ ਦਾ ਵਰ ਲੱਭ ਵੀ ਪਵੇ ਤਾਂ ਰਾਮਦਿੱਤੇ ਪਾਸ ਕਿਹੜੀ ਜੇਥੋਂ ਦੱਬੀ ਪਈ ਸੀ ਜਿਸ ਦੇ ਬਲ ਬੂਤੇ ਉਹ ਲਾਵਾਂ ਦੀ ਗੱਲ ਟਪਾਵੇਗਾ?

ਸ਼ਾਇਦ ਇਸੇ ਕਰਕੇ ਰਾਮਦਿੱਤੇ ਨੂੰ ਪ੍ਰੀਤੋ ਉਤੇ ਵਧੇਰੇ ਗੁੱਸਾ ਆਉਂਦਾ। ਜਦੋਂ ਕਦੇ ਵੀ ਕਰਮੋਂ ਪ੍ਰੀਤੋ ਦੇ ਵਿਆਹ ਦੀ ਗੱਲ ਛੇੜਦੀ ਤਾਂ ਇਸ ਦੀ ਸਮਾਪਤੀ ਤੂੰ ਤੂੰ ਮੈਂ ਮੈਂ" ਨਾਲ ਹੋਇਆ ਕਰਦੀ। ਤਦ ਕਰੋਧ ਵਿਚ ਆ ਕੇ ਰਾਮਦਿੱਤਾ ਅਕਸਰ ਕਹਿ ਦਿੰਦਾ, 'ਮੇਰੇ ਕੋਲ ਕਾਰੂੰ ਦਾ ਖਜਾਨਾ ਨਹੀਂ ਦਬਿਆ ਪਿਆ ਜਿਹੜਾ ਤੇਰੀ ਫੁਲਾਂਜਾਦੀ ਲਈ ਖੋਹਲ ਧਰਾਂਗਾL ਮੈਂ ਤਾਂ ਤੇਰੀ ਵਾਹਲ ਚੁਕੀ ਸੀ। ਤੇਰੇ ਅਗਿਲਆਂ ਪਿਛਲਿਆਂ ਦਾ ਭਾਰ ਦੇਣ ਦਾ ਠੇਕਾ ਨਹੀਂ ਸੀ ਲਿਆ।"

ਤੇ ਕਰਮੋਂ ਸਿਸਕੀਆਂ ਭਰਦੀ ਹੋਈ ਅਰਜੋਈਆਂ ਕਰਦੀ, ਹੇ ਰੱਬ ਸੱਚਿਆ ਜਾਂ ਇਸ ਨੂੰ ਚੁਕ ਲੈ ਜਾਂ ਮੈਨੂੰ। ਕਿਸੇ ਦੀ ਆਈ ਪੈ ਜਾਏ।" ਧੀ ਨੂੰ ਰੱਬ ਸੱਚੇ ਨੇ ਨਾ ਚੁਕਿਆ, ਪਰ ਮਾਂ ਨੂੰ ਕਿਸੇ ਦੀ ਆਈ ਪੈ ਗਈ।

ਰਾਮਦਿੱਤਾ ਕਰਮੋਂ ਦੀ ਮੌਤ ਪਿਛੋਂ ਹੋਰ ਵੀ ਦੁਖੀ ਹੋ ਗਿਆ। ਉਸ ਦਾ ਘਰ ਮੂਹਦਾ ਹੋ ਗਿਆ। ਓਹੀ ਘਰ ਜਿਹੜਾ ਗ਼ਰੀਬੀ ਵਿਚ ਵੀ ਲਿਸ਼ਕਿਆ ਪੁਸ਼ਕਿਆ ਦਿਖਾਈ ਦਿੰਦਾ ਸੀ, ਅਜ ਉਸ ਵਿਚਲੀ ਹਰ ਚੀਜ਼ ਨੂੰ ਕੁਕੜ ਖਿੰਡਾ ਗਏ ਨੇ, ਦੋਵੇਂ ਕੁੜੀਆਂ ਜਿਦ-ਬਜਿਦੀ ਕਿਸੇ ਕੰਮ ਨੂੰ ਹੱਥ ਨਾ ਲਗਾਂਦੀਆਂ।

ਰਾਮਦਿੱਤੇ ਦੀ ਜਾਨ ਕੰਦਲ ਵਿਚ ਆ ਗਈ। ਸੱਪ ਦੇ ਮੂੰਹ ਕੋਹੜ ਕਿਰਲੀ ਵਾਲਾ ਹਾਲ ਸੀ ਉਸ ਦਾ। ਖਾਏ ਤੇ ਕੋਹੜੀ, ਛਡੇ ਤੇ ਅੰਨ੍ਹਾ। ਕਦੀ ਉਹ ਜੀਤੇ ਨੂੰ ਗੁਸੇ ਹੁੰਦਾ ਕਦੀ ਪ੍ਰੀਤੋ ਤੇ ਨਜ਼ਲਾ ਝਾੜਦਾ।

ਆਖ਼ਰ ਕਦੋਂ ਤਕ ਇੰਝ ਨਿਭਣਾ ਸੀ। ਇਕ ਦਿਨ ਉਹ ਵੀ ਆ ਪਹੁੰਚਿਆ ਜਿਸ ਬਾਰੇ ਪ੍ਰੀਤ ਨੇ ਕਦੀ ਸੋਚਿਆ ਵੀ ਨਹੀਂ ਸੀ।

ਕੁਝ ਦਿਨਾਂ ਤੋਂ ਉਸ ਦੇ ਪਿਓ ਨੇ ਉਸ ਨੂੰ ਡਾਟਣਾ ਤਿੜਕਣਾ ਛਡ ਦਿੱਤਾ ਹੋਇਆ ਸੀ, ਪਰ ਉਸ ਅੰਦਰ ਕੋਈ ਲਾਵਾ ਉਬਲਦਾ ਚਲਿਆ ਆ ਰਿਹਾ ਸੀ ਜਿਹੜਾ ਭਰ ਕੇ ਫਟ ਗਿਆ। ਪ੍ਰੀਤੋ ਦੇ ਸਾਹਮਣੇ। ਪ੍ਰੀਤੋ, ਵੇਖ ਧੀਏ_

ਵਾਕ ਤੇ ਇਸ ਛੋਟੇ ਟੁਕੜੇ ਨੇ ਪ੍ਰੀਤੋ ਦਾ ਸਹਿਮ ਅੱਧਾ ਕਰ ਦਿੱਤਾ। ਉਸ ਦਾ ਜੀਅ ਕੀਤਾ ਕਿ ਇਸ ਦੋ ਅਖਰੇ ਸ਼ਬਦ ਨੂੰ ਦਿਲ ਦੀ ਪਟਾਰੀ ਵਿਚ ਸਾਂਭ ਕੇ ਰਖ ਲਵੇ। ਪਹਿਲੀ ਵਾਰੀ ਉਸ ਨੂੰ ਰਾਮ ਦਿੱਤਾ ਮਤਰੇਆ ਪਿਓ ਨਾ ਲਗਾ।

“ਹੁਣ ਤੂੰ ਸਿਆਣੀ ਸਿਆਣੀ ਏ, ਘਰ ਦੀ ਹਾਲਤ ਤੈਥੋਂ ਲੁਕੀ ਹੋਈ ਨਹੀਂ। ਆਖ਼ਰ ਕਦੋਂ ਤੀਕ ਮੈਂ ਤੇਰੀਆਂ ਵਾਹਲਾਂ ਚੁਕੀ ਰਖਾਂਗਾ। ਉਤੋਂ ਮਹਿੰਗਾਈ, ਬੇਰੁਜ਼ਗਾਰੀ ਕੌੜੀ ਕੌਡੀ ਦੀ ਮੁਥਾਜੀ '

ਚੋਖਾ ਚਿਰ ਉਹ ਇਸ ਪ੍ਰਸੰਗ ਦੀ ਵਿਆਖਿਆ ਕਰਦਾ ਚਲਾ ਗਿਆ, ਪਰ ਪ੍ਰੀਤੋ ਦੀ ਸੁਣਨ ਸ਼ਕਤੀ ਆਖ਼ਰ ਕਦੋਂ ਤਕ ਤੋਂ ਅਗੇ ਨਹੀਂ ਪਹੁੰਚ ਸਕੀ। ਸੁਣਾਈ ਜੇਕਰ ਉਸ ਨੂੰ ਦੇ ਰਿਹਾ ਸੀ ਤਾਂ ਸਾਂ ਸਾਂ ਦੀ ਆਵਾਜ਼। ਦਿਖਾਈ ਜੇ ਉਸ ਨੂੰ ਕੁਝ ਦੇ ਰਿਹਾ ਸੀ ਤਾਂ ਸੰਘਣਾ ਹਨੇਰਾ।

"ਸੁਣ ਲਈਆਂ ਈ ਮੇਰੀਆਂ ਗੱਲਾਂ, ਰਾਮਦਿੱਤੇ ਦੀ ਬਾਣੀ ਵਿਚ ਕੁੱੜਤਣ ਆ ਰਹੀ ਸੀ।”

"ਸੁਣ ਲਈਆਂ ਨੇ ਭਾਈਆ।"

"ਤੇ ਫਿਰ ਕੀ ਏ ਸਲਾਹ ਤੇਰੀ?"

"ਕਾਹਦੀ ਸਲਾਹ ਭਾਈਆ?”

“ਘੋਗਲ ਕੰਨੀ ਨਾ ਬਣ ਕੁੜੀਏ, ਮੈਨੂੰ ਨਹੀਂ ਇਹ ਪਾਖੰਡ ਚੰਗੇ ਲਗਦੇ। ਗੱਲ ਉਹ ਜਿਹੜੀ ਬੰਦਾ ਖਰੀ ਖਰੀ ਕਰੇ। ਮੈਥੋਂ ਨਹੀਂ ਇਹ ਪੰਡ ਹੋਰ ਚੁਕੀ ਜਾਣੀ।”

ਗੱਲ ਭਾਵੇਂ ਅਜੇ ਵੀ ਪ੍ਰੀਤੋ ਦੇ ਸਾਹਵੇਂ ਪੂਰੇ ਤੌਰ ਤੇ ਸਪੱਸ਼ਟ ਨਹੀਂ ਸੀ ਹੋਈ, ਪਰ ਗੱਲ ਦਾ ਮਨੋਰਥ ਕੀ ਹੈ, ਇਹ ਸਮਝਣ ਵਿਚ ਉਹ ਸਫਲ ਹੋ ਗਈ।

"ਮਖੇਂ ਚਾਰ ਦਿਨਾਂ ਲਈ ਜੇ ਸੰਗਰੂਰ ਚਲੀ ਜਾਏਂ ਤਾਂ ਕੀ ਹਰਜ ਏ? ਫੇਰ ਜਦੋਂ ਹੱਥ ਰਤਾ ਸੁਖਾਲਾ ਹੋਇਆ, ਜਾ ਕੇ ਲੈ ਆਵਾਂਗਾ ਤੈਨੂੰ।”

ਸੰਗਰੂਰ* ? ਪ੍ਰੀਤੋ ਨੂੰ ਲਗਾ ਜਿਵੇਂ ਉਸ ਨੂੰ ਕੰਧੀ ਤੋਂ ਖੱਡ ਵਿਚ ਛਾਲ ਮਾਰਨ ਨੂੰ ਕਹਿ ਦਿੱਤਾ ਹੋਵੇ। ਉਸ ਦੇ ਨਾਨਕੀਂ। ਕੀ ਉਹ ਆਪਣੀ ਮਾਂ ਦੀ ਜ਼ਬਾਨੀ ਸਾਰੇ ਕਿੱਸੇ ਸੁਣ ਨਹੀਂ ਸੀ ਚੁਕੀ ਉਥੋਂ ਦੇ ? ਨਾਲੇ ਮਾਂ ਰਾਣੀ ਵੀ ਤਾਂ ਪੇਕਿਆਂ ਨੂੰ ਮਿਲਣ ਵਰਤਣ ਦੀਆਂ ਸਾਰੀਆਂ ਸਾਂਝਾ ਮੁਕਾ ਕੇ ਨਿਕਲੀ ਸੀ ਉਥੋਂ। ਰਾਮਦਿੱਤਾ ਉਸ ਦਾ ਉਤਰ ਉਡੀਕਦਾ ਰਿਹਾ। ਪਰ ਪ੍ਰੀਤੋ ਇਸ ਵੇਲੇ ਆਪਣੇ ਆਪ ਵਿਚ ਨਹੀਂ ਸੀ।

******

# 6.

ਕਈ ਦਿਨ ਤੇ ਰਾਤਾਂ ਲੰਘ ਗਈਆਂ ਤੇ ਇਨ੍ਹਾਂ ਦਿਨਾਂ ਰਾਤਾਂ ਦੇ ਦੋਹਾਂ ਪੁੜਾਂ ਵਿਚਾਲੇ ਪ੍ਰੀਤੋ ਦੀ ਰੂਹ ਮਰੜੀਂਦੀ ਜਾ ਰਹੀ ਸੀ। ਉਸ ਦੀ ਨੀਂਦਰ ਤੇ ਭੁੱਖ ਉਡ ਗਈ। ਹਰ ਘੜੀ ਉਹ ਏਸੇ ਚਿੰਤਾ ਵਿਚ ਗਿਲਤਾਨ ਕਿ ਆਪਣਾ ਫੈਸਲਾ ਸੁਨਾਣ ਪਿਛੇ ਉਸ ਦਾ ਪਿਉ ਅਸਲ ਕਦਮ ਕਿਹੜਾ ਉਠਾਂਦਾ ਹੈ।

ਪਰ ਇਕ ਗੱਲ ਨਿਸ਼ਚਿਤ ਸੀ ਕਿ ਉਸ ਦਿਨ ਪਿਛੋਂ ਭਾਈਏ ਨੇ ਉਸ ਨੂੰ ਬੁਲਾਣਾ ਛੱਡ ਦਿੱਤਾ। ਬਲਕਿ ਉਸ ਦੇ ਮੱਥੇ ਦੀਆਂ ਤਿਊੜੀਆਂ ਹੋਰ ਡੂੰਘੀਆਂ ਹੋ ਗਈਆਂ।

ਪ੍ਰੀਤੋ ਘਰ ਦਾ ਸਾਰਾ ਕੰਮ ਮੁਕਾਣ ਪਿਛੋਂ ਦੁਪਹਿਰ ਵੇਲੇ ਝਿਕੀ ਮੰਜੀ ਲਈ ਵਿਹੜੇ ਵਿਚ ਲੇਟੀ ਸੀ। ਉਸ ਦਾ ਦਿਲ ਡਾਢਾ ਹੁਸੜਿਆ ਹੋਇਆ ਸੀ। ਪਿਛਲੇ ਕੁਝ ਦਿਨਾਂ ਤੋਂ ਪ੍ਰੀਤੋ ਆਪਣੇ ਪਿਓ ਤੇ ਜੀਤੋ ਲਈ ਜਿਵੇਂ ਭੂਤਣੀ ਬਣ ਗਈ ਹੋਵੇ। ਇਕ ਦਾ ਮੂੰਹ ਜੇ ਲਟਕਿਆ ਹੋਇਆ ਹੈ ਤਾਂ ਦੂਜੇ ਨੇ ਅੱਖਾਂ ਮੱਥੇ ਤੇ ਰੱਖੀਆਂ ਹਨ। ਉਸ ਨੂੰ ਲਗਦਾ ਜਿਵੇਂ ਦੋਵੇਂ ਉਸ ਨੂੰ ਘਰ ਵਿਚੋਂ ਧਕੇ ਦੇ ਕੇ ਬਾਹਰ ਵਲ ਧਕ ਰਹੇ ਹਨ।

ਸਵੇਰੇ ਰਾਮਦਿੱਤੇ ਨੇ ਹਟੀ ਜਾਣ ਤੋਂ ਪਹਿਲੋਂ ਉਸ ਨੂੰ ਪੁਛਿਆ ਸੀ- "ਹੱਛਾ ਫਿਰ ਪ੍ਰੀਤੋ ਕੀਹ ਸੋਚਿਆ ਤੂੰ ?"

"ਪਰ_ ਪਰ ਭਾਈਆ। ਉ- ਉਥੇ ਕੌਣ ਹੈ ਮੇਰਾ, ਜਿਸ ਤੇ ਇਹ ਆਖਦਿਆਂ ਉਸ ਦੀ ਜ਼ਬਾਨ ਤਾਲੂ ਨਾਲ ਜੁੜ ਗਈ।"

"ਉਥੇ ਕੌਣ ਏ ਤੇਰਾ? ਮਾਮਾ ਈ, ਮਾਮੀ ਉ। ਅਖੇ ਕੌਣ ਏ ਮੇਰਾ?"

ਪਰ ਪ੍ਰੀਤੋ ਕੀ ਜੁਆਬ ਦੇਵੇ ਕਿ ਮਾਂ ਤਾਂ ਉਨ੍ਹਾਂ ਨਾਲੋਂ ਸਾਰੀਆਂ ਸਾਂਝਾਂ ਤੋੜ ਕੇ ਤੇਰੇ ਵਾੜੇ ਵੜੀ ਸੀ।

“ਸੱਪ ਸੁੰਘ ਗਿਆ ਈ ? ਰਾਮਦਿੱਤੇ ਦੀਆਂ ਨਾੜਾਂ ਫੁਲ ਆਈਆਂ. ਮੈਂ ਕੀਹ ਭੌਂਕਣ ਡਿਹਾ ਹੋਇਆ ਆਂ?”

ਤੇ ਜਦ ਫੇਰ ਵੀ ਪ੍ਰੀਤੋ ਟੱਸ ਤੋਂ ਮੱਸ ਨਾ ਹੋਈ ਤਾਂ ਰਮਦਿੱਤਾ 'ਢੱਠੇ ਖੂਹ 'ਚ ਪਉ" ਕਹਿੰਦਾ ਤੇ ਪੈਰ ਪਟਕਦਾ ਹੋਇਆ ਘਰੋਂ ਨਿਕਲ ਗਿਆ ਸੀ।

ਪ੍ਰੀਤੋ ਸਾਹਮਣੇ “ਢੱਠੇ ਖੂਹ ਪਉਂ” ਵਾਕ ਮੁੜ ਮੁੜ ਗੂੰਜ ਰਿਹਾ ਸੀ। “ਢੱਠੇ ਖੂਹ ਵਿਚ ਪਉ ”ਵਗਦੇ ਖੂਹ ਵਿਚ ਕਿਉਂ ਨਾ? ਜਿਸ ਵਿਚ ਪਾਣੀ ਵੀ ਸਿਰ ਡੋਬ ਹੋਵੇਗਾ।

ਪ੍ਰੀਤੋ ਮੌਤ ਬਾਰੇ ਆਪਣੇ ਆਪ ਨਾਲ ਸਵਾਲ ਜਵਾਬ ਕਰ ਰਹੀ ਸੀ-

“ਕਿੰਨਾ ਕੁ ਚਿਰ ਲਵੇਗਾ ਤਲਾ ਡੁੱਬਣ ਵਿਚ?”

“ਕੁਝ ਵੀ ਨਾ. ਐਵੇਂ ਪੰਜ ਦਸ ਮਿੰਟ।”

“ਕਿੰਨੀ ਕੁ ਤਕਲੀਫ ਹੋਵੇਗੀ?

ਰੋਂਦੀ ਤਕਲੀਫਾਂ ਨੂੰ ਹੁਣ ਕਿਤੇ ਤੂੰ ਪੱਟ ਦੇ ਪੰਘੂੜੇ ਝੂਟਣ ਡਹੀ ਹੋਈ ਏਂ।”

“ਤਾਂ ਬਸ ਠੀਕ ਏ।”

ਏਸ ਪ੍ਰਸ਼ਨੋਤਰੀ ਵਿਚਾਲੇ ਪ੍ਰੀਤੋ ਦਾ ਧਿਆਨ ਕੱਪੜੇ ਸੁਕਣੇ ਪਾਣ ਵਾਲੀ ਰੱਸੀ ਵਲ ਚਲਾ ਗਿਆ। ਜਿਸ ਉਤੇ ਇਕ ਚਿੜੀ ਥੋੜ੍ਹੇ ਚਿਰ ਪਿਛੋਂ ਆ ਕੇ ਬੈਠ ਜਾਂਦੀ ਸੀ। ਚੁੰਝ, ਪੌਂਚਿਆ ਤੇ ਖੰਭਾ ਦੀ ਸਾਂਝੀ ਤਾਕਤ ਨਾਲ ਉਹ ਰੱਸੀ ਵਿਚੋਂ ਤਾਰਾ ਲਿਜਾ ਕੇ ਆਪਣਾ ਆਲ੍ਹਣਾ ਬਣਾ ਰਹੀ ਸੀ। ਨਰ ਤੇ ਮਦੀਨ ਦੋਵੇਂ ਰਲ ਕੇ ਆਪਣਾ ਘੋਸਲਾ ਤਿਆਰ ਕਰ ਰਹੇ ਸਨ। ਤੀਲਾ ਤੀਲਾ ਜੋੜ ਕੇ, ਪਤਾ ਨਹੀਂ ਕਿਥੋਂ ਕਿਥੋਂ ਤੀਲੇ ਤਿਨਕੇ ਲਿਆਏ ਨੇ।

ਉਸ ਨੂੰ ਜਾਪਿਆ ਜਿਵੇਂ ਜਾਂਦੀ ਜਾਂਦੀ ਉਹ ਆਪਣੀ ਪੰਛੀ ਭਾਸ਼ਾ ਵਿਚ ਉਸ ਨੂੰ ਕੋਈ ਨਹੋਰਾ ਜਾਂ ਤਾਹਨਾ ਦੇ ਗਏ ਹੋਣ-“ਤਕ ਨੀ ਮੇਰੀ ਵਲ। ਮਸਾਂ ਤੇਰੀ ਮੁੱਠ ਵਿਚ ਆਉਣ ਜੋਗਾ ਪੰਛੀ ਹਾਂ, ਪਰ ਮੈਨੂੰ ਪਤਾ ਹੈ ਜੁ ਘਰ ਕਿਵੇਂ ਬਣਾਈਦਾ

ਏ। ਆਪਣਾ ਤੇ ਆਪਣੀ ਸੰਤਾਨ ਦਾ ਭਵਿਸ਼ ਕਿਵੇਂ ਸੁਰੱਖਿਅਤ ਕਰੀਦਾ ਹੈ ਤੇ ਤੂੰ ਨਿਕਰਮਣੇ ਤੂੰ ਆਦਮ ਜਾਈ ਹੋ ਕੇ ਏਨੀ ਨਿਘਰ ਗਈ ਹੈ ?"

ਪ੍ਰੀਤੋ ਨੂੰ ਜਾਪਿਆ, ਜਿਵੇਂ ਚਿੜੀਆਂ ਦਾ ਇਹ ਜੋੜਾ, ਨਾਲੇ ਇਨ੍ਹਾਂ ਦੀ ਸੰਭਾਵਿਤ ਸੰਤਾਨ ਦਾ ਜੋੜਾ ਕੇਵਲ ਓਸੇ ਨੂੰ ਗਿਆਨ ਬੋਧ ਕਰਾਣ ਲਈ ਇਹ ਲੀਲ੍ਹਾ ਰਚਾਈ ਬੈਠੇ ਨੇ।

ਪ੍ਰੀਤੋ ਦਾ ਧਿਆਨ ਉਸੇ ਰੱਸੀ ਉਤੇ ਟਿਕਿਆ ਰਿਹਾ। ਜਿਸ ਵਿਚੋਂ ਧਾਗੇ ਕਦ ਕਢ ਕੇ ਚਿੜੀਆਂ ਨੇ ਉਸ ਨੂੰ ਜਰਜਰਾ ਕਰ ਛਡਿਆ ਸੀ। ਉਸ ਨੂੰ ਲਗਦਾ ਜਿਵੇਂ ਰੱਸੀ ਦਾ ਓਨਾ ਭਾਗ ਰੱਸੀ ਨ ਰਹਿ ਕੇ ਕੋਈ ਸੀਸਾ ਬਣ ਗਿਆ ਹੋਵੇ ਜਿਸ ਵਿਚੋਂ ਉਸ ਨੂੰ ਆਪਣਾ ਸਮੁੱਚਾ ਆਕਾਰ ਦਿਸ ਰਿਹਾ ਸੀ। ਦਾਗਾ ਜਿਹਾ ਕੱਦ, ਕਰੂਪ ਜਿਹਾ ਚਿਹਰਾ, ਵਸਾਰੀ ਜਿਹਾ ਦੰਗ ਤੇ ਅਣਸੁਖਾਵਾਂ ਜਿਹਾ ਪ੍ਰਭਾਵ।

ਤੇ ਫੇਰ ਉਹ ਇੰਜ ਕੌੜ ਖਾ ਕੇ ਉਠ ਖਲੋਤੀ ਜਿਵੇਂ ਡਾਢਾ ਹੀ ਡਰਾਉਣਾ ਸੁਪਨਾ ਵੇਖਿਆ ਹੋਵੇ ਉਸ ਨੇ।

ਹੁਣ ਉਸ ਨੂੰ ਰਾਮਦਿੱਤੇ ਕੋਲੋਂ ਪਹਿਲਾਂ ਵਰਗਾ ਡਰ ਨਹੀਂ ਸੀ। ਰਾਤੀ ਰੋਟੀ ਖਾਣ ਪਿਛੋਂ ਉਸ ਪਿਉ ਨੂੰ ਆਖਿਆ-ਭਾਈਆ ਸੰਗਰੂਰ ਨੂੰ ਗੱਡੀ ਕਿੰਨੇ ਵਜੇ ਜਾਂਦੀ ਏ।"

ਸੰਗਰੂਰ ਨੂੰ ਜਾਣ ਵਾਲੀ ਗੱਡੀ? ਉਹ ਲੇਟ ਦੁਪਹਿਰ ਢਾਈ ਕਿ ਤਿੰਨੇ ਵਜੇ ਚਲਦੀ ਏ ਮੇਰੇ ਖਿਆਲ ਵਿਚ। ਕਿਉਂ?

ਮੈਨੂੰ ਓਸ ਗੱਡੀ ਚੜ੍ਹਾ ਆਵੀਂ ਭਾਈਆ ਭਲਕੇ ' ਰਾਮਦਿੱਤੇ ਨੂੰ ਹੈਰਾਨੀ ਭਰੀ ਖ਼ੁਸ਼ੀ ਹੋਈ। ਉਸ ਨੂੰ ਉਮੀਦ ਨਹੀਂ ਸੀ ਕਿ ਉਸ ਦੀ ਮੁਰਾਦ ਏਨੀ ਛੇਤੀ ਪੂਰੀ ਹੋ ਜਾਵੇਗੀ। ਫਿਰ ਵੀ ਉਸ ਉਪਰੋਂ ਉਪਰੋਂ ਕਿਹਾ—"ਏਡੀ ਕਾਹਲੀ ਕੀ ਏ? ਸਹਿਜ ਭਾ ਨਾਲ ਚਾਰ ਦਿਨ ਠਹਿਰ ਕੇ ਚਲੀ ਜਾਈ।"

"ਨਹੀਂ ਭਾਈਆ" ਪ੍ਰੀਤੋ ਨੇ ਪੂਰੇ ਹੱਠੀ ਲਹਿਜੇ ਵਿਚ ਕਿਹਾ 'ਮੈਂ ਜਾਣਾ ਏ।"

“ਉਥੇ ਕੋਈ ਸਾਹਾ ਸੁਧਿਆ ਪਿਆ ਜੁ ਏਡੀ ਕਾਹਲੀ ਪੈ ਗਈ ਏ ਝਲੀਏ ?”

"ਨਹੀਂ ਭਾਈਆ, ਮੈਂ ਜਾਣਾ ਏ"

“ਚੰਗਾ ਜੇ ਤੂੰ ਨਹੀਂ ਟਲਣਾ ਆਪਣੀ ਆਈ ਤੋਂ ਤਾਂ ਚੜ੍ਹਾ ਆਵਾਂ ਗਾ। ਜਾਹ ਜਾ ਕੇ ਸਉਂ ਜਾ ਕੇ। ਸਾਰਾ ਦਿਨ ਕੰਮ-ਧੰਦੇ ਵਿਚ ਥੱਕ ਗਈ ਹੋਵੇਂਗੀ।"

ਕੇਡਾ ਪਿਤਰੀ ਸਨੇਹ ਸੀ ਏਸ ਵਾਕ ਵਿਚ। ਕਾਸ਼! ਜੇ ਕਦੀ ਇਹ ਰੰਗ ਸਥਾਈ ਹੁੰਦਾ?

ਤੇ ਅਗਲੇ ਦਿਨ ਰਾਮਦਿੱਤਾ ਪ੍ਰੀਤੋ ਨੂੰ ਗੱਡੀ ਚੜ੍ਹਾ ਆਇਆ।

******

# 7.

ਨਾਨਕੇ ਘਰ ਦੀ ਬੜੀ ਮਹਾਨਤਾ ਮੰਨੀ ਜਾਂਦੀ ਹੈ। ਵਿਸ਼ੇਸ਼ ਕਰਕੇ ਪੰਜਾਬੀਆਂ ਵਿਚ ਠੀਕ ਹੀ ਕਿਸੇ ਪਾਰਖੂ ਨੇ ਇਨ੍ਹਾਂ ਤੁਕਾਂ ਰਾਹੀਂ ਨਾਨਕੇ ਘਰ ਦੀ ਮਹਾਨਤਾ ਨੂੰ ਦਰਸਾਇਆ ਹੈ—

'ਨਾਨਕੜੇ ਘਰ ਜਾਵਾਂਗਾ,
ਲੱਡੂ ਪੇੜੇ ਖਾਵਾਂਗਾ।
ਮੋਟਾ ਹੋ ਕੇ ਆਵਾਂਗਾ।

ਜਿਹੜੇ ਵਾਤਸਲ ਪਿਆਰ ਦੀ ਪ੍ਰਾਪਤੀ ਦੋਹਤਰੇ ਦੋਹਤਰੀਆਂ ਨੂੰ ਨਾਨੀ ਨਾਨੋ ਪਾਸੋਂ ਹੁੰਦੀ
ਹੈ,ਉਹਮਾਪਿਆਂ ਨਾਲੋਂ ਵੀ ਵਧ ਚੜ੍ਹ ਕੇ ਹੁੰਦੀ ਹੈ। ਪਰ ਪ੍ਰੀਤ ਨੇ ਇਸ ਤੋਂ ਪਹਿਲਾਂ ਨਾਨਕਾ ਘਰ ਵੀ ਨਹੀਂ ਸੀ ਵੇਖਿਆ। ਨਾਨਕੇ ਘਰ ਦਾ ਨਕਸ਼ਾ ਉਸ ਦੀਆਂ ਅੱਖਾਂ ਵਿਚ ਓਹੀ ਸੀ ਜਿਹੜਾ ਉਸ ਆਪਣੀ ਮਾਂ ਕੋਲੋਂ ਸੁਣਿਆ ਹੋਇਆ ਸੀ। ਇਸ ਲਈ ਇਥੇ ਨਾਨਕੇ ਘਰ ਜਾਣ ਦੇ ਚਾਅ ਵਰਗੀ ਕੋਈ ਗੱਲ ਨਹੀਂ ਸੀ। ਉਲਟਾ ਉਹ ਇਹੀ ਸੋਚਦੀ ਰਹੀ ਜੁ ਕਿਹੋ ਜਿਹੇ ਹੋਣਗੇ ਉਹ ਲੋਕ। ਕਿੱਦਾਂ ਦਾ ਸਲੂਕ ਕਰਨਗੇ ਉਸ ਨਾਲ ਕਿੰਜ ਪੇਸ਼ ਆਉਣਗੇ? ਗੱਡੀ ਦਾ ਸਫ਼ਰ ਗਿਣਤੀਆਂ ਗਿਣਦਿਆਂ ਹੀ ਬੀਤਿਆ।

ਰੇਲਵੇ ਸਟੇਸ਼ਨ ਤੋਂ ਉਹ ਪੈਦਲ ਹੀ ਆਪਣੇ ਮਾਮੇ ਦੇ ਘਰ ਵਲ ਤੁਰ ਪਈ। ਆਪਣੇ ਮੈਲੇ ਕੱਪੜਿਆਂ ਦੇ ਖ਼ਿਆਲ ਕਰਕੇ ਉਸ ਨੂੰ ਗਿਲਾਨੀ ਹੋਈ। ਕੀ ਸੋਚਣਗੇ ਵੇਖਣ ਜਾਪਣ ਵਾਲੇ-ਕੋਈ ਸਾਂਹ-ਸਿਆਣੀ ਹੈ ਇਹ ਕੁੜੀ ?”

ਪ੍ਰੀਤੋ ਨੂੰ ਆਪਣੇ ਮਾਮੇ ਈਸ਼ਰ ਦਾਸ ਤੇ ਮਾਮੀ ਦ੍ਰੋਪਤੀ ਦਾ ਨਾਂ ਯਾਦ ਸੀ। ਪਰ ਮਾਮੇ ਦੇ ਪੁੱਤਰ ਧੀਆਂ ਬਾਰੇ ਉਹ ਕੁਝ ਨਹੀਂ ਸੀ ਜਾਣਦੀ।

ਪੁਛਦੀ ਪੁਛਾਂਦੀ ਉਹ ਪਿੰਡ ਦੇ ਪ੍ਰਮੁੱਖ ਸ਼ਾਹੂਕਾਰ ਲਾਲਾ ਈਸ਼ਰ ਦਾਸ ਦੀ ਇਕ ਆਲੀਸ਼ਾਨ ਹਵੇਲੀ ਅਗੇ ਰੁਕੀ। ਮੁਖ ਦੁਆਰ ਲੰਘ ਕੇ ਉਹ ਡਿਉੜੀ ਤਕ ਪਹੁੰਚ ਕੇ ਆਪਣੇ ਮਾਮੇ ਦਾ ਹੁਲੀਆ ਕਲਪਣ ਲਗੀ। ਤਾਂ ਹੀ ਅੰਦਰੋਂ ਇਕ ਅਧਖੜ ਉਮਰ ਦਾ ਬੰਦਾ ਨਿਕਲਿਆ ਤੇ ਉਸ ਵਲ ਸ਼ੱਕੀ ਨਜ਼ਰਾਂ ਨਾਲ ਝਾਕਦਾ ਹੋਇਆ ਕੁਟ ਸਖਤੇਰੀ ਆਵਾਜ਼ ਵਿਚ ਪੁਕਾਰਿਆ:

"ਕੁੜੀਏ, ਕਿਉਂ ਬੂਹੇ ਅਗੇ ਤਾਣਾ ਤਣਨ ਡਹੀ ਹੋਈ ਏਂ "

ਪ੍ਰੀਤੋ ਉਸ ਦੀ ਆਵਾਜ਼ ਸੁਣ ਕੇ ਠਠੰਬਰ ਗਈ-

ਜੀ ਮੈਂ, ਮੈਂ ਘਰ ਵਾਲਿਆਂ ਨੂੰ ਮਿਲਣਾ ਏਂ।

"ਕਿਸ ਨੂੰ ਮਿਲਣਾ ਈ_ ਕੀ ਕੰਮ ਈ?

"ਜੀ ਮੈਂ, ਮੈਂ ਲਾਲਾ ਈਸ਼ਰ ਦਾਸ ਹੋਰਾਂ ਦੀ ਭਣੇਵੀ ਆਂ।

“ਕੀ ਆਖਿਆ ਈ? ਹੋਸ਼ ਟਿਕਾਣੇ ਹੈ ਕਿ ਨਹੀਂ? ਕੀ ਬਕੜ-ਵਾਹ ਕਰਨ ਡਹੀ ਹੋਈ ਏਂ?”

ਪ੍ਰੀਤੋ ਨੂੰ ਲਗਿਆ ਕਿ ਇਹ ਕੋਈ ਨੌਕਰ ਹੈ। ਉਹ ਫਿਰ ਜ਼ਰਾ ਹਿੰਮਤ ਕਰਕੇ ਬੋਲੀ- ਤੂੰ ਜਾ ਕੇ ਉਹਨਾਂ ਨੂੰ ਖ਼ਬਰ ਕਰ ਦੇ ਜੁ ਤੁਹਾਡੀ ਭਣੇਵੀਂ ਪ੍ਰੀਤਮ ਕੁਮਾਰੀ ਆਈ ਏ।”

ਉੱਤਰ ਵਿਚ ਉਹ ਬੰਦਾ ਟਿਚਕਰ ਦੇ ਲਹਿਜੇ ਵਿਚ ਬੋਲਿਆ-

“ਵਾਹ ਨੀ ਵਡੀਏ ਨਵਾਬਜ਼ਾਦੀਏ-ਇਹ ਮੂੰਹ ਤੇ ਮਸਰਾਂ ਦੀ ਦਾਲ।”

ਇਹ ਟਿਚਕਰ ਸੁਣ ਕੇ ਪ੍ਰੀਤੋ ਦਾ ਕਲੇਜਾ ਚਟਿਆ ਗਿਆ। ਉਸ ਦਾ ਜੀ ਕੀਤਾ ਕਿ ਇਸ ਚੋਬਰ ਦਾ ਮੂੰਹ ਝਰੀਟ ਸੁਟੇ।

ਮੂੰਹ ਝਰੀਟਣ ਤਕ ਭਾਵੇਂ ਨੋਬਤ ਨਹੀਂ ਆਈ ਪਰ ਜ਼ਬਾਨ ਦਰਾਜ਼ੀ ਤਕ ਤਾਂ ਆ ਹੀ ਪਹੁੰਚੀ

“ਵੇ ਦੀਦੇ ਪਾੜ ਪਾੜ ਕੇ ਕੀ ਤੱਕੀ ਜਾਨਾ ਏ। ਆਪਣੇ ਮਾਲਕਾਂ ਨੂੰ ਆਖ ਦੇ ਜੇ ਤੈਨੂੰ ਕਿਹਾ ਏ।”

ਉਸ ਬੰਦੇ ਨੇ ਉਸ ਨੂੰ ਕੋਈ ਸੁਦੈਣ ਸਮਝ ਕੇ ਟਾਲਣਾ ਚਾਹਿਆ- "ਹਛਾ ਭਲਾ ਤੂੰ ਉਹਨਾਂ ਦੀ ਭਣੇਵੀਂ ਸਹੀ। ਪਰ ਜਾਹ ਤੇਰਾ ਭਲਾ ਹੋਵੇ।"

ਮਾਨੋ ਅੱਗ ਉਤੇ ਤੇਲ ਪੈ ਗਿਆ। ਪ੍ਰੀਤੋ ਆਪੇ ਤੋਂ ਬਾਹਰ ਹੋ ਗਈ। ਗੱਲ ਗਾਲ੍ਹੀ ਗਲੋਚ ਤਕ ਆ ਪਹੁੰਚੀ।

"ਚੁੱਪ ਕਰ ਚੁੜੇਲੇ। ਨਹੀਂ ਤਾਂ ਗੁਤੋਂ ਧੂਹ ਕੇ ਸੁਟ ਆਵਾਂਗਾ ਈ ਅਹੁ ਸਾਹਮਣੇ ਛਪੜੀ ਵਿਚ।"

"ਵੇ ਜੰਮ ਤੇ ਸਹੀ ਮੈਨੂੰ ਹੱਥ ਲਾਣ ਵਾਲਾ, ਜੇ ਦਾਹੜੀ ਦਾ ਇਕ ਵਾਲ ਵੀ ਰਹਿਣ ਦਿਆਂ ਤੇਰੀ ਦਾ।"

"ਦਫਾ ਹੋ ਜਾ ਕੁਤੀਏ।"

"ਕੁੱਤੀ ਤੇਰੀ ਮਾਂ, ਤੇਰੀ ਭੈਣ।"

ਇਕ ਹੰਗਾਮਾ ਜਿਹਾ ਮਚ ਗਿਆ। ਤਮਾਸ਼ਾ ਦੇਖਣ ਵਾਲਿਆਂ ਦੀ ਭੀੜ ਲਗ ਗਈ। ਕਿਸੇ ਨੇ ਪ੍ਰੀਤੋ ਦਾ ਪੱਖ ਲੈਂਦਿਆ ਆਖਿਆ-

"ਜਾਣ ਦੇ ਬੋਲਾ ਸਿਆਂ_ ਕਿਉਂ ਵਿਚਾਰੀ ਸੁਦੈਣ ਨੂੰ ਤੰਗ ਕਰਨਾ ਏ- ਗ਼ਰੀਬਾਂ ਤੇ ਤਰਸ ਕਰੀਦਾ ਏ।"

ਜਿਵੇਂ ਉਪਰੋਥਲੀ ਦੂੰਹ ਗੋਲੀਆਂ ਦਾ ਦੁਸਾੜਾ ਆ ਵੱਜਾ ਪ੍ਰੀਤੋ ਦੀਆਂ ਦੋਹਾਂ ਪੁੜਪੁੜੀਆਂ ਵਿਚ। ਹੋਵੇ ਪਿੰਡ ਦੇ ਸ਼ਾਹੂਕਾਰ ਦੀ ਸਕੀ ਭਣੇਵੀਂ ਕੀ ਤੇ ਧੀ ਕੀ। ਤੇ ਲੋਕੀਂ ਮਾਮੇ ਦੇ ਬੂਹੇ ਖੜੀ ਨੂੰ ਸੁਦੈਣ,
ਗ਼ਰੀਬਣੀ ਆਖਣ। ਪ੍ਰੀਤੋ ਜੋ ਮੂੰਹ ਵਿਚ ਆਇਆ ਬੋਲਣੋ ਨਾ ਰਹੀ। ਏਨੇ ਨੂੰ ਇਕ ਲਾਲਾ ਸਜਣ ਅੰਦਰੋਂ ਆਇਆ। ਭਾਰਾ ਗੋਰਾ ਸਰੀਰ, ਕਣਕ ਵੰਨਾ ਰੰਗ, ਫੂਲਿਆ ਹੋਇਆ ਚੇਹਰਾ ਤੇ ਆਮ ਨਾਲੋਂ ਜ਼ਰਾ ਛੁਟੇਰੀਆਂ ਅੱਖਾਂ। ਠੋਡੀ ਉਸਤਰਿਆਈ ਹੋਈ। ਪਰ ਮੁਛਾਂ ਸਾਬਤ। ਮੱਥੇ ਦੀਆਂ ਨਾੜਾਂ ਕੁਝ ਉਭਰੀਆਂ ਹੋਈਆਂ। ਸਿਲਕੀ ਕਮੀਜ਼ ਤੇ ਕੰਨੀਦਾਰ ਧੋਤੀ ਮੂੰਹੋਂ ਬੋਲ ਕੇ ਉਸ ਦੇ ਵਡਿੱਤਣ ਦੀ ਸਾਖੀ ਭਰਦੀਆਂ ਸਨ। ਤਕਣੀ ਸਾਊਆਂ ਵਰਗੀ, ਪਰ ਸਮੁੱਚਾ ਪ੍ਰਭਾਵ ਅਫ਼ਸਰਾਨਾ ਜਿਹਾ। ਉਸ ਨੂੰ ਆਉਂਦਾ ਦੇਖ ਕੇ ਸਾਰੇ ਚੁੱਪ ਹੋ ਗਏ।

ਪ੍ਰੀਤੋ ਨੂੰ ਉਸ ਦੀ ਨੁਹਾਰ ਆਪਣੀ ਮਾਂ ਨਾਲ ਮਿਲਦੀ ਵੇਖ ਕੇ ਯਕੀਨ ਹੋ ਗਿਆ ਕਿ ਇਹੀ ਉਸ ਦਾ ਮਾਮਾ ਹੈ। ਉਸ ਅੱਗਾ ਵੇਖਿਆ ਨਾ ਪਿੱਛਾ ਤੇ ਧਾ ਕੇ ਉਸ ਨਾਲ ਜਾ ਲਗੀ ਇਹ ਚਿਲਾਂਦੀ ਹੋਈ-

"ਮਾ-ਮਾਮਾ ਜੀ, ਤੁਹਾਡੇ-ਤੁਹਾਡੇ ਨੌਕਰ ਨੇ ਮੇਰੀ ਬੇਇਜ਼ਤੀ ਕੀਤੀ ਏ।" ਤੇ ਪ੍ਰੀਤੋ ਭੁਬਾਂ ਮਾਰ ਉਠੀ।

ਤਮਾਸ਼ਾ ਹੋਰ ਦਿਲਚਸਪ ਬਣ ਗਿਆ। ਜਦ ਪਿੰਡ ਦੇ ਨਾਮੀ ਸ਼ਾਹੂਕਾਰ ਦੀ ਹਿੱਕ ਨਾਲ ਲਗੀ ਇਕ ਭੈੜੀ ਬਦਸ਼ਕਲ ਤੇ ਅਸਲੋਂ ਕੰਗਾਲ ਜਿਹੀ ਮੁਟਿਆਰ ਨੂੰ ਲੋਕਾਂ ਰੋਂਦਿਆਂ ਤਕਿਆ।

ਲਾਲਾ ਈਸ਼ਰਦਾਰ ਅਜੀਬ ਕੁੜਿਕੀ ਵਿਚ ਫਸਿਆ ਸੀ। ਹੱਥ ਦੀ ਮਾੜੀ ਜਿਹੀ ਹਰਕਤ ਨਾਲ ਉਹ ਉਸ ਨੂੰ ਪਰ੍ਹਾਂ ਸੁੱਟ ਸਕਦਾ ਸੀ। ਪਰ ਕੁੜੀ ਦੇ ਅਥਰੂ ਉਸ ਦਾ ਰਾਹ ਰੋਕੀ ਖੜੇ ਵੀ ਸਨ। ਮਨੋਵਿਗਿਆਨੀਆਂ ਅਨੁਸਾਰ ਅਥਰੂ ਸਚਿਆਈ ਜਾਂ ਹਕੀਕਤ ਪ੍ਰਗਟ ਕਰਨ ਦਾ ਇਕ ਰਾਹ ਹਨ।

"ਮਾਮਾ ਜੀ, ਮੈਂ ਮੈਂ ਤੁਹਾਡੀ ਭੈਣ ਕਰਮੋਂ ਦੀ ਧੀ ਹਾਂ। ਓਦੋਂ ਮੈਂ ਕੁਛੜ ਸਾਂ ਜਦੋਂ ਮਾਂ ਨੇ ।

ਪ੍ਰੀਤੋ ਨੇ ਸ਼ਾਇਦ ਇਹ ਸੋਚ ਕੇ ਗੁੰਝਲ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਸੀ ਜਿਸ ਨਾਲ ਉਸ ਨੂੰ ਘਰ ਵਿਚ ਤੇ ਘਰ ਵਾਲਿਆਂ ਦੇ ਦਿਲ ਵਿਚ ਜਗ੍ਹਾ ਮਿਲੇਗੀ। ਪਰ ਗੱਲ ਕੁਝ ਉਸ ਦੀ ਪੁਸ਼ਟੀ ਬਣ ਗਈ। ਪ੍ਰੀਤੋ ਨੂੰ ਸਮਝਣ ਵਿਚ ਦੇਰ ਨਾ ਲਗੀ ਕਿ ਜਿਸ ਚਸ਼ਮੇ ਦਾ ਠੰਢਾ ਪਾਣੀ ਪੀਣ ਲਈ ਉਹ ਆਈ ਹੈ, ਉਸ ਵਿਚ ਠੰਡਾ ਪਾਣੀ ਨਹੀਂ, ਸਗੋਂ ਹੱਡ ਮਾਸ ਨੂੰ ਗਾਲਣ ਵਾਲਾ ਤੇਜ਼ਾਬ ਭਰਿਆ ਹੋਇਆ ਹੈ।

ਗੱਲ ਭਾਵੇਂ ਚਿਰੋਕੀ ਸੀ-ਮਸੇ ਸੋਲਾਂ ਸਤਾਰਾਂ ਸਾਲ ਬੀਤੇ ਹੋਣਗੇ। ਪਰ ਪਿੰਡ ਵਾਲਿਆਂ ਨੂੰ ਕਰਮੋਂ ਦੇ ਨਿਕਲ ਜਾਣ ਦੀ ਘਟਨਾ ਕਲ੍ਹ ਵਾਂਗ ਯਾਦ ਸੀ।

ਜਦ ਪ੍ਰੀਤੋ ਮਾਮੇ ਦੇ ਸਰੀਰ ਤੋਂ ਅੱਡ ਹੋਈ ਤਾਂ ਉਸ ਵੇਖਿਆ, ਲਾਲਾ ਈਸ਼ਰ ਦਾਸ ਦੀਆਂ ਅੱਖਾਂ ਭੁਇੰ ਤੇ ਗਡੀਆਂ ਹੋਈਆਂ ਹਨ, ਜਿਵੇਂ ਗਰਕ ਜਾਣ ਲਈ ਕੋਈ ਵਿਹਲ ਲਭ ਰਿਹਾ ਹੋਵੇ।

ਪ੍ਰੀਤੋ ਦੇ ਆਲੇ ਦੁਆਲੇ ਖਲੋਤੇ ਮਰਦ ਇਸਤਰੀਆਂ ਅੱਖਾਂ ਦੇ ਇਸ਼ਾਰਿਆਂ ਨਾਲ ਤੇ ਬੁਲ੍ਹਾਂ ਦੀ ਘੁਸਰ ਮੁਸਰ ਕਰਦੇ ਝਟ ਪਟ ਉਥੋਂ ਕਿਰਨ ਮਕਿਰਨੀ ਹੋ ਗਏ। ਲਾਲਾ ਈਸ਼ਰ ਦਾਸ ਉਵੇਂ ਮੂੰਹ ਲਟਕਾਈ ਮਕਾਨ ਵਿਚ ਦਾਖਲ ਹੋਇਆ। ਉਸ ਦੇ ਮਗਰ ਪ੍ਰੀਤੋ ਵੀ। ਰਾਤ ਹੁੰਦਿਆਂ ਤਕ ਜਣੇ ਖਣੇ ਦੀ ਜ਼ਬਾਨ ਉਤੇ ਏਸੇ ਦਾ ਚਰਚਾ ਸੀ।

*****

## 8.

ਡਰੀ ਸਹਿਮੀ ਹਿਰਨੀ ਵਾਂਗ ਪ੍ਰੀਤੋ ਨੇ ਹਵੇਲੀ ਵਿਚ ਪ੍ਰਵੇਸ਼ ਕੀਤਾ। ਵਿਹੜੇ ਵਿਚ ਚੋਖੇ ਭਾਰੇ ਸਰੀਰ ਵਾਲੀ ਇਕ ਜਨਾਨੀ ਤਕੀਏ ਦਾ ਢਾਸਣਾ ਲਾਈ ਅੱਧ ਲੇਟੀ ਹਾਲਤ ਵਿਚ ਇੰਜ ਹਉਂਕ ਰਹੀ ਸੀ ਜਿਵੇਂ ਹੁਣੇ ਹੁਣੇ ਸਿਰ ਤੋਂ ਭਰੀਆਂ ਹੋਈਆਂ ਗਾਗਰਾਂ ਦਾ ਤੰਗੜਾ ਲਾਹ ਕੇ ਹਟੀ ਹੋਵੇ।

ਪ੍ਰੀਤੋ ਨੇ ਇਸ ਤੀਵੀਂ ਦੀਆਂ ਕਲੇਜਾ ਕੱਢੂ ਅੱਖਾਂ ਤੇ ਮੱਥੇ ਦੀਆਂ ਤਿਊੜੀਆਂ ਵਲ ਤਕ ਕੇ ਹੀ ਉਸ ਨੂੰ ਨਮਸਤੇ ਕਰਨ ਦੀ ਜੁਅਰਤ ਨਾ ਕਰ ਸਕੀ। ਏਹੋ ਹੈ ਮੇਰੀ ਮਾਮੀ। ਤੇ ਉਹ ਰਵਾਂ ਰਵੀਂ ਅਗਾਂਹ ਲੰਘ ਆਈ ਉਸ ਪਾਸੇ ਜਿਧਰ ਉਸ ਦਾ ਮਾਮਾ ਗਿਆ ਸੀ।

ਪ੍ਰੀਤੋ ਇਸ ਕਿਲ੍ਹੇ ਵਰਗੇ ਮਕਾਨ ਵਿਚ ਆ ਕੇ ਆਪਣੇ ਬੋਝ ਹੇਠ ਆਪ ਹੀ ਦਬੀਂਦੀ ਜਾ ਰਹੀ ਸੀ, 'ਕਾਸ਼। ਮੈਂ ਇਥੇ ਨ ਆਉਂਦੀ।"

“ਮਾਮਾ ਜੀ ਕਿਹੜੇ ਪਾਸੇ ਛਪਨਛੋਤ ਹੋ ਗਏ?” ਪ੍ਰੀਤੋ ਨੇ ਏਧਰ ਓਧਰ ਵੇਖਿਆ। ਮਾਮਾ ਤਾਂ ਕਿਤੇ ਵਿਖਾਈ ਨਾ ਦਿੱਤਾ। ਜੋ ਕੁਝ ਉਸ ਨੂੰ ਦਿਖਾਈ ਦੇ ਰਿਹਾ ਸੀ ਤਾਂ ਵੱਡੇ ਵੱਡੇ ਕਈ ਕਮਰੇ—ਕੋਈ ਬੰਦ ਕੋਈ ਖੁਲ੍ਹਾ। ਰਸੋਈ ਵਿਚ ਤੜਕਾ ਲਾਣ ਦੀ ਖ਼ੁਸ਼ਬੂ ਆ ਰਹੀ ਸੀ।

ਕਾਫ਼ੀ ਚਿਰ ਇਕੋ ਥਾਂ ਤੇ ਖਲੋਤੀ ਰਹਿਣ ਪਿਛੋਂ ਇਕ ਨੌਕਰਾਣੀ ਉਸ ਨੂੰ ਸੈਨਤ ਨਾਲ ਇਕ ਕਮਰੇ ਵਲ ਲੈ ਤੁਰੀ। ਵਕਤ ਦਾ ਮਿੰਟ ਮਿੰਟ ਡਾਢਾ ਹੀ ਔਖਾ ਬੀਤ ਰਿਹਾ ਸੀ। ਹੁਣ ਉਹ ਇਕ ਪਿੰਜਰੇ ਵਿਚ ਕੈਦ ਸੀ। ਅੱਖਾਂ ਉਸ ਦੀਆਂ ਕਿਸੇ ਅੰਦਰਲੇ ਦਬਾਉ ਕਾਰਨ ਕੁਝ ਬੋਝਲ, ਕੁਝ ਗਰਮ, ਕੁਝ ਬੇ-ਹਰਕਤ ਜਿਹੀਆਂ ਸਨ।

ਤਦੇ ਉਹ ਨੌਕਰਾਣੀ ਇਕ ਥਾਲੀ ਵਿਚ ਰੋਟੀ ਤੇ ਪਾਣੀ ਦਾ ਗਲਾਸ ਲੈ ਕੇ ਆਈ। 'ਲੈ ਕੁੜੀਏ। ਰੋਟੀ ਖਾ ਲੈ।' ਤੇ ਹੱਥ ਧੁਆਣ ਲਈ ਉਸ ਗਲਾਸ ਵਾਲਾ ਹੱਥ ਅਗਾਂਹ ਵਧਾਇਆ।

ਪ੍ਰੀਤੋ ਨੇ ਬਿਨਾਂ ਹੀਲ ਹੁੱਜਤ ਹੱਥ ਧੋ ਲਏ। ਤਿਪਾਈ ਉਤੇ ਰੱਖੀ ਹੋਈ ਥਾਲੀ ਉਸ ਸਰਕਾ ਕੇ ਮੰਜੇ ਨੇੜੇ ਕਰ ਲਈ। ਵਾਪਰੀਆਂ ਗੱਲਾਂ ਅਜਿਹੀਆਂ ਨਹੀਂ ਸਨ ਕਿ ਉਸ ਨੂੰ ਭੁੱਖ ਲਗਣ ਦੇਂਦੀਆਂ। ਪਰ ਕਈ ਡੰਗਾਂ ਤੋਂ ਭੁੱਖੀ ਪ੍ਰੀਤੋ ਨੂੰ ਇਸ ਵੇਲੇ ਭੁੱਖ ਲਗ ਆਈ ਸੀ।

ਰੋਟੀ ਖਾਂਦਿਆਂ ਖਾਂਦਿਆਂ ਪ੍ਰੀਤੋ ਨੂੰ ਕੁਝ ਇੰਜ ਦੀ ਗਿਲਾਨੀ ਜਿਹੀ ਹੋ ਰਹੀ ਸੀ ਆਪਣੇ ਆਪ ਉਤੇ ਜਿਵੇਂ ਹਰ ਇਕ ਗਰਾਹੀ ਉਸ ਦੇ ਸ੍ਵੈਮਾਣ ਨੂੰ ਵਲੂੰਧਰਦੀ ਜਾ ਰਹੀ ਹੋਵੇ। ਕੀ ਉਹ ਨਿਰਾ ਮੰਨੀਆਂ ਨਿਗਲਣ ਲਈ ਹੀ ਇਥੇ ਆਈ ਹੈ। ਇਤਨਾ ਅਪਮਾਨ ਤਾਂ ਉਸ ਦਾ ਸਤ ਬਿਗਾਨੇ ਘਰ ਮੰਗਤੀ ਬਣ ਕੇ ਜਾ ਕੇ ਵੀ ਨਹੀਂ ਸੀ ਹੋਣਾ। ਕੁਝ ਵੀ ਸਹੀ। ਮੈਂ ਇਸ ਘਰ ਦੀ ਦੋਹਤਰੀ ਹਾਂ। ਸਿੱਧੇ ਮੂੰਹ ਕਿਸੇ ਨੇ ਉਸ ਦਾ ਦੁੱਖ ਸੁੱਖ ਨਹੀਂ ਪੁਛਿਆ। ਦੋ ਘੜੀਆਂ ਲਈ ਕੋਈ ਉਸ ਪਾਸ ਆ ਕੇ ਬੈਠ ਤਾਂ ਜਾਂਦਾ। ਕੋਈ ਉਸ ਦੀ ਵਾਤ ਤਾਂ ਪੁੱਛਦਾ।

ਥੋੜ੍ਹੀ ਦੇਰ ਬਾਅਦ ਉਸ ਸੁਆਣੀ ਨੇ ਆ ਕੇ ਉਸ ਨੂੰ ਕਿਹਾ-'ਬੀਬੀ ਤੈਨੂੰ ਸੱਦੀ ਦਾ ਏ' ਤੇ ਪ੍ਰੀਤੋ ਬਿਨਾਂ ਪੁਛਿਆਂ ਜੁ ਕਿਸ ਵਲੋਂ ਸਦੀਦਾ ਹੈ, ਉਸ ਦੇ ਨਾਲ ਤੁਰ ਪਈ।

ਪ੍ਰੀਤੋ ਦਾ ਖ਼ਿਆਲ ਸੀ ਕਿ ਜ਼ਰੂਰ ਮਾਮਾ ਜੀ ਨੇ ਉਸ ਨੂੰ ਸੱਦਿਆ ਹੋਵੇਗਾ। ਪਰ ਇਥੇ ਤਾਂ ਮਾਮੀ ਇਕ ਖੂਬ ਸਜੇ ਹੋਏ ਕਮਰੇ ਵਿਚ ਬਿਰਾਜਮਾਨ ਸੀ।

"ਬਹਿ ਜਾ' ਮਾਮੀ ਨੇ ਭਣੇਵੀਂ ਨੂੰ ਕੁਰਸੀ ਤੇ ਬੈਠਣ ਦਾ ਸੰਕੇਤ ਕੀਤਾ।

"ਕੀ ਕਿਹਾ ਧੀ, ਕਰਮੋਂ ਦੀ ਧੀ ਏਂ ਤੂੰ? ਜਿਵੇਂ ਕੋਈ ਜੱਜ ਮੁਲਜ਼ਮ ਉਤੇ ਜਿਰਹ ਕਰ ਰਿਹਾ ਹੋਵੇ। ਮਾਮੀ ਹਾਕਮਾਨਾ ਲਹਿਜੇ ਵਿਚ ਪੁੱਛ ਰਹੀ ਸੀ।

“ਹਾਂ ਜੀ।”

"ਉਹ ਅਜੇ ਜਿਉਂਦੀ ਏ? ਅਸਾਂ ਤੇ ਸਮਝਿਆ ਮਰ ਖਪ ਗਈ ਹੋਵੇਗੀ ਕਦੇ ਦੀ।" ਮਾਮੀ ਨੇ ਹਲਕਾ ਜਿਹਾ ਦੁਹੱਥੜ ਮੱਥੇ ਉਤੇ ਮਾਰਿਆ।

ਪ੍ਰੀਤੋ ਦੇ ਕਲੇਜੇ ਵਿਚ ਜਿਵੇਂ ਬਰਛੀ ਖਭੋ ਦਿੱਤੀ। ਉਸ ਦੀ ਜ਼ਬਾਨ ਖੁਲ੍ਹਦੀ ਖੁਲ੍ਹਦੀ ਰੁਕ ਗਈ, ਉਸ ਦਾ ਸਿਰ ਤਣਦਾ ਤਣਦਾ ਝੁਕ ਗਿਆ।

ਉਸ ਦੀ ਚੁੱਪ ਨੂੰ ਸ਼ਰਮਿੰਦਗੀ ਖ਼ਿਆਲ ਕਰਦਿਆਂ ਮਾਮੀ ਦੀ ਜ਼ਬਾਨ ਵਿਚ ਹੋਰ ਤਰਾਵਤ ਆ ਗਈ।

"ਹਲਾ, ਕਿਥੇ ਕਿਥੇ ਝਖਾਂ ਮਾਰਦੀ ਫਿਰੀ ਉਹ ਏਨਾ ਚਿਰ? ਪਿਛੇ ਜਿਹੇ ਸੁਣਿਆ ਸੀ ਅਖੇ ਪਹਿਲੇ ਨੂੰ ਛਡ ਕੇ ਕੋਈ ਹੋਰ ਕਰ ਲਿਆ ਸੂ। ਹਾਏ ਨੀ ਜਗੋਂ ਜਾਣੀਏ। ਏਨੀ ਮਿੱਟੀ ਬਾਲ ਕੇ ਸਾਡੀ, ਫੇਰ ਵੀ ਤੇਰਾ ਢਿੱਡ ਨਾ ਭਰਿਆ? ਅਖੇ ਮੂੰਹੋਂ ਲਥੀ ਲੋਈ ਤੇ ਕੀਹ ਕਰੇਗਾ ਕੋਈ-।"

ਪ੍ਰੀਤੋ ਅੰਦਰ ਹਿੰਸਾ ਦੇ ਭਾਵ ਪੈਦਾ ਹੋਣ ਲਗੇ। ਪਰ ਵਕਤ ਦੀ ਨਜ਼ਾਕਤ ਦਾ ਧਿਆਨ ਕਰਦਿਆਂ ਉਹ ਦੜ ਵਟੀ ਸੁਣਦੀ ਚਲੀ ਗਈ-

ਚੰਗਿਆਂ ਚੰਗਿਆਂ ਨੂੰ ਵਖਤ ਪੈਂਦੇ ਆਏ ਨੇ। ਰਾਣੀਆਂ ਸੁਆਣੀਆਂ ਦੇ ਸੁਹਾਗ ਲੁੜੀਂਦੇ ਵੇਖੇ ਨੇ। ਪਰ ਇਹੋ ਜਿਹੀ ਅਣਹੋਣੀ ਤਾਂ ਕਦੇ ਕਿਸੇ ਨਾਲ ਨਾ ਵਰਤੇ। ਥੁੜੇ ਦਾ ਸੋ ਇਲਾਜ ਪਰ ਥਿੜੇ ਦਾ ਇਲਾਜ ਕੌਣ ਕਰੇ? ਨਹੀਂ ਤਾਂ ਭਲਾ ਘਰ ਵਿਚ ਕਿਸੇ ਜੀਜ਼ ਦਾ ਘਾਟਾ ਸੀ ਜੁ ਏਡੀ ਅੱਗ ਲਗ ਗਈ ਹੈਂ ਸਿਆਰੀ ਨੂੰ"

ਮਾਮੀ ਤੋਂ ਬਾਅਦ ਵਾਰੀ ਆਈ ਦੋਹਤਰੀ ਦੀ। ਪ੍ਰੀਤੋ ਇਸ ਵੇਲੇ ਗਲ ਗਲ ਤੀਕ ਭਰੀ ਹੋਈ ਸੀ। ਉਹ ਕੁਝ ਵੀ ਬੋਲਣ ਦੇ ਰਉਂ ਵਿਚ ਨਹੀਂ ਸੀ। ਫਿਰ ਵੀ ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਵਿਚ ਉਸ ਆਪਣੀ ਵਿਥਿਆ ਕਹਿ ਸੁਣਾਈ।

ਸੁਣਾ ਚੁਕਣ ਪਿਛੋਂ ਪ੍ਰੀਤੋ ਨੂੰ ਜਾਪਿਆ ਮਾਮੀ ਦਾ ਰਵੱਈਆ ਕੁਝ ਬਦਲਿਆ ਹੈ—

"ਚਲ ਸ਼ੁਕਰ ਹੋਇਆ ਜੁ ਮਰ ਗਈ। ਧਰਤੀ ਦਾ ਭਾਰ ਘਟਿਆ। ਇਹੋ ਜਿਹੀਆਂ ਕਲੂਖਤਾਂ ਦਾ ਮਰਨਾ ਈ ਚੰਗਾ। ਇਸ ਵਿਚ ਤੇਰਾ ਵਿਚਾਰੀ ਦਾ ਕੀ ਦੋਸ਼ ਪਰ ਇਕ ਮੱਛੀ ਮਰ ਕੇ ਸਾਰਾ ਪਾਣੀ ਗੰਦਾ ਕਰ ਦੇਂਦੀ ਏ। ਤੂੰ ਭਾਵੇਂ ਕਿਨਿਉਂ ਦੁੱਧ

ਦੀ ਧੋਤੀ ਪਈ ਵੱ, ਜਿਹੜੀ ਬੱਜ ਉਹ ਮੂੰਹ ਕਾਲੀ ਤੈਨੂੰ ਲਾ ਗਈ ਏ ਉਹ ਤਾਂ ਮਿਟ ਨਹੀਂ ਸਕਦੀ"

ਪ੍ਰੀਤੋ ਅੰਦਰੋਂ ਅੰਦਰ ਅੱਗ ਬਗੋਲਾ ਹੋ ਉਠੀ। ਪਰ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਉਸ ਜ਼ਬਾਨ ਦੰਦਾਂ ਹੇਠ ਦੇ ਲਈ।

"ਹੱਛਾ!" ਇਕ ਲੰਮਾ ਹਉਕਾ ਭਰ ਕੇ ਮਾਮੀ ਕਹਿ ਰਹੀ ਸੀ-“ਸ਼ਾਸਤਰਾਂ ਦਾ ਹੁਕਮ ਏ ਜੁ ਦੁਸ਼ਮਣ ਵੀ ਬੂਹੇ ਤੇ ਆ ਡਿਗੇ ਤਾਂ ਉਸ ਨੂੰ ਧੱਕਾ ਦੇਣਾ ਪਾਪ ਏ। ਪਰ ਸੱਚੀ ਗੱਲ ਦਾ ਗੁੱਸਾ ਨਾ ਕਰੀਂ। ਬੰਦੇ ਦੀ ਇਜ਼ਤ ਲੱਖੀਂ ਨਾ ਕਰੋੜੀ। ਸੋ ਹਾਲੇ ਤੂੰ ਕੁਝ ਦਿਨ ਟਿਕੀ ਰਹੁ, ਜਦੋਂ ਤੀਕ ਕਿਤੇ ਕੋਈ ਆਹਰ ਪਾਹਰ ਨਹੀਓਂ ਹੋ ਜਾਂਦਾ।"

ਤ੍ਰਭਕ ਉਠੀ ਪ੍ਰੀਤੋ ਏਸ ਆਹਰ ਪਾਹਰ ਨੂੰ ਸੁਣ ਕੇ। ਪਰ ਸਪੱਸ਼ਟ ਤੌਰ ਤੇ ਇਸ ਦਾ ਭਾਵ ਉਸ ਦੀ ਸਮਝ ਵਿਚ ਨਾ ਆ ਸਕਿਆ।

*****

## 9.

ਅੱਜ ਹੋਰ, ਭਲਕੇ ਹੋਰ, ਪਰਸੋਂ ਹੋਰ। ਛੇਕੜ ਪ੍ਰੀਤ ਨੇ ਆਪਣੇ ਆਪ ਨੂੰ ਉਸ ਵਾਤਾਵਰਨ ਵਿਚ ਸਮੋਂ ਲਿਆ। ਪਰ ਇਸ ਦਾ ਭਾਵ ਇਹ ਨਹੀਂ ਕਿ ਨਾਨਕੀਂ ਰਹਿ ਕੇ ਉਸ ਨੂੰ ਆਤਮ ਸੰਤੋਖ ਮਿਲ ਗਿਆ ਹੋਵੇ। ਸੰਤੋਖ ਨਾ ਮਿਲਣ ਦੇ ਬਾਵਜੂਦ ਉਸ ਨੇ ਆਪਣੇ ਆਪ ਨੂੰ ਉਸ ਮਾਹੌਲ ਅਨੁਕੂਲ ਢਾਲ ਲਿਆ।

ਨਾਨਕੇ ਘਰ ਦਾ ਮਾਹੌਲ ਉਸ ਲਈ ਡਾਢਾ ਹੀ ਹੁਸੜਾਉ ਤੇ ਗਲਘੋਟੂ ਕਿਸਮ ਦਾ ਸੀ। ਵਡਿਆਂ ਘਰਾਂ ਵਿਚ ਕਿਸੇ ਛੋਟੀ ਹੈਸੀਅਤ ਦੇ ਰਿਸ਼ਤੇਦਾਰ ਨਾਲ ਜਿਹੋ ਜਿਹਾ ਸਲੂਕ ਹੁੰਦਾ ਹੈ, ਜੇ ਕਦੀ ਪ੍ਰੀਤੋ ਨਾਲ ਵੀ ਅਜੇਹਾ ਹੁੰਦਾ ਤਾਂ ਉਹ ਸਹਿ ਗੁਜ਼ਰਦੀ। ਪਰ ਇਥੇ ਤਾਂ ਤੰਦੂਰ ਵਿਚੋਂ ਕਢ ਕੇ ਭੱਠੀ ਵਿਚ ਝੋਕਣ ਵਾਲੀ ਹਾਲਤ ਸੀ।

ਲੋਕਾਚਾਰੀ ਨਿਭਾਹੁਣ ਵਜੋਂ ਤੇ ਜਾਂ ਦੋਹਤਰੀ ਦੇ ਹਾਲ ਉਤੇ ਤਰਸ ਖਾ ਕੇ ਘਰ ਦਿਆਂ ਨੇ ਉਸ ਨੂੰ ਇਕ ਛੋਟਾ ਜਿਹਾ ਨਿਵੇਕਲਾ ਕਮਰਾ ਦੇ ਦਿੱਤਾ। ਪਰ ਦਿਲੋਂ ਉਸ ਨੂੰ ਘਰ ਰੱਖਣ ਦੇ ਹੱਕ ਵਿਚ ਕੋਈ ਵੀ ਨਹੀਂ ਸੀ। ਜਿਸ ਘਰ ਦੀ ਜੰਮੀ ਜਾਈ ਨੇ ਕਰੇਵਾ ਕਰਕੇ ਉਨ੍ਹਾਂ ਦੇ ਖਾਨਦਾਨ ਦਾ ਨੱਕ ਵਢਿਆ, ਉਸੇ ਦੀ ਧੀ ਉਨ੍ਹਾਂ ਦੇ ਮਿਲ ਚੁਕੇ ਜ਼ਖ਼ਮਾਂ ਉਤੇ ਨਹੁੰਦਰਾਂ ਚਲਾਣ ਲਈ ਆ ਵੜੇ। ਪਰ ਹਾਲ ਦੀ ਘੜੀ ਬਦਨਾਮੀ ਤੋਂ ਡਰ ਕੇ ਉਨ੍ਹਾਂ ਇਕ ਹੋਰ ਨਮੋਸ਼ੀ ਸਹੇੜਨੀ ਸਹੀ ਨਾ ਸਮਝੀ।

ਪ੍ਰੀਤੋਂ ਨੂੰ ਆਸਰਾ ਮਿਲ ਗਿਆ। ਉਸ ਦੀ ਰੋਟੀ ਕਪੜੇ ਦੀ ਚਿੰਤਾ ਮੁਕ ਗਈ। ਉਹ ਆਪਣੀ ਮਰਜ਼ੀ ਦੀ ਮਾਲਕ ਸੀ। ਉਸ ਨੇ ਸੋਚਿਆ-ਜੇ ਕਦੀ ਉਸ ਨੂੰ ਚੈਨ ਨਾਲ ਟਿਕਣਾ ਨਸੀਬ ਹੋਇਆ ਤਾਂ ਉਹ ਆਪਣੇ ਪੈਰਾਂ ਤੇ ਖੜੀ ਹੋਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਦੇਵੇਗੀ। ਇਕ ਵਾਰੀ ਉਸ ਦਾ ਕਿਤੇ ਨਹੁੰ ਅੜ ਗਿਆ, ਫੇਰ ਉਸ ਨੂੰ ਕਿਸੇ ਲਾਟ ਦੀ ਪਰਵਾਹ ਨਹੀਂ।

ਪਰ ਪੜ੍ਹਾਈ ਲਈ ਸਰੀਰਕ ਸੁਤੰਤਰਤਾ ਤੋਂ ਛੁੱਟ ਮਾਨਸਿਕ ਚੈਨ ਦੀ ਲੋੜ ਵੀ ਹੁੰਦੀ ਹੈ। ਨਾ ਪ੍ਰੀਤੋ ਦਾ ਪੜ੍ਹਨ ਲਿਖਣ ਨੂੰ ਰੂਹ ਕਰਦਾ ਨਾ ਹੋਰ ਕਾਸੇ ਨੂੰ ਇਸ ਦਾ ਕਾਰਨ ਘਰ ਦਿਆਂ ਦੀ ਉਸ ਪ੍ਰਤੀ ਬੇਰੁਖੀ, ਨਫ਼ਰਤ ਤੇ ਉਪੇਖਿਆ ਭਰੀ ਵਰਤੋਂ ਸੀ। ਕੋਈ ਘਰ ਵਿਚ ਉਸ ਨਾਲ ਜ਼ਬਾਨ ਤਕ ਸਾਂਝੀ ਨਾ ਕਰਦਾ। ਭਰੇ ਘਰ ਵਿਚ ਉਹ ਬਿਲਕੁਲ ਇੱਕਲੀ ਸੀ। ਮਾਮੇ ਦੀ ਸੰਤਾਨ ਤਾਂ ਉਸ ਨਾਲ ਅੱਖ ਮੇਲਣ ਦੀ ਰਵਾਦਾਰ ਵੀ ਨਹੀਂ। ਮਾਮਾ ਕਦੀ ਕਦਾਈਂ ਵਿਖਾਵੇ ਵਜੋਂ ਓਪਰਾ ਓਪਰਾ ਹਾਲ ਚਾਲ ਪੁਛ ਲੈਂਦਾ। ਨਹੀਂ ਤਾਂ ਘਰ ਦੇ ਮੁੰਡੇ ਕੁੜੀਆਂ ਇੰਜ ਰਾਹ ਵਲਾ ਕੇ ਲੰਘਦੇ, ਜਿਵੇਂ ਪ੍ਰੀਤੋ ਪਲੇਗੀ ਚੂਹਾ ਹੋਵੇ।

ਸਭ ਤੋਂ ਵੱਡੀ ਔਖਿਆਈ ਉਸ ਲਈ ਇਹ ਸੀ ਕਿ ਮਾਮੀ ਦਾ ਕਮਰਾ ਉਸ ਦੇ ਲਾਗੇ ਸੀ, ਜਿਥੇ ਉਹ ਪਲੰਘ ਉਤੇ ਢਾਸਣਾ ਲਾਈ ਬੈਠੀ ਸਾਰਾ ਦਿਨ ਚਿਲਾਂਦੀ ਰਹਿੰਦੀ ਤੇ ਘਰ ਦਿਆਂ ਨੂੰ ਸਲਵਾਤਾਂ ਸੁਣਾਂਦੀ ਰਹਿੰਦੀ-“ਤੇ ਫਲਾਣਿਆ, ਤੇਰੀ ਬੇੜੀ ਗਰਕ ਜਾਏ- ਨੀ ਢਿਮਕਣੀਏ, ਤੇਰਾ ਕੱਖ ਨਾ ਰਹੇ।”

'ਦਰੋਪਤੀ' ਨੂੰ ਇਕੋਤਰ ਸੌ ਬਿਮਾਰੀਆਂ ਸਨ। ਉਸ ਨੂੰ ਦਿਲ ਦੇ ਦੌਰੇ ਪੈਂਦੇ। ਕਦੀ ਕੋਈ ਹੋਰ ਬਿਮਾਰੀ ਦਬੋਚ ਲੈਂਦੀ। ਪਰ ਬੀਮਾਰੀਆਂ ਦੇ ਬਾਵਜੂਦ ਵੀ ਉਸ ਦੀ ਜ਼ਬਾਨ ਚੜ੍ਹਦੀਆਂ ਕਲਾਂ ਵਿਚ ਸੀ।

ਜਦੋਂ ਦੀ ਪ੍ਰੀਤੋ ਇਸ ਘਰ ਵਿਚ ਆਈ, ਉਦੋਂ ਤੋਂ ਇਹ ਦੌਰੇ ਹੋਰ ਲੰਮੇ ਤੇ ਛੇਤੀ ਛੇਤੀ ਪੈਣੇ ਸ਼ੁਰੂ ਹੋ ਗਏ। ਜਿਸ ਬਾਰੇ ਹੋਰਨਾਂ ਦਾ ਖ਼ਿਆਲ ਸੀ ਕਿ ਘਰ ਦੀ ਮਾਨ ਮਰਯਾਦਾ ਭੰਗ ਹੋਣ ਕਾਰਨ ਇਹ ਦੌਰੇ ਵਧ ਗਏ ਹਨ। ਇਸ ਲਈ ਪ੍ਰੀਤੋ ਪ੍ਰਤੀ ਨਫ਼ਰਤ ਦਾ ਜਜ਼ਬਾ ਹੋਰ ਵੀ ਭੜਕ ਉਠਿਆ।

ਪ੍ਰੀਤੋ ਦੀ ਮਾਮੀ ਦਰੋਪਤੀ ਦਾ ਕਮਰਾ ਪ੍ਰੀਤੋ ਦੇ ਲਾਗੇ ਹੋਣ ਕਾਰਨ ਉਸ ਦੀਆਂ ਦਹਾੜਾਂ ਸਾਰਾ ਦਿਨ ਵਾਤਾਵਰਨ ਵਿਚ ਗੂੰਜਦੀਆਂ ਰਹਿੰਦੀਆਂ ਰੱਬ ਸੱਚਾ ਦੁਸ਼ਮਣ ਨਾਲ ਨਾ ਕਰਾਏ ਜਿਹੜੀ ਸਾਡੇ ਨਾਲ ਹੋਣ ਡਹੀ ਹੋਈ ਏ। ਇਕ ਜੰਮਦੇ ਨੇ ਜਿਹੜੇ ਘਰਦਿਆਂ ਦਾ ਨਾਂ ਰੋਸ਼ਨ ਕਰਦੇ ਨੇ, ਇਕ ਐਸੇ ਕੁਲੱਛਣੇ ਪੈਦਾ ਹੁੰਦੇ

ਨੇ ਜੇਹੜੇ ਅਗਲਿਆਂ ਪਿਛਲਿਆਂ ਦਾ ਨੱਕ ਵੱਢ ਕੇ ਥਾਲੀ ਵਿਚ ਰੱਖ ਲੈਂਦੇ ਨੇ_ ਜੀ ਕਰਦੈ ਮਹੁਰਾ ਚੱਟ ਲਵਾਂ_"

ਭਾਵੇਂ ਸਿਧੇ ਤੌਰ ਤੇ ਇਸ ਵਿਚ ਪ੍ਰੀਤੋ ਦਾ ਨਾਂ ਨਹੀਂ ਸੀ ਲਿਆ ਜਾਂਦਾ। ਪਰ ਪ੍ਰੀਤੋ ਏਨੀ ਬੇਸਮਝ ਵੀ ਨਹੀਂ ਸੀ ਕਿ ਉਸ ਦੀ ਮਾਮੀ ਦੀ ਜ਼ਬਾਨ ਦੀ ਤੋਪ ਕਿਸ ਨਿਸ਼ਾਨੇ ਦੀ ਸੇਧੇ ਚਲ ਰਹੀ ਹੈ।

ਮਾਮੀ ਤੋਂ ਛੁਟ ਮਾਮਾ ਵੀ ਉਸ ਸੁਰ ਤਾਲ ਵਿਚ ਪ੍ਰੀਤੋ ਨਾਲ ਬੋਲਦਾ। ਇਸ ਤੋਂ ਪ੍ਰੀਤੋ ਨੇ ਅਨੁਮਾਨ ਲਾ ਲਿਆ ਕਿ ਏਸ ਘਰ ਵਿਚ ਬਹੁਤਾ ਚਿਰ ਟਿਕੇ ਰਹਿਣਾ ਉਸ ਲਈ ਮੁਸ਼ਕਿਲ ਹੋ ਗਿਆ ਹੈ। ਪਰ ਸਵਾਲ ਸੀ ਕਿ ਇਥੋਂ ਨਿਕਲ ਕੇ ਉਹ ਜਾਏਗੀ ਕਿਥੇ ?

ਤਾਂ ਹੀ ਇਕ ਰਾਤ ਪ੍ਰੀਤੋ ਦਾ ਮਾਮਾ ਉਸ ਨੂੰ ਆਖਣ ਲਗਾ- “ਸੁਣਾ ਪ੍ਰੀਤੋ, ਕਿਸੇ ਗੱਲ ਦੀ ਤਕਲੀਫ ਤਾਂ ਨਹੀਓ ਇਥੇ ?”

'ਨਹੀਂ ਮਾਮਾ ਜੀ'

"ਵਿਹਲੀ ਬੈਠੀ ਤੰਗ ਆ ਜਾਂਦੀ ਹੋਵੇਂਗੀ ਤੂੰ?

'ਹਾਂ, ਮਾਮਾ ਜੀ"

'ਤਾਹੀਂਏ ਮਾੜੀ ਹੋ ਗਈ ਏਂ। ਕੰਮ-ਕਾਰ ਨਾਲ ਹੀ ਬੰਦੇ ਨੂੰ ਖਾਧਾ ਪੀਤਾ ਲਗਦਾ ਏ।

'ਠੀਕ ਏ ਮਾਮਾ ਜੀ।"

"ਹਾਂ ਸੱਚ, ਤੂੰ ਓਦਨ ਕਿਹਾ ਸੀ ਕਿ ਜੇ ਤੈਨੂੰ ਕਿਸੇ ਸਕੂਲ ਵਿਚ ਨੌਕਰੀ ਮਿਲ ਜਾਏ।'

'ਆਹੋ, ਕਿਹਾ ਸੀ, ਮਾਮਾ ਜੀ '

"ਤਾਂ ਫਿਰ ਐਉਂ ਕਰ, ਇਕ ਦਰਖ਼ਾਸਤ ਲਿਖ ਦੇ ਮੈਨੂੰ ਕੰਨਿਆ ਪਾਠਸ਼ਾਲਾ ਮਲੇਰਕੋਟਲਾ ਵਲ, ਕਾਫ਼ੀ ਪਹੁੰਚ ਏ ਮੇਰੀ "

'ਆਹੋ ਮਾਮਾ ਜੀ'

ਤਾਂ ਫਿਰ ਭਲਕੇ ਅਰਜ਼ੀ ਲਿਖ ਕੇ ਦੇ ਦਈ ਮੈਨੂੰ ਕਹਿ ਕੇ ਲਾਲਾ ਈਸ਼ਰਦਾਸ ਚਲਾ ਗਿਆ।

ਪ੍ਰੀਤੋ ਦੀਆਂ ਅੱਖਾਂ ਕਿਸੇ ਨਵ ਕਿਰਨ ਦੀ ਆਸ ਨਾਲ ਜਗਮਗਾ ਉਠੀਆਂ।

ਅਗਲੇ ਦਿਨ ਲਾਲਾ ਈਸ਼ਰਦਾਸ ਪ੍ਰੀਤੋ ਦੀ ਲਿਖੀ ਹੋਈ ਅਰਜ਼ੀ ਲੈ ਗਿਆ। ਪ੍ਰੀਤੋ ਨੇ ਹੁਣ ਤੋਂ ਹੀ ਘੜੀਆਂ ਪਲ ਗਿਣਨੇ ਸ਼ੁਰੂ ਕਰ ਦਿੱਤੇ।

*****

## 10.

ਵਾਤਾਵਰਣ ਭਾਵੇਂ ਕਿੰਨਾ ਹੀ ਗਲ ਘੋਟੂ ਸੀ ਪ੍ਰੀਤੋ ਲਈ, ਪਰ ਅਰਜ਼ੀ ਭੇਜਣ ਪਿਛੋਂ ਇਹ ਏਨਾ ਅਸਹਿ ਨਹੀਂ ਸੀ ਰਿਹਾ। ਉਹ ਇਹ ਆਖ ਕੇ ਦਿਲ ਨੂੰ ਖਲਿਹਾਰ ਲੈਂਦੀ-"ਮੈਂ ਕੋਈ ਇਥੇ ਬੈਠੀ ਰਹਿਣਾ ਏ? ਥੋੜੇ ਦਿਨਾਂ ਦੀ ਹੀ ਤਾਂ ਗੱਲ ਏ।"

ਪਰ ਪ੍ਰੀਤੋ ਲਈ ਹਰ ਪਲ ਗੁਜ਼ਾਰਨਾ ਔਖਾ ਹੋ ਰਿਹਾ ਸੀ। ਮਾਪੇ, ਧੀਆਂ ਪੁੱਤਰ, ਨੌਕਰ ਚਾਕਰ ਤੇ ਕੀ ਆਂਢ-ਗੁਆਂਦ-ਸਾਰੇ ਉਸ ਨਾਲ ਛੇੜ ਛਾੜ ਕਰਕੇ ਉਸ ਦੇ ਦਿਲ ਦੇ ਪੁਰਾਣੇ ਖਰੀਂਢ ਛਿਲਣ ਵਿਚ ਸੁਆਦ ਲੈਣ ਲਗ ਪਏ। ਪ੍ਰੀਤੋ ਸਭ ਦੀਆਂ ਸੁਣੀ ਜਾਂਦੀ ਤੇ ਕਲੇਜੇ ਉਤੇ ਨਵੇਂ ਜ਼ਖ਼ਮ ਖਾਈ ਜਾਂਦੀ। ਬਥੇਰੀਆਂ ਬਲ ਬਲ ਉਠਦੀਆਂ ਉਸਦੇ ਅੰਦਰ-ਉਸ ਦਾ ਜੀ ਕਰਦਾ ਇਨ੍ਹਾਂ ਟਿਚਕਰ ਕਰਨ ਵਾਲੀਆਂ ਦਾ ਮੂੰਹ ਝਰੀਟ ਸੁਟੇ। ਪਰ ਦੜ ਵਟਣ ਤੋਂ ਹੋਰ ਕੁਝ ਹੱਥ ਨਾ ਆਉਂਦਾ।

ਕਈ ਗੁਆਂਢਣਾਂ ਉਸ ਨਾਲ ਹਮਦਰਦੀ ਪ੍ਰਗਟ ਕਰਦੀਆਂ ਉਸਦੀ ਸ਼ਕਲ ਸੂਰਤ ਬਾਰੇ ਵੀ ਟੀਕਾ ਟਿਪਣੀ ਸ਼ੁਰੂ ਕਰ ਦੇਂਦੀਆਂ-"ਤੇਰੀ ਮਾਂ ਤਾਂ ਪ੍ਰੀਤੋ, ਵਾਹਵਾ ਡੀਲ ਡੋਲ ਵਾਲੀ ਸੀ । ਤੂੰ ਕਿਸ ਤੇ ਗਈ ਏਂ ਭਲਾ?_ ਮਰ ਜਾਣੇ ਮਤਰੇਏ ਪਿਉ ਨੇ ਭੁਖਿਆਂ ਤਿਹਾਇਆਂ ਰਖ ਰਖ ਕੇ ਮਾਰ ਮੁਕਾਇਆ ਹੋਣਾ ਏਂ ਇਸ ਵਿਚਾਰੀ ਨੂੰ। ਤਾਈਏਂ ਤੇ ਮੂੰਹ ਮੱਥਾ ਏਡਾ ਡਰਾਉਣਾ ਹੋ ਗਿਆ ਸੂ...।"

ਤੇੜੇ ਹੋਏ ਘੜੇ ਵਿਚ ਕਿਚਰ ਤੀਕ ਪਾਣੀ ਸੁਰੱਖਿਅਤ ਰਹਿ ਸਕਦਾ ਹੈ। ਬਥੇਰਾ ਯਤਨ ਕਰਦੀ ਪ੍ਰੀਤੋ ਆਪਣੇ ਜਜ਼ਬਿਆਂ ਨੂੰ ਸੰਜਮ ਵਿਚ ਰੱਖਣ ਦਾ, ਪਰ ਕਈ ਵਾਰੀ ਰੋਕਦਿਆਂ ਰੋਕਦਿਆਂ ਵੀ ਉਸਦੇ ਮੂੰਹੋਂ ਨਿਕਲ ਹੀ ਜਾਂਦਾ—

“ਹੱਛਾ ਬੇਬੇ, ਜੇ ਮੇਰੀ ਮਾਂ ਪਾਪਣ ਸੀ, ਭਛੁੰਨੀ ਸੀ ਤਾਂ ਕਿਸੇ ਨੂੰ ਕੀ—ਨੀ ਭੈਣਾਂ ਮੇਰੇ ਨਾਲ ਕਿਸੇ ਨੇ ਕੁਤੇ ਖਾਣੀ ਕੀਤੀ ਭਾਵੇਂ ਬਘਿਆੜ ਖਾਣੀ, ਮੈਂ ਕੋਈ ਕਿਸੇ ਅਗੇ ਫਰਿਆਦੀ ਤਾਂ ਨਹੀਂ ਆਈ- ਜੇ ਕੋਹਜੀ ਹਾਂ ਤਾਂ ਕਿਸੇ ਨੂੰ ਇਹ ਤਾਂ ਨਹੀਂ ਆਖਦੀ ਕਿ ਆਪਣੀ ਸੂਰਤ ਮੇਰੇ ਪਿੰਡੇ ਨਾਲ ਘੁਸਾਏ_”

ਇਸਦੇ ਫਲਸਰੂਪ ਅਗਲਿਆਂ ਦਾ ਰਵੱਈਆ ਹੋਰ ਬੇਰਹਿਮੀ ਭਰਿਆ ਹੋ ਜਾਂਦਾ।

ਇਕ ਵਾਰੀ ਉਹ ਜੰਗਲ ਪਾਣੀ ਤੋਂ ਵਾਪਸ ਪਰਤ ਰਹੀ ਸੀ। ਦੂਰ ਕਿਤੇ ਢੋਲ ਵੱਜ ਰਿਹਾ ਸੀ। ਪ੍ਰੀਤੋਂ ਨੇ ਮਹਿਸੂਸ ਕੀਤਾ ਕਿ ਦੋ ਗਭਰੀਟ ਉਸਦੇ ਪਿਛੇ ਪਿਛੇ ਆਂਦੇ ਕੁਝ ਗੱਲਾਂ ਕਰ ਰਹੇ ਹਨ। ਇਕ ਨੇ ਕਿਹਾ-ਯਾਰ, ਇਹ ਢੋਲ ਭਲਾ ਕੀ ਕਹਿੰਦਾ ਏ? ਦੂਜਾ ਬੋਲਿਆ-'ਆਖ ਰਿਹਾ ਏ—ਕਰਮੋਂ ਮੁੜ ਆਈ ਸੰਗਰੂਰ-ਕਰਮੋਂ ਮੁੜ ਆਈ ਸੰਗਰੂਰ"।

ਪ੍ਰੀਤੋ ਨੇ ਪਿਛੇ ਮੁੜ ਕੇ ਦੇਖਿਆ। ਜਿਵੇਂ ਕਿਸੇ ਲੰਪਟ ਨੇ ਉਸਦਾ ਦੁੱਪਟਾ ਖਿਚਿਆ ਹੋਵੇ। ਭੱਟ ਕੁ ਪ੍ਰੀਤੇ ਉਵੇਂ ਹੀ ਖਲ੍ਹੋਤੀ ਉਨ੍ਹਾਂ ਜਾਂਦਿਆਂ ਦੀ ਪਿੱਠਾਂ ਵੇਖਦੀ ਰਹੀ। ਉਸਦਾ ਧਿਆਨ ਢੋਲ ਦੀ ਆਵਾਜ਼ ਵਲ ਪਰਤਿਆ। ਉਸਨੂੰ ਜਾਪਿਆ ਜਿਵੇਂ ਸਚੀ ਮੁਚੀ ਢੋਲ ਦੀ ਆਵਾਜ਼ ਉਹੀ ਵਾਕ ਬਣ ਕੇ ਪੁਲਾੜ ਵਿਚ ਗੂੰਜ ਰਹੀ ਹੈ-"ਕਰਮੋਂ ਮੁੜ ਆਈ ਸੰਗਰੂਰ-ਕਰਮੋਂ ਮੁੜ ਆਈ ਸੰਗਰੂਰ।”

ਖੜੀ ਖੜੋਤੀ ਜਿਵੇਂ ਪ੍ਰੀਤੋ ਜ਼ਮੀਨ ਵਿਚ ਧਸਦੀ ਜਾ ਰਹੀ ਸੀ-ਕੀ ਇਹ ਜੁੜੀ ਹੋਈ ਭੀੜ ਢੋਲ ਵਜਾ ਵਜਾ ਕੇ ਲੋਕਾਂ ਨੂੰ ਦਸ ਰਹੀ ਹੈ ਸੁ ਉਹੀ ਕਰਮੋਂ, ਜਿਹੜੀ ਇਕ ਦਿਨ ਇਥੋਂ ਉੱਧਲ ਗਈ ਸੀ, ਉਸਦੀ ਧੀ ਦੇ ਰੂਪ ਵਿਚ ਬਦਲ ਕੇ ਮੁੜ ਆਈ ਹੈ ?

ਪ੍ਰੀਤੋ ਉਸ ਸਾਰੀ ਰਾਤ ਸੌਂ ਨਾ ਸਕੀ। ਹੁਣ ਜੇ ਉਸਨੂੰ ਕੋਈ ਆਸਰਾ ਸੀ ਤਾਂ ਬਸ ਅਰਜ਼ੀ ਦੇ ਜਵਾਬ ਦਾ। ਜਿਸ ਨੂੰ ਉਡੀਕਦੀ ਉਡੀਕਦੀ-ਜਿਸਦੀ ਅਰਾਧਨਾ ਕਰਦੀ ਉਹ ਫਾਵੀ ਹੋ ਉਠੀ ਸੀ। ਏਧਰ ਪ੍ਰੀਤੋ ਕਾਰਨ ਘਰ ਦੀ ਫਿਜ਼ਾ

ਵਿਚ ਜ਼ਹਿਰੀਲੇ ਕਿਟਾਣੂ ਪੈਦਾ ਹੋ ਰਹੇ ਸਨ। ਇਕ ਗੁਨਾਹਗਾਰ ਪਤੀ ਤੇ ਬੇਗੁਨਾਹ ਪਤਨੀ ਵਿਚਕਾਰ ਗ੍ਰਹਸਥੀ ਨੂੰ ਬਣਾਏ ਰੱਖਣ ਦਾ ਸਮਝੌਤਾ ਸੀ। ਈਸ਼ਰਦਾਸ ਗੁਨਾਹਗਾਰ ਹੁੰਦਾ ਹੋਇਆ ਵੀ ਸ਼ਰੀਫ ਗੁਨਾਹਗਾਰ ਹੈ ਤੇ ਦਰੋਪਤੀ ਸਮਝ ਗਈ ਹੋਈ ਵੀ ਪਤੀ ਦੇ ਐਬਾਂ ਨੂੰ ਇਸ ਲਈ ਸਹਾਰਦੀ ਹੈ ਕਿ ਗ੍ਰਹਿਸਤ ਦੀ ਗੱਡੀ ਚਲਾਣ ਵਾਲੇ ਦੋਵੇਂ ਬੈਲ ਇਕ ਦੂਜੇ ਤੋਂ ਵਿਪ੍ਰੀਤ ਸੁਭਾਵਾਂ ਤੇ ਆਦਤਾਂ ਦੇ ਮਾਲਕ ਹੁੰਦੇ ਹੋਏ ਵੀ ਇਕ ਦੂਜੇ ਨੂੰ ਬਰਦਾਸ਼ਤ ਕਰਨ ਲਈ ਮਜ਼ਬੂਰ ਹਨ।

ਦਰੋਪਤੀ ਲਈ ਪ੍ਰੀਤੋ ਦੀ ਘਰ ਵਿਚ ਆਮਦ ਅਸਹਿ ਸੀ। ਜਿਉਂ ਹੀ ਉਮਦੀ ਨਜ਼ਰ ਪ੍ਰੀਤੋ ਉਤੇ ਪੈਂਦੀ ਕਿ ਉਹ ਇਹ ਦਮ ਉਤੇਜਿਤ ਹੋ ਉਠਦੀ। ਉਸਦੀ ਬੀਮਾਰੀ ਵਧਣ ਦਾ ਕਾਰਨ ਵੀ ਇਹੀ ਸੀ। ਸੋ ਪਤੀ ਪਤਨੀ ਏਸ ਨਿਰਨੇ ਤੇ ਪਹੁੰਚੇ ਕਿ ਇਸ ਕੁਲ ਕਲੰਕਣੀ ਨੂੰ ਕੇਹੜੇ ਢੰਗ ਨਾਲ ਦਫਾ ਕੀਤਾ ਜਾਵੇ। ਛੇਕੜ ਈਸ਼ਰਦਾਸ ਨੇ ਇਕ ਸੁਝਾਅ ਪੇਸ਼ ਕੀਤਾ ਕਿ ਪ੍ਰੀਤੋ ਨੂੰ ਕਿਸੇ ਸਕੂਲ ਵਿਚ ਉਸਤਾਦਨੀ ਲਵਾ ਦਿੱਤਾ ਜਾਵੇ।

ਤੇ ਹੁਣ ਦਰੋਪਤੀ ਸਾਹਮਣੇ ਇਕੋ ਪ੍ਰਸ਼ਨ ਹੁੰਦਾ—ਬਣਿਆ ਕੁਝ? ਤੇ ਜਵਾਬ ਵਿਚ ਈਸ਼ਰਦਾਸ ਪੂਰੇ ਆਸ਼ਾ ਦੇ ਰੰਗ ਵਿਚ ਕਹਿੰਦਾ- ਅਰਜ਼ੀ ਭੇਜੀ ਹੋਈ ਏ, ਨਾਲੇ ਸਫਾਰਸ਼ ਵੀ। ਅਜ ਭਲਕੇ ਹੀ ਨਿਯੁਕਤ ਹੋਈ ਸਮਝ।"

ਕਈ ਦਿਨਾਂ ਤਕ ਇਹੀ ਸਿਲਸਿਲਾ ਚਲਦਾ ਰਿਹਾ। ਛੇਕੜ ਦਰੋਪਦੀ ਦੇ ਸਬਰ ਦਾ ਪਿਆਲਾ ਇਕ ਦਿਨ ਛਲਕ ਹੀ ਪਿਆ—

"ਕੰਨ ਖੋਲ੍ਹ ਕੇ ਸੁਣ ਲਓ ਮੇਰੀ ਗੱਲ ਮੈਥੋਂ ਨਹੀਂ ਜੇ ਹੋਰ ਜ਼ੇਰਾ ਹੁੰਦਾ। ਜੇ ਨਹੀਂ ਤੁਹਥੋਂ ਆਪਣੀ ਉਸ ਹੇਜਲੀ ਦਾ ਵਿਛੋੜਾ ਸਿਹਾ ਜਾਂਦਾ ਤਾਂ ਅੱਠੋਵਾਰੀ ਦੇ ਵਿਚ ਵਿਚ ਮੇਰੀ ਅਰਥੀ ਏਸ ਘਰ ਵਿਚੋਂ ਨਿਕਲ ਕੇ ਰਹੇਗੀ'

ਚਿਤਾਵਨੀ ਨਹੀਂ ਇਕ ਤਰ੍ਹਾਂ ਦਾ ਅਲਟੀਮੇਟਮ ਸੀ ਇਹ, ਜਿਸ ਨੂੰ ਸੁਣਕੇ ਈਸ਼ਰਦਾਸ ਨੂੰ ਕੱਚੀਆਂ ਤਰੇਲੀਆਂ ਛੁਟ ਪਈਆਂ। ਲਗਦਾ ਸੀ, ਘਰ ਵਿਚ ਕੋਈ ਨਾ ਕੋਈ ਨਵੀਂ ਦੁਰਘਟਨਾ ਹੋ ਕੇ ਹੀ ਰਹੇਗੀ। ਤੇ ਉਸ ਤੋਂ ਅਗਲੇ ਦਿਨ ਪ੍ਰੀਤੋ ਦਾ ਨਿਯੁਕਤੀ ਪੱਤਰ ਆ ਪਹੁੰਚਿਆ। ਪ੍ਰੀਤੋ ਨੂੰ ਜਦ ਆਪਣੀ ਭਾਗਸ਼ਾਲਤਾ ਬਾਰੇ ਪਤਾ

ਲਗਾ ਤਾਂ ਉਸ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਾ ਰਿਹਾ। ਆਪਣੇ ਦੇਵਤਾ ਸਰੂਪ ਮਾਮੇ ਦੇ ਧੰਨਵਾਦ ਵਿਚ ਉਸਦਾ ਰੋਮ ਰੋਮ ਪੁਲਕਤ ਹੋ ਉਠਿਆ।

ਦਰੋਪਤੀ ਨੇ ਜਦ ਇਹ ਖੁਸ਼ਖਬਰੀ ਸੁਣੀ ਤਾਂ ਖ਼ੁਸ਼ੀ ਨਾਲ ਇਕ ਤੋਂ ਚਾਰ ਹੋ ਗਈ। ਉਸਦੇ ਰਵੱਈਏ ਵਿਚ ਜ਼ਿਮੀਂ ਅਸਮਾਨ ਦਾ ਫ਼ਰਕ ਆ ਗਿਆ। ਅਗਲੇ ਦਿਨ ਪ੍ਰੀਤੋ ਦੇ ਤੁਰਨ ਦੀ ਤਿਆਰੀ ਲਈ ਬਿਸਤਰਾ, ਭਾਂਡਾ ਟੀਂਡਾ ਇਕ ਅੱਧ ਕੰਬਲ ਆਦਿ ਇੱਕਠੇ ਕੀਤੇ।

ਲਾਲਾ ਈਸ਼ਰਦਾਸ ਆਪ ਪ੍ਰੀਤੋ ਨੂੰ ਗੱਡੀ ਚੜ੍ਹਾ ਕੇ ਆਇਆ। ਖਰਚ ਜੋਗੇ ਕੁਝ ਨੋਟ ਵੀ ਉਸ ਪ੍ਰੀਤੋ ਨੂੰ ਫੜਾਏ।

*****

## 11.

ਪ੍ਰੀਤੋ ਲਈ ਸਾਰੀ ਦੁਨੀਆ ਹੀ ਪਰਾਈ ਸੀ। ਕੀ ਪਹਿਲੀ, ਦੂਜੀ ਤੇ ਤੀਜੀ। ਫੇਰ ਵੀ ਨਾਨਕੇ ਘਰੋਂ ਨਿਕਲ ਕੇ ਇਕ ਓਪਰੇ ਸ਼ਹਿਰ ਵਿਚ ਜਾ ਟਿਕਣਾ ਉਸ ਨੂੰ ਖਾਸਾ ਔਖਾ ਜਾਪਿਆ।

ਸਕੂਲ ਪ੍ਰਾਈਵੇਟ ਸੀ ਤੇ ਪੜ੍ਹਾਈ ਮਿਡਲ ਤਕ। ਫੀਸ ਮਾਮੂਲੀ ਹੋਣ ਕਾਰਣ ਵਿਦਿਆਰਥਣਾਂ ਦੀ ਗਿਣਤੀ ਕਾਫ਼ੀ ਸੀ। ਪਰ ਸਕੂਲ ਦੀ ਕੁਲ ਇਮਾਰਤ ਪੰਜ ਛੇ ਟੁੱਟੇ ਭਜੇ ਕਮਰੇ। ਨਾਲ ਲਗਦੀ ਹੈਡਮਿਸਟ੍ਰੈਸ ਦੀ ਰਿਹਾਇਸ਼ ਕਾਫ਼ੀ ਚੰਗੀ ਸੀ। ਖੁਲ੍ਹੇ ਵਿਹੜੇ ਵਿਚ ਪੰਜ ਸਤ ਦਰੱਖਤ ਵੀ ਹੈ ਸਨ। ਜਿਸ ਕਰਕੇ ਰੁੱਤ ਅਨੁਸਾਰ ਉਨ੍ਹਾਂ ਦੀ ਛਾਵੇਂ ਅਕਸਰ ਕਲਾਸਾਂ ਲਗਦੀਆਂ ਸਨ।

ਸਕੂਲ ਦੀ ਹੈਡਮਿਸਟ੍ਰੈਸ ਹੀ ਸਕੂਲ ਦੀ ਕਰਤਾ ਧਰਤਾ ਸੀ। ਉਹੀ ਸਕੂਲ ਦੀ ਮੈਨੇਜਿੰਗ ਕਮੇਟੀ ਤੇ ਉਹੀ ਸਕੂਲ ਦੀ ਪ੍ਰੋ-ਪ੍ਰਾਈਟਰ ਵੀ ਸੀ। ਸ੍ਰੀਮਤੀ ਗੰਗਾ ਦੇਵੀ-ਅਥਵਾ ਵੱਡੇ ਭੈਣ ਜੀ ਦੀ ਉਮਰ ਭਾਵੇਂ ਅਧਖੜਾਂ ਵਿਚ ਗਿਣੀ ਜਾਵੇ, ਪਰ ਉਸਦੀ ਰਹਿਣੀ ਬਹਿਣੀ ਖਾਸੀ ਚੰਗੀ ਸੀ। ਸਕੂਲ ਵੇਲੇ ਉਸ ਰੇਸ਼ਮੀ ਸਾੜੀ ਪਾਈ ਹੁੰਦੀ, ਤੇ ਸ਼ਾਮ ਵੇਲੇ ਪੂਰੀ ਖੱਦਰ ਪੋਸ਼।

ਵੱਡੇ ਭੈਣ ਜੀ ਦਾ ਸਰੀਰ ਜਿੰਨਾ ਲਚਕੀਲਾ ਹੈ, ਦਿਲ ਓਨਾ ਹੀ ਕਰੜਾ। ਕਿਸੇ ਉਤੇ ਜੇਕਰ ਕਰੋਪਵਾਨ ਹੋ ਜਾਏ ਤਾਂ ਉਸ ਨੂੰ ਜਹੰਨਮ ਰਸੀਦ ਕਰਕੇ ਛਡੇਗੀ। ਤੇ ਜੇ ਕਿਸੇ ਉਤੇ ਦਿਆਲੂ ਹੋ ਗਈ ਤਾਂ ਉਸ ਦਾ ਬੇੜਾ ਪਾਰ ।

ਹੈਡਮਿਸਟ੍ਰੈਸ ਪ੍ਰੀਤੋ ਨਾਲ ਚੰਗੇ ਆਦਰ ਭਾ ਨਾਲ ਪੇਸ਼ ਆਈ। ਪ੍ਰੀਤੋ ਲਈ ਸਕੂਲ ਦੇ ਨੇੜੇ ਹੀ ਮਾੜੇ ਮੋਟੇ ਥਾਂ ਦਾ ਵੀ ਉਸ ਪ੍ਰਬੰਧ ਕਰ ਰਖਿਆ ਸੀ। ਪ੍ਰੀਤੋ ਦੀ ਤਾਲੀਮ ਘੱਟ ਹੋਣ ਦੇ ਬਾਵਜੂਦ ਵੀ ਉਸਦੀ ਤਨਖ਼ਾਹ ਸੱਤਰ ਰੁਪਏ ਨਿਯਤ ਕੀਤੀ ਗਈ। ਪ੍ਰੀਤੋ ਏਨੀ ਵੱਡੀ ਤਨਖਾਹ ਪਾ ਕੇ ਧੰਨ ਹੋ ਉਠੀ। ਪਹਿਲਾਂ ਜੇ ਉਹ ਆਪਣੇ

ਮਾਮਾ ਜੀ ਦੇ ਉਪਕਾਰਾਂ ਹੇਠ ਦੱਬੀ ਹੋਈ ਸੀ, ਤਾਂ ਹੁਣ ਉਦੂੰ ਵੀ ਵਡੀ ਉਪਕਾਰਨ ਉਸ ਲਈ ਵੱਡੇ ਭੈਣ ਜੀ ਸਨ।

ਪ੍ਰੀਤੋ ਟੀਚਰ ਬਣਨ ਪਿਛੋਂ ਸਨਮਾਨਯੋਗ ਰੁਤਬੇ ਕਾਰਨ ਪ੍ਰੀਤੋ ਤੋਂ ਮਿਸ ਪ੍ਰੀਤਮ ਬਣ ਗਈ। ਉਸਨੂੰ ਜਾਪਿਆ ਜਿਵੇਂ ਹੁਣ ਤੋਂ ਪਹਿਲਾਂ ਉਹ ਜੂਨ ਹੀ ਕਟਦੀ ਰਹੀ ਸੀ।

ਪ੍ਰੀਤੋ ਜਦ ਸਿਮ ਪ੍ਰੀਤਮ ਦੇ ਰੂਪ ਵਿਚ ਸਕੂਲ ਪਹੁੰਚੀ ਤਾਂ ਆਪਣੇ ਸੁਭਾਗ ਨੂੰ ਸਲਾਹੁੰਦੀ ਨਹੀਂ ਸੀ ਰਜਦੀ। ਸਕੂਲ ਦੀਆਂ ਬਾਕੀ ਉਤਾਦਨੀਆਂ ਕਾਫ਼ੀ ਚੁਸਤ ਚਲਾਕ ਤੇ ਚਟਕ ਮਟਕ ਵਾਲੀਆਂ ਸਨ।ਉਨ੍ਹਾਂ ਦੇ ਟਾਕਰੇ ਮਿਸ ਪ੍ਰੀਤਮ ਨੂੰ ਛੁੱਟਪਣ ਦਾ ਅਹਿਸਾਸ ਹੁੰਦਾ। ਪਰ ਵੱਡੇ ਭੈਣ ਜੀ ਦਾ ਮੁਤੱਬਰਕ ਸਾਇਆ ਉਸਦੇ ਸਿਰ ਉਤੇ ਮੌਜੂਦ ਹੋਣ ਕਰਕੇ ਉਸ ਨੂੰ ਘਬਰਾਣ ਦੀ ਲੋੜ ਨਹੀਂ ਸੀ।

ਮਿਸ ਪ੍ਰੀਤਮ ਦੀ ਸਟਾਫ਼ ਮੈਂਬਰਜ਼ ਨਾਲ ਮੁਲਾਕਾਤ ਕਰਾਣ ਲਈ ਹੈਡਮਿਸਟ੍ਰੈਸ ਨੇ ਇਕ ਸਟਾਫ਼ ਮੀਟਿੰਗ ਬੁਲਾਈ। ਵੱਡੇ ਭੈਣ ਜੀ ਨਾਲ ਨਵੇਂ ਭੈਣ ਜੀ ਦਾ ਆਗਮਨ ਹੁੰਦਿਆਂ ਹੀ ਸਭਨਾਂ ਨੇ ਖੜਿਆਂ ਹੋ ਕੇ ਹੱਥ ਜੋੜ ਕੇ ਸਵਾਗਤ ਕੀਤਾ। ਮਿਸ ਪ੍ਰੀਤਮ ਦੀ ਇੰਟਰੋਡਕਸ਼ਨ ਲਈ ਇਕ ਦੋ ਸਟਾਫ਼ ਮੈਂਬਰਜ਼ ਨੇ ਕੁਝ ਸ਼ਬਦ ਬੋਲੇ। ਉਪਰੰਤ ਮਿਸ ਪ੍ਰੀਤਮ ਨੂੰ ਵੀ ਬੋਲਣ ਲਈ ਆਖਿਆ ਗਿਆ।

ਮਿਸ ਪ੍ਰੀਤਮ ਲਈ ਇਹ ਸਮਾਂ ਡਾਢੇ ਸੰਕਟ ਦਾ ਸਮਾਂ ਸੀ। ਇਸ ਤੋਂ ਪਹਿਲਾਂ ਉਸ ਨੇ ਕਦੀ ਦੋ ਅੱਖਰ ਵੀ ਕਿਸੇ ਗੋਸ਼ਟੀ ਵਿਚ ਨਹੀਂ ਸਨ ਬੋਲੇ। ਛੇਕੜ ਲੜਖੜਾਂਦੀਆਂ ਲੱਤਾਂ, ਕੰਬਦੇ ਸਰੀਰ ਤੇ ਬਿੜਕਦੀ ਜ਼ਬਾਨ ਨਾਲ ਉਸ ਨੂੰ ਬੋਲਣਾ ਹੀ ਪਿਆ-

"ਸ਼ਿਰੀ ਮਾਨ ਸ਼ਿ- ਸ਼ਿਰੀ ਮਾਨ ਵੱਡੇ ਭੈਣ ਜੀ ਤੇ ਛੋਟੀਆਂ ਭੈਣ ਜੀਆਂ ਜੀ. ਮੈਨੂੰ ਮੇਰਾ- ਆਪ ਦੀ ਧੰਨਵਾਦ_ ਧੰਨਵਾਦ ਕਰਦੀ ਹਾਂ_"

ਓਧਰ ਸਰੋਤਿਆਂ ਦਾ ਇਹ ਹਾਲ ਸੀ ਕਿ ਉਨ੍ਹਾਂ ਨੇ ਮੂੰਹ ਅਗੇ ਡੁਪੇ ਦੇ ਕੇ ਹਾਸੇ ਰੋਕੇ ਹੋਏ ਸਨ। ਹੈਡਮਿਸਟ੍ਰੈਸ ਨੇ ਵਕਤ ਦੀ ਨਜ਼ਾਕਤ ਨੂੰ ਸਮਝਦਿਆਂ

ਹੋਇਆਂ ਤਾੜੀ ਵਜਾਣੀ ਸ਼ੁਰੂ ਕਰ ਦਿਤੀ। ਤੇ ਤਾੜੀਆਂ ਦੀ ਗੂੰਜਾਰ ਵਿਚ ਮਿਸ ਪ੍ਰੀਤਮ ਆਪਣਾ ਭਾਸ਼ਨ ਅਧੂਰਾ ਛਡ ਕੇ ਬੈਠ ਗਈ।

ਇਸ ਤੋਂ ਬਾਅਦ ਵਡੇ ਭੈਣ ਜੀ ਮਿਸ ਪ੍ਰੀਤਮ ਨੂੰ ਉਸਦੀ ਕਲਾਸ ਵਿਚ ਲੈ ਕੇ ਗਏ। ਕੁੜੀਆਂ ਨਾਲ ਨਵੇਂ ਭੈਣ ਜੀ ਦੀ ਜਾਣ ਪਹਿਚਾਣ ਕਰਵਾਈ।

ਕੁੜੀਆਂ ਗਿਣਤੀ ਵਿਚ ਡੇਢ ਕੁ ਦਰਜ਼ਨ ਸਨ। ਭੁੰਜੇ ਦਰੀ ਉਤੇ ਦੋ ਪਲਾਘਾਂ ਵਿਚ ਬੈਠੀਆਂ ਹੋਈਆਂ ਸਨ। ਕੁਝ ਇਕ ਸਾਫ਼ ਸੁਥਰੀਆਂ ਤੇ ਕੁਝ ਝਾਟਾ ਖਿੰਡਵੀਂ ਹਾਲਤ ਵਿਚ।

ਅਜ ਦੀ ਇਹ ਪਹਿਲੀ ਦਿਹਾੜੀ ਮਿਸ ਪ੍ਰੀਤਮ ਲਈ ਜਿਵੇਂ ਬ੍ਰਹਮਾ ਦਾ ਦਿਨ ਬਣ ਗਈ। ਜਿਹੜ ਖ਼ਤਮ ਹੋਣ ਵਿਚ ਨਹੀਂ ਸੀ ਆ ਰਹੀ। ਡਾਢੀ ਹੀ ਸਾਹ ਘੁਟਵੀਂ ਹਾਲਤ ਵਿਚ ਉਹ ਛੁੱਟੀ ਹੋਣ ਦੀ ਉਡੀਕ ਕਰਦੀ ਹੋਈ ਆਪਣੀਆਂ ਵਿਦਿਆਰਥਣਾਂ ਦੀਆਂ ਫੱਟੀਆਂ, ਸਲੇਟਾਂ ਤੇ ਬਾਲ ਬੋਧਾਂ ਵਿਚ ਉਲਝੀ ਰਹੀ।

ਮਿਸ ਪ੍ਰੀਤਮ ਦੇ ਆਣ ਨਾਲ ਪੁਰਾਣੀਆਂ ਅਧਿਆਪਕਾਵਾਂ ਵਿਚ ਉਸ ਪ੍ਰਤੀ ਜਿਗਿਆਸਾ ਸੀ। ਸਭਨਾਂ ਨੂੰ ਪਤਾ ਸੀ ਕਿ ਘਟ ਪੜ੍ਹੀ ਤੇ ਨਾਤਜ਼ਰਬਾਕਾਰ ਹੋਣ ਦੇ ਬਾਵਜੂਦ ਉਸ ਨੂੰ ਉਨ੍ਹਾਂ ਦੇ ਬਰਾਬਰ ਤਨਖ਼ਾਹ ਉਤੇ ਲਾਇਆ ਗਿਆ ਸੀ। ਬਾਕੀ ਰਿਹਾ ਸਭਿਆਚਾਰਕ ਪੱਖ, ਜਿਸਦਾ ਸਬੂਤ ਉਸਦੀ 'ਤਕਰੀਰ' ਤੋਂ ਮਿਲ ਚੁਕਾ ਸੀ। ਸ਼ਕਲ ਸੂਰਤ ਵੀ ਉਨ੍ਹਾਂ ਦੀ ਟੀਕਾ ਟਿਪਣੀ ਦਾ ਕੇਂਦਰ ਬਣੀ—

"_ਇਹ ਕੀ ਜੰਗਲ ਦੀ ਮਿਰਿਓਂ ਜਿਹੀ ਫੜ ਲਿਆਂਦੀ ਏ ਵਡੇ ਭੈਣ ਜੀ ਨੇ?"_ "ਬਈ ਸੋਈ ਰਾਣੀ ਜੋ ਖਸਮੇਂ ਭਾਣੀ- 'ਢੇਰ ਪੂਰੀਆਂ ਪਾਏਗੀ।"

*****

## 12.

ਬੜੀ ਮੁਸ਼ਕਿਲ ਨਾਲ ਮਿਸ ਪ੍ਰੀਤਮ ਨੇ ਸਕੂਲ ਵਿਚ ਪਹਿਲਾ ਦਿਨ ਗੁਜ਼ਾਰਿਆ। ਉਸ ਨੇ ਘਰ ਆ ਕੇ ਸੁਖ ਦਾ ਸਾਹ ਲਿਆ। ਪਰ ਨਾਲ ਹੀ ਨਾਲ ਉਹ ਆਪਣੇ ਆਪ ਨੂੰ ਕੋਸਦੀ ਰਹੀ ਕਿ ਉਸਨੇ ਕਿਉਂ ਏਨੀ ਬੇਅਕਲੀ ਦਾ ਸਬੂਤ ਦਿਤਾ ਹੈ। ਕੀ ਦੱਸ ਸਾਲਾਂ ਦੀ ਪੜ੍ਹਾਈ ਪਿਛੋਂ ਉਹ ਪੰਜ-ਸਤ ਵਾਕ ਵੀ ਠੀਕ ਤਰ੍ਹਾਂ ਨਹੀਂ ਸੀ ਬੋਲ ਸਕਦੀ? ਅਗੋਂ ਲਈ ਉਸ ਨੇ ਆਪਣੇ ਆਪ ਨੂੰ ਕਰੜਾ ਹੁਕਮ ਦਿਤਾ-"ਅਗੇ ਲਈ ਐਸਾ ਨਹੀਂ ਕਰਾਂਗੀ ਮੈਂ ।"

ਤੇ ਆਣ ਵਾਲੇ ਕੁਝ ਦਿਨ ਮਿਸ ਪ੍ਰੀਤਮ ਨੇ ਸਕੂਲ ਵਿਚ ਚੰਗੇ ਬਿਤਾਏ। ਉਸ ਵਿਚ ਕੁਝ ਹਿੰਮਤ ਆ ਗਈ ਸੀ। ਪਰ ਉਸਤਾਦਨੀਆਂ ਦਾ ਉਸ ਪ੍ਰਤੀ ਰਵੱਈਆ ਦਿਨੋ-ਦਿਨ ਉਪੇਖਿਆ ਭਰਿਆ ਹੋਈ ਜਾ ਰਿਹਾ ਸੀ। ਜਿਵੇਂ ਮਿਸ ਪ੍ਰੀਤਮ ਅਧਿਆਪਕਾ ਨਾ ਹੋ ਕੇ ਕੋਈ ਪੰਮੀ ਪਰਾਲੀ ਹੋਵੇ। ਉਹ ਅੰਦਰੇ ਅੰਦਰ ਕਚੀਚੀਆਂ ਖਾਂਦੀ ਹੋਈ ਸੋਚਦੀ "ਇਨ੍ਹਾਂ ਨੂੰ ਆਪਣੀ ਉੱਚੀ ਤਾਲੀਮ ਦਾ-ਆਪਣੀ ਚਿੱਟੀ ਚੰਮੜੀ ਤੇ ਜ਼ਰਾ ਚੰਗੇ ਪਹਿਰਾਵੇ ਦਾ ਏਨਾ ਘਮੰਡ ਹੈ।

ਇਕ ਤਾਂ ਓਪਰਾ ਥਾਂ, ਦੂਜਾ ਸਹਿਕਾਰੀਆਂ ਦਾ ਕਠੋਰ ਵਰਤਾਉ, ਤੀਜਾ ਆਪਣੀਆਂ ਖਾਮੀਆਂ ਦਾ ਅਹਿਸਾਸ। ਮਿਸ ਪ੍ਰੀਤਮ ਅੰਦਰ, ਇਸ ਸਮੁੱਚੇ ਵਾਤਾਵਰਣ ਕਾਰਨ ਈਰਖਾ ਗੁੱਸਾ ਨਫ਼ਰਤ ਤੇ ਹਿੰਸਾ ਭਰਦੀ ਜਾ ਰਹੀ ਸੀ। ਜੇ ਕੁਝ ਰਾਹਤ ਮਿਲਦੀ ਤਾਂ ਹੈਡਮਿਸਟ੍ਰੈਸ ਦੇ ਚੰਗੇ ਵਰਤਾਓ ਜਾਂ ਮਹਿਰੀ ਨਿਹਾਲੋ ਦੇ ਸਾਥ ਵਿਚੋਂ।

ਨਿਹਾਲੋ ਸੁਭਾਵਕ ਤੌਰ ਤੇ ਗੱਲ ਬਾਤਣ ਸੀ। ਉਹ ਵੱਡੇ ਭੈਣ ਜੀ ਦਾ ਕੰਮ ਕਰਨ ਦੇ ਨਾਲ ਮਿਸ ਪ੍ਰੀਤਮ ਦਾ ਦੋ ਵੇਲੇ ਦਾ ਚੁਲਾ ਚੌਂਕਾ ਵੀ ਕਰਦੀ।

ਇਸ ਇਕੱਲ ਤੇ ਉਪੇਖਿਆ ਭਰੇ ਵਾਤਾਵਰਨ ਵਿਚ ਮਿਸ ਪ੍ਰੀਤਮ ਨੂੰ ਨਿਹਾਲੋ ਦਾ ਸਾਥ ਵਰਦਾਨ ਦੇ ਰੂਪ ਵਿਚ ਪ੍ਰਾਪਤ ਹੋਇਆ। ਨਿਹਾਲੋ ਦੀ ਹੋਂਦ ਕਾਰਨ ਉਸਨੂੰ ਘਰ ਭਰਿਆ ਭਰਿਆ ਲਗਦਾ। ਜਦੋਂ ਚਲੀ ਜਾਂਦੀ ਤਾਂ ਘਰ ਦੀਆਂ ਕੰਧਾਂ ਮੂੰਹ ਟੱਡੀ ਉਸਨੂੰ ਖਾਣ ਨੂੰ ਪੈਂਦੀਆਂ।

ਨਿਹਾਲੋ ਪੁੱਤਰਾਂ ਪੋਤਰਿਆਂ ਵਾਲੀ ਬੁੱਢ ਵਰੇਸ ਨੂੰ ਪੁਜੀ ਇਕ ਮਜਬੂਰ ਤੀਵੀਂ ਸੀ। ਨੂੰਹ ਪੁੱਤਰ ਦੀਆਂ ਵਧੀਕੀਆਂ ਕਾਰਨ ਇਸ ਉਮਰੇ ਵੀ ਉਸਨੂੰ ਕੰਮ ਕਰਨਾ ਪੈ ਰਿਹਾ ਸੀ। ਉਹ ਆਪਣੀ ਮਾਲਕਣ ਦੇ ਜ਼ੁਲਮਾਂ ਤੋਂ ਵੀ ਭਲੀ-ਭਾਂਤ ਜਾਣੂੰ ਸੀ। ਪਰ ਨੌਕਰੀ ਉਸਦੀ ਮਜ਼ਬੂਰੀ ਸੀ।

ਹੈਡਮਿਸਟ੍ਰੈਸ ਨਾਲ ਉਸਦੀ ਚਿਰ ਪੁਰਾਣੀ ਸਾਂਝ ਸੀ। ਇਸੇ ਕਰਕੇ ਉਹ ਉਸਦੀਆਂ ਸਾਰੀਆਂ ਕਮਜ਼ੋਰੀਆਂ ਤੇ ਜ਼ਾਲਮ ਸੁਭਾਅ ਤੋਂ ਚੰਗੀ ਤਰ੍ਹਾਂ ਜਾਣੂੰ ਸੀ । ਉਹ ਮਿਸ ਪ੍ਰੀਤਮ ਨੂੰ ਦਸਦੀ-“ ਏਸ ਵਰਗੀ ਹੱਡ ਹਰਾਮ—ਇਹੇ ਜਿਹੀ ਮਤਲਬੀ ਤੀਵੀਂ ਤਾਂ ਮੈਂ ਅਜੇ ਤੱਕ ਵੇਖੀ ਹੀ ਨਹੀਂ। ਏਸ ਨੌਕਰੀ ਨਾਲੋਂ ਤਾਂ ਮੰਗ ਪਿਨ ਕੇ ਖਾ ਲੈਣਾ ਚੰਗਾ।”

ਪਰ ਨਿਹਾਲੋ ਨੂੰ ਬੁੱਢੇ ਵਾਰੇ ਵੀ ਨੌਕਰੀ ਕਰਨੀ ਪੈ ਰਹੀ ਸੀ। ਉਸਦਾ ਪੁੱਤਰ ਸਾਲ ਵਿਚ ਤਿੰਨ- ਚਾਰ ਵਾਰੀ ਆਂਦਾ ਤੇ ਜੋ ਕੁਝ ਉਸ ਕੋਲ ਹੁੰਦਾ, ਮੁੱਛ ਕੇ ਲੈ ਜਾਂਦਾ। ਪਿਛੋਂ ਉਹ ਕਲਪਦੀ ਰਹਿੰਦੀ।

ਅਜੇਹੇ ਵੇਲੇ ਨਿਹਾਲੋ ਨੂੰ ਮਿਸ ਪ੍ਰੀਤਮ ਦਾ ਸਾਥ ਬੜਾ ਰਾਸ ਆਇਆ। ਦੋਹਾਂ ਦੀ ਸਾਂਝ ਵਧਣ ਕਾਰਨ ਹੈਡਮਿਸਟ੍ਰੈਸ ਨੂੰ ਤਖਲਾ ਹੋ ਰਿਹਾ ਸੀ।

ਤੇ ਇਸ ਦਾ ਨਤੀਜਾ ?

*****

## 13.

ਮਿਸ ਪ੍ਰੀਤਮ ਨੇ ਆਪਣੇ ਨਵੇਂ ਮਾਹੌਲ ਨਾਲ ਸਹਿਜੇ ਸਹਿਜੀ ਇਕਸੁਰਤਾ ਪੈਦਾ ਕਰ ਲਈ। ਪਰ ਉਸਤਾਦਨੀਆਂ ਦਾ ਉਸ ਪ੍ਰਤੀ ਰਵੱਈਆ ਪਹਿਲਾਂ ਨਾਲੋਂ ਵੀ ਕੁਰੱਖਤ ਹੋਈ ਜਾ ਰਿਹਾ ਸੀ। ਉਹ ਮਿਸ ਪ੍ਰੀਤਮ ਨੂੰ ਤੰਗ ਕਰਕੇ, ਛੇੜ ਕੇ ਉਸ ਵਿਚੋਂ ਮਜ਼ਾ ਲੈਂਦੀਆਂ ਸਨ। ਮਿਸ ਪ੍ਰੀਤਮ ਵੀ ਅਗੇ ਨਹਿਲੇ 'ਤੇ ਦਹਿਲਾ ਹੋ ਟਕਰਦੀ। ਪਰ ਇਕ ਪਾਸੇ ਸਾਰਾ ਸਟਾਫ਼ ਤੇ ਦੂਜੇ ਪਾਸੇ ਮਿਸ ਪ੍ਰੀਤਮ ਇੱਕਲੀ।

ਉਸਤਾਦਨੀਆਂ ਉਸ ਨੂੰ ਮੌਕੇ ਬੇ ਮੌਕੇ ਛੇੜਨੋਂ ਨਾ ਟਲਦੀਆਂ। “ਮਿਸ ਪ੍ਰੀਤਮ, ਤੂੰ ਕਦੀ ਟਮਾਟਰ ਖਾਇਆ ਕਰੇਂ ਤਾਂ ਤੇਰਾ ਰੰਗ ਵਾਹਵਾ ਨਿਖਰ ਆਵੇ” ਤੇ ਜੇਵਾਬ ਵਿਚ ਮਿਸ ਪ੍ਰੀਤਮ ਨਹਿਲੇ ਤੇ ਦਹਿਲਾ ਦੇ ਮਾਰਦੀ, “ਟਮਾਟਰਾਂ ਨਾਲੋਂ ਕਿਸੇ ਅਧਿਆਪਕਾ ਦਾ ਲਹੂ ਕਿਉਂ ਨਾ ਪੀਆ ਕਰਾਂ”। ਤਾਂ ਕਹਿਣ ਵਾਲੀ ਛਾਈਂ ਮਾਈਂ ਹੋ ਜਾਂਦੀ ਤੇ ਦੂਸਰੀਆਂ ਨੂੰ ਖੁਲ੍ਹ ਕੇ ਕਿਲਕਾਰੀਆਂ ਮਾਰਨ ਦਾ ਅਵਸਰ ਮਿਲ ਜਾਂਦਾ।

ਵਿਚੋਂ ਮਿਸ ਪ੍ਰੀਤਮ ਜਾਣਦੀ ਸੀ ਕਿ ਇਹ ਸਾਰੀਆਂ ਉਸਦੀ ਸ਼ਕਲ ਤੇ ਪਹਿਰਾਵੇ ਤੋਂ ਹਸਦੀਆਂ ਨੇ। ਉਹ ਜੋ ਵੀ ਕੱਪੜੇ ਪਾਂਦੀ, ਉਸਨੂੰ ਉੱਕਾ ਨਾ ਸਜਦੇ। ਕੀ ਸਾੜੀ ਤੇ ਕੀ ਸੂਟ। ਵਾਲਾਂ ਦੀ ਪੂੰਜੀ ਨਾ ਮਾਤਰ ਹੋਣ ਕਰਕੇ ਉਹ ਵੀ ਪੁਰਸਾਰਥ ਅਜਾਈਂ ਜਾਂਦਾ।

ਪਹਿਲਾਂ ਤਾਂ ਮਿਸ ਪ੍ਰੀਤਮ ਨੂੰ ਕਿਸੇ ਉਸਤਾਦਨੀ ਨਾਲ ਤੂੰ ਤੂੰ ਮੈਂ ਮੈਂ ਕਰਕੇ ਸੁਖ ਮਿਲਦਾ। ਪਰ ਮਗਰੋਂ ਉਸਨੂੰ ਇਸ ਸਾਰੀ ਪ੍ਰਤੀਕ੍ਰਿਆ ਬਾਰੇ ਦੁਖ ਹੁੰਦਾ। ਉਸ ਨੇ ਵੱਡੇ ਭੈਣ ਜੀ ਨੂੰ ਵੀ ਏਸ ਬਾਰੇ ਸ਼ਿਕਾਇਤ ਕੀਤੀ। ਪਰ ਉਸਤਾਦਨੀਆਂ ਦਾ ਰਵੱਈਆ ਉਸ ਪ੍ਰਤੀ ਹੋਰ ਵੀ ਭੈੜਾ ਹੋ ਗਿਆ। ਸਾਰੀਆਂ ਉਸਤਾਦਨੀਆਂ ਵਿਹਲੇ ਪੀਰੀਅਡ ਵਿਚ ਢਾਣੀਆਂ ਬਣਾ ਕੇ ਹਸਦੀਆਂ ਗੁਟਕਦੀਆਂ। ਪਰ ਮਿਸ ਪ੍ਰੀਤਮ

ਇਕਲਵਾਂਜੇ ਕਿਸੇ ਦਰੱਖਤ ਦੇ ਤਣੇ ਨਾਲ ਪਿੱਠ ਜੋੜੀ ਖਲੋਤੀ ਰਹਿੰਦੀ। ਜੇ ਕਈ ਸਟਾਫ਼ ਰੂਮ ਵਿਚ ਕਿਸੇ ਗੋਸ਼ਟੀ ਵਿਚ ਸ਼ਾਮਲ ਹੋਣਾ ਪੈ ਜਾਂਦਾ ਤਾਂ ਇਕਾ ਦੁੱਕਾ ਪੁੱਛ ਹੀ ਬੈਠਦੀ, "ਕੀ ਗੱਲ ਏ ਮਿਸ ਪ੍ਰੀਤਮ ; ਤਬੀਅਤ ਢਿੱਲੀ ਉ? ਤਾਂ ਅਗੋਂ ਐਸਾ ਰੁਖਾ ਜਵਾਬ ਦੇਂਦੀ ਕਿ ਪੁਛਣ ਦਾ ਕਿਸੇ ਨੂੰ ਹੀਆ ਨਾ ਪੈਂਦਾ।

ਇਕ ਦਿਨ ਉਸ ਨੂੰ ਹੈਡਮਿਸਟ੍ਰੈਸ ਨੇ ਸੱਦ ਕੇ ਡਾਂਟਿਆ। "ਮਿਸ ਪ੍ਰੀਤਮ: ਬਈ ਤੇਰੀਆਂ ਬਹੁਤ ਸ਼ਿਕਾਇਤਾਂ ਆਉਣ ਲਗ ਪਈਆਂ ਨੇ । ਸੋ ਤੈਨੂੰ ਵਾਰਨਿੰਗ ਦਿੱਤੀ ਜਾਂਦੀ ਏ ਕਿ ਆਪਣਾ ਰਵੱਈਆ ਠੀਕ ਕਰ"

ਏਸ ਤਾੜਨਾ ਨੇ ਉਸ ਅੰਦਰ ਉਬਲ ਰਹੇ ਲਾਵੇ ਨੂੰ ਹੋਰ ਵੀ ਭਿਆਨਕ ਬਣਾ ਦਿੱਤਾ। ਉਹ ਹੈਡਮਿਸਟ੍ਰੈਸ ਤੋਂ ਇਜ਼ਾਜਤ ਮੰਗੇ ਬਿਨਾਂ ਇੰਜ ਕਮਰੇ ਵਿਚੋਂ ਬਾਹਰ ਨਿਕਲੀ ਜਿਵੇਂ ਸੜੇ ਗਰਾਓ ਜੋਗੀ।

*****

## 14.

ਅਜ ਉਸ ਦਾ ਸਕੂਲ ਜਾਣ ਨੂੰ ਵਢਿਆ ਰੂਹ ਨਹੀਂ ਸੀ ਕਰਦਾ। ਪਰ ਜਾਣਾ ਅਵੱਸ਼ਕ ਸੀ। ਮਿਸ ਪ੍ਰੀਤਮ ਦੇ ਵਰਤਮਾਨ ਤੇ ਭਵਿੱਖ ਦਾ ਸਵਾਲ ਏਸੇ ਨੌਕਰੀ ਨਾਲ ਬੱਝਾ ਹੋਇਆ ਸੀ। ਛੇਕੜ ਉਹ ਸਕੂਲ ਜਾ ਹੀ ਪਹੁੰਚੀ।

ਸਕੂਲ ਉਹੀ ਸੀ ਪਰ ਅਜ ਇਥੋਂ ਦੀ ਹਰ ਚੀਜ਼ ਤੇ ਸਾਰੇ ਵਿਅਕਤੀ ਉਸਨੂੰ ਅਜੀਬ ਅਜੀਬ ਜਾਪ ਰਹੇ ਸਨ। ਜਿਵੇਂ ਹਰ ਕੋਈ ਉਸਦੀ ਖਿੱਲੀ ਉਡਾ ਰਿਹਾ ਹੋਵੇ।

ਮਿਸ ਪ੍ਰੀਤਮ ਦਾ ਦਿਲ—ਜਿਹੜਾ ਪਹਿਲਾਂ ਹੀ ਕੁਝ ਘਟ ਤਪਿਆ ਹੋਇਆ ਨਹੀਂ ਸੀ—ਹਿੰਸਾ ਦੀ ਹਾਲਤ ਤਕ ਜਾ ਪਹੁੰਚਿਆ। ਉਸ ਦਾ ਜੀ ਕੀਤਾ ਕਿ ਸਭਨਾਂ ਨੂੰ ਫੜ ਕੇ ਇਕੋ ਵੇਰਾਂ ਮੌਤ ਦੇ ਘਾਟ' ਉਤਾਰ ਦੇਵੇ, ਜਿਨ੍ਹਾਂ ਕਮੀਨੀਆਂ ਨੇ ਹੈਡਮਿਸਟ੍ਰੈਸ ਪਾਸ ਉਸਦੀਆਂ ਸ਼ਿਕਾਇਤਾਂ ਕੀਤੀਆਂ ਹਨ।

ਉਵੇਂ ਹੀ ਭਰੀ ਪੀਤੀ ਉਸ ਕਲਾਸ ਨੂੰ ਪੜ੍ਹਾਨ ਲਗ ਪਈ। ਤਾਂ ਹੀ ਬਾਹਰੋਂ ਕਿਸੇ ਲੰਘਦੀ ਦੀ ਆਵਾਜ਼ ਉਸਦੇ ਕੰਨੀ ਪਈ 'ਇੱਟ ਦੀ ਦੁੱਕੀ'।'

“ਤਾਂ ਇਹ ਨਵਾਂ ਖ਼ਿਤਾਬ 'ਅੱਲ' ਦੇ ਰੂਪ ਵਿਚ ਮੈਨੂੰ ਹੀ ਪਰਦਾਨ ਕੀਤਾ ਗਿਆ। ਜਿਸ ਕੁੜੀ ਦੀ ਲਿਖਾਈ ਮਿਸ ਪ੍ਰੀਤਮ ਸੋਧ ਰਹੀ ਸੀ, ਉਸ ਵਿਚਾਰੀ ਉਤੇ ਉਹ ਕਹਿਰ ਬਣ ਕੇ ਵੱਸ ਪਈ। ਉਸ ਵਿਚਾਰੀ ਨਾਲ ਡਿਗੀ ਖੋਤੇ ਤੋਂ ਗੁੱਸਾ ਕੁਮਿਹਾਰ ਤੋਂ' ਵਾਲੀ ਗੱਲ ਆ ਦੁਕੀ। ਮਿਸ ਪ੍ਰੀਤਮ ਨੇ ਉਸ ਨੂੰ ਦੋ ਤਿੰਨ ਥੱਪੜ ਜੜ ਦਿੱਤੇ। ਨਿਰਾ, ਇਤਨਾ ਹੀ ਨਹੀਂ, ਖ਼ੂਬ ਉਚੀ ਉਚੀ ਦਹਾੜਦੀ ਹੋਈ ਨੇ- 'ਤੇਰੇ

ਖਸਮ ਨੂੰ ਖਾਧਾ ਸੀ ਸਿਰ ਮੁੰਨੀਏ। ਇਹ ਮਾਂ ਆਪਣੀ ਦਾ ਝਾਟਾ ਲਿਖਿਆ ਈ ?
"

ਵੇਖਦਿਆਂ ਹੀ ਵੇਖਦਿਆਂ ਸਾਰੇ ਸਕੂਲ ਵਿਚ ਹੰਗਾਮਾ ਮੱਚ ਗਿਆ। ਇੱਟ ਦੀ ਦੁੱਕੀ-ਇੱਟ ਦੀ ਦੁੱਕੀ ਆਵਾਜ਼ਾਂ ਉਪਰੋਂ ਥਲੀ ਆ ਰਹੀਆਂ ਸਨ। ਦੂਜੇ ਪਾਸੇ ਮਿਸ ਪ੍ਰੀਤਮ ਦੀ ਅਕਲ ਹੋਸ਼ ਜਵਾਬ ਦੇ ਚੁਕੀ ਸੀ-

"ਕੁਤੀਓ ; ਬੇਸ਼ਰਮੋਂ ; ਹਰਾਮਜਾਦੀਓ; ਮੇਰੇ ਮੂੰਹ ਤੇ ਆਖੋ ਖਾਂ, ਜੇ ਇਕ ਇਕ ਦੇ ਡੱਕਰੇ ਕਰਕੇ ਨਾ ਰਖ ਦਿਆਂ।"

ਅਚਾਨਕ ਹੈਡਮਿਸਟ੍ਰੈਸ ਉਥੇ ਆਣ ਪਹੁੰਚੀ। ਫੇਰ ਕੀ ਸੀ। ਵੱਡੇ ਭੈਣ ਜੀ ਵਰ ਹੀ ਤਾਂ ਪਏ ਉਸ ਉੱਤੇ _।"

"ਮਿਸ ਪ੍ਰੀਤਮ! ਇਹ ਕੀ ਬਣਨ ਡਿਹਾ ਹੋਇਆ ਏ? ਸ਼ਰਮ ਹੋਵੇ ਤਾਂ ਚੱਪਣੀ ਵਿਚ ਨੱਕ ਡੋਬ ਮਰੇ...।"

"ਮਿਸ ਪ੍ਰੀਤਮ; ਨੂੰ ਖੜੀ ਖੜੋਤੀ ਨੂੰ ਜਿਵੇਂ ਕਾਠ ਮਾਰ ਗਿਆ। ਬਸ ਹੁਣ ਮੇਰਾ ਬਿਸਤਰਾ ਗੋਲ ਹੋਇਆ ਕਿ ਹੋਇਆ। ਅਜ ਦੇ ਹੰਗਾਮੇ ਨੇ ਮਿਸ ਪ੍ਰੀਤਮ ਨੂੰ ਏਸ ਗੱਲ ਦਾ ਸੌ ਫੀ ਸਦੀ ਵਿਸ਼ਵਾਸ ਕਰਾ ਦਿੱਤਾ। ਉਹ ਹੈਡਮਿਸਟ੍ਰੈਸ ਦੇ ਸੁਭਾ ਤੋਂ ਜਾਣੂੰ ਸੀ ਕਿ ਉਹ ਜਿਸ ਦੇ ਵੈਰ ਪੈ ਜਾਏ ਉਸ ਦੀ ਖੈਰ ਨਹੀਂ।

ਮਿਸ ਪ੍ਰੀਤਮ ਸਕੂਲ ਚੋਂ ਬੇਇਜ਼ਤ ਹੋ ਕੇ ਕਢੇ ਜਾਣ ਨਾਲੋਂ ਅਸਤੀਫਾ ਦੇਣ ਬਾਰੇ ਸੋਚਣ ਲਗੀ। ਪਰ ਉਸ ਲਈ ਤਾਂ ਸਵਾਲ ਇਜ਼ਤ ਬੇਇਜ਼ਤੀ ਦਾ ਨਹੀਂ, ਬਲਕਿ ਇਸ ਵੇਲੇ ਤਨ ਪੇਟ ਦਾ ਸੀ।

ਫਿਰ ਵੀ ਉਹ ਦੂਸਰੇ ਦਿਨ ਸਕੂਲ ਪਹੁੰਚੀ। ਹੈਡਮਿਸਟ੍ਰੈਸ ਦੇ ਦਿਨਾਂ ਦੀ ਛੁੱਟੀ ਤੇ ਸੀ। ਵਡੇ ਭੈਣ ਜੀ ਦੀ ਗ਼ੈਰ ਮੌਜੂਦਗੀ ਵਿਚ ਸਟਾਫ਼ ਮੀਟਿੰਗ ਰਖੀ ਗਈ ਜਿਸ ਵਿਚ ਮਿਸ ਪ੍ਰੀਤਮ ਨੂੰ ਵੀ ਸਦਿਆ ਗਿਆ।

ਮਾਨੋਂ ਬੱਕਰੀ ਨੂੰ ਕਸਾਈ ਦੀ ਛੁਰੀ ਹੇਠ ਜਾਣ ਦੇ ਥਾਂ ਬਘਿਆੜਾਂ ਦੇ ਝੁੰਡ ਵਿਚੋਂ ਜਾਣਾ ਪੈ ਰਿਹਾ ਹੋਵੇ। ਸਭੇ ਉਸਤਾਦਨੀਆਂ ਮੌਜੂਦ ਸਨ। ਉਹ ਵੀ ਇਕ ਖ਼ਾਲੀ ਕੁਰਸੀ ਤੇ ਬੈਠ ਗਈ। ਕਾਰਵਾਈ ਕਿਵੇਂ ਸ਼ੁਰੂ ਹੋਈ ਤੇ ਕਿਸ ਵੇਲੇ ਖ਼ਤਮ ਹੋ

ਗਈ? ਮਿਸ ਪ੍ਰੀਤਮ ਨੂੰ ਕੋਈ ਪਤਾ ਨਹੀਂ। ਉਸਤਾਦਨੀਆਂ ਉਠ ਕੇ ਬਾਹਰ ਚਲੀਆਂ ਗਈਆਂ। ਉਹ ਉਥੇ ਹੀ ਬੈਠੀ ਰਹੀ।

ਇੰਦੂਬਾਲਾ ਉਸ ਨੂੰ ਛੇੜਨ ਦੇ ਖ਼ਿਆਲ ਨਾਲ ਵਾਪਸ ਸਟਾਫ ਰੂਮ ਵਿਚ ਗਈ। ਇਸ ਵੇਲੇ ਮਿਸ ਪ੍ਰੀਤਮ ਹੱਥ ਹਿੱਲਾ ਹਿੱਲਾ ਕੇ ਮੂੰਹ ਵਿਚ ਬੜਬੜਾਈ ਜਾਂਦੀ ਸੀ।

"ਮਿਸ ਪ੍ਰੀਤਮ: ਕਿਸ ਨਾਲ ਲੜ ਰਹੀ ਏਂ ਨੀ?"

“ਤੇਰੇ ਖ਼ਸਮ ਨਾਲ” ਪੈਂਦੀ ਸੱਟੇ ਮਿਸ ਪ੍ਰੀਤਮ ਨੇ ਇੰਦੂਬਾਲਾ ਨੂੰ ਕਹਿ ਦਿੱਤਾ। ਗੁੱਸਾ ਕਰਨ ਦੇ ਥਾਂ ਇੰਦੂਬਾਲਾ ਹੱਸ ਪਈ। ਏਸ ਹਾਸੇ ਨੇ ਉਸ ਦੇ ਗੁੱਸੇ ਨੂੰ ਹਿੰਸਾ ਵਿਚ ਬਦਲ ਦਿੱਤਾ- ਤੂੰ ਕੌਣ ਹੁੰਨੀ ਏ ਨੀ ਮੇਰੇ ਨਾਲ ਆਢਾ ਲਾਣ ਵਾਲੀ। ਸਭ ਪਤਾ ਏ ਮੈਨੂੰ, ਜਿਹੜੇ ਮਸੋਰੇ ਤੁਸੀਂ ਕਰਦੀਆਂ ਰਹਿੰਦੀਆਂ ਜੇ ਮੇਰੇ ਬਰਖ਼ਿਲਾਫ। ਜਾਹ ਕਹਿ ਦੇ ਆਪਣੀਆਂ ਉਨ੍ਹਾਂ ਕੁੱਲਗਦੀਆਂ ਨੂੰ, ਜੇ ਇਕ ਇਕ ਪਾਸੋਂ ਬਦਲਾ ਨਾ ਲਵਾਂ ਤਾਂ ਮੈਂ ਆਪਣੇ ਪਿਉ ਦੀ ਧੀ ਨਹੀਂ?" ਤੇ ਬੋਲਦੀ ਬੋਲਦੀ ਉਹ ਹਉਂਕਣ ਲਗ ਪਈ।

ਇੰਦੂਬਾਲਾ ਦਾ ਸੁਆਦ ਓੜਕ ਨੂੰ ਛੂਹ ਰਿਹਾ ਸੀ। “ਸਚੋ ਈ ਇੱਟ ਦੀ ਦੁੱਕੀ ਏਂ ਤੂੰ ਤਾਂ। ਨਾ ਤੈਨੂੰ ਕਿਸੇ ਦੀ ਗੱਲ ਸੁਖਾਂਦੀ ਏ ਨਾ ਕਿਸੇ ਨਾਲ ਮਿਲਣਾ ਭਿਟਣਾ।”

ਫੇਰ ਕੀ ਸੀ। ਮਿਸ ਪ੍ਰੀਤਮ ਦੀ ਜ਼ਬਾਨ ਜਿੰਨੀ ਤੇਜ਼ ਚਲਣ ਲਗੀ ਓਦੂੰ ਦੂਣੀ ਤੇਜ਼ੀ ਨਾਲ ਉਸਦੇ ਹੱਥ। ਉਸ ਇੰਦੂਬਾਲਾ ਨੂੰ ਮਚਕੋੜ ਕੇ ਰਖ ਦਿੱਤਾ। ਸਿਰ ਖੋਹ, ਮੂੰਹ ਵਲੂੰਧਰ, ਕੱਪੜੇ ਪਾੜ, ਚਪੇੜਾਂ ਮਾਰ। ਮਿਸ ਪ੍ਰੀਤਮ ਦਾ ਪਾਰਾ ਉਤਰਨ ਦਾ ਨਾਂ ਨਹੀਂ ਸੀ ਲੈਂਦਾ। ਉਹ ਸਭਨਾਂ ਨੂੰ ਗਾਲ੍ਹਾਂ ਦਾ ਪ੍ਰਸ਼ਾਦ ਵੰਡਦੀ ਹੋਈ ਸਕੂਲ ਦੇ ਹਾਤੇ ਚੋਂ ਬਾਹਰ ਨਿਕਲ ਗਈ।

ਸਾਰੀਆਂ ਉਸਤਾਦਨੀਆਂ ਨੇ ਮਿਲਕੇ ਮਤਾ ਪਾਸ ਕੀਤਾ ਕਿ ਇਸ ਮਾਮਲੇ ਬਾਰੇ ਸਭਨਾਂ ਦੇ ਦਸਖ਼ਤਾਂ ਹੇਠ ਇਕ ਮੇਜਰਨਾਮਾ ਲਿਖਕੇ ਵੱਡੇ ਭੈਣ ਜੀ ਦੀ ਸੇਵਾ ਵਿਚ ਪੇਸ਼ ਕੀਤਾ ਜਾਵੇ।

## 15.

ਕ੍ਰੋਧ ਨੂੰ ਚੰਡਾਲ ਦੀ ਸੰਗਿਆ ਦਿਤੀ ਜਾਂਦੀ ਹੈ। ਕ੍ਰੋਧ ਦੇ ਆਵੇਸ਼ ਵਿਚ ਆਦਮੀ ਕਿੰਨਾ ਹੀ ਕੁਝ ਐਸਾ ਕਰ ਗੁਜ਼ਰਦਾ ਹੈ ਜੋ ਚੰਡਾਲ ਭੂਤ ਪ੍ਰੇਤ ਜਾਂ ਹਿੰਸਕ ਪਸ਼ੂ ਦੇ ਸੁਭਾਵਾਂ ਨਾਲ ਮੇਲ ਖਾਂਦਾ ਹੈ।

ਸਕੂਲ ਤੋਂ ਨਿਕਲ ਕੇ ਘਰ ਪੁਜਣ ਤਕ ਮਿਸ ਪ੍ਰੀਤਮ ਨੂੰ ਆਪਣੇ ਅੰਦਰ ਬਹੁਤ ਵੱਡਾ ਪਰਿਵਰਤਨ ਦਿਖਾਈ ਦੇ ਰਿਹਾ ਸੀ। ਅਜ ਵਰਗੀ ਭੈੜੀ ਹਾਲਤ ਉਸ ਨੇ ਆਪਣੀ ਕਦੀ ਮਹਿਸੂਸ ਨਹੀਂ ਸੀ ਕੀਤੀ। ਅੱਜ ਉਸਨੂੰ ਉਸਤਾਦਨੀਆਂ ਦੀ ਬਦਸਲੂਕੀ ਨਾਲੋਂ ਬਹੁਤੀ ਰੰਜਿਸ਼ ਆਪਣੇ ਉਤੇ ਸੀ। ਉਹ ਮੂੰਹ ਵਿਚ ਬੜ ਬੜਾ ਰਹੀ ਸੀ।

"ਮੈਨੂੰ ਕੀ ਹੁੰਦਾ ਜਾਂਦਾ ਹੈ ਦਿਨੋ ਦਿਨ? ਸ਼ਾਇਦ ਮੇਰਾ ਦਿਮਾਗ਼ ਖ਼ਰਾਬ ਹੋ ਗਿਆ ਹੈ। ਇੰਜ ਜੁ ਮੈਂ ਇੰਦੂਬਾਲਾ ਨੂੰ ਫੜ ਕੇ ਝੰਜੋੜ ਸੁਟਿਆ। ਭਾਵੇਂ ਮੈਂ ਉਸਦਾ ਗਲਾ ਹੀ ਘੁਟ ਸੁਟਦੀ ਜੇਕਰ ਉਸ ਦੀਆਂ ਸਾਥਣਾਂ ਉਸਨੂੰ ਮੇਰੇ ਕੋਲੋਂ ਛੁਡਾ ਨਾ ਲੈਂਦੀਆਂ। ਮੈਨੂੰ ਕੀ ਹੁੰਦਾ ਜਾਂਦਾ ਏ? ਮੇਰਾ ਕੀ ਬਣੇਗਾ?

"ਹੈਂ! ਮੈਂ ਏਡੀ ਉੱਚੀ ਉੱਚੀ ਬਕੜਵਾਹ ਕਰ ਰਹੀ ਹਾਂ?"

ਤੇ ਉਸਦਾ ਜੀ ਕੀਤਾ ਕਿ ਉਹ ਆਪਣਾ ਵੀ ਉਹੀ ਹਾਲ ਕਰ ਛੱਡੇ ਜਿਹੜਾ ਉਸ ਇੰਦੂਬਾਲਾ ਦਾ ਕੀਤਾ ਸੀ। ਪਰ ਉਸ ਅੰਦਰ ਬੈਠੀ ਦੂਜੀ ਮਿਸ ਪ੍ਰੀਤਮ ਨੇ ਉਸ ਨੂੰ ਫਿਟਕਾਰਿਆ-"ਹਿਸ; ਬੇਵਕੂਫ਼ ਨ ਹੋਵੇ ਤੇ ਅਕਲ ਕਰ ਕੁਝ-ਹੋਸ਼ ਕਰ ਕੁਝ_' ਤਾਂ ਹੀ ਨਿਹਾਲੋ ਨੇ ਕਮਰੇ ਵਿਚ ਪਰਵੇਸ਼ ਕੀਤਾ।

"ਭੈਣ ਜੀ; ਕੀਹ ਗੱਲ ਏ? ਨਾ ਦੀਵਾ ਨਾ ਬੱਤੀ ? ਨਿਹਾਲੋ ਅਜ ਕਈ ਦਿਨਾਂ ਪਿਛੋਂ ਮਿਸ ਪ੍ਰੀਤਮ ਦੇ ਘਰ ਆਈ ਸੀ। ਨਿਹਾਲੋ ਨਾਲ ਗੱਲਾਂ ਕਥਾਂ ਕਰਕੇ ਦੋ ਘੜੀਆਂ ਲਈ ਉਸਦਾ ਜੀ ਪਰਚ ਜਾਂਦਾ ਸੀ। ਪਰ ਨਿਹਾਲੋ ਕੀ ਗਈ, ਮਿਸ

ਪ੍ਰੀਤਮ ਦਾ ਇਹ ਦਿਲ ਪਰਚਾਵਾ ਵੀ ਜਾਂਦਾ ਰਿਹਾ। ਉਸ ਨੇ ਇਸੇ ਗੱਲ ਦਾ ਹਿਰਖ ਕੀਤਾ-

"ਕੀ ਲੋੜ ਸੀ ਆਉਣ ਦੀ।"

"ਮੈਂ ਤੇ ਸੱਤ ਵੇਰਾਂ ਆਉਂਦੀ ਭੈਣ ਜੀ, ਪਰ ਕੀਹ ਕਰਦੀ ਅਖੇ ਤਕੜੇ ਦਾ ਸੱਤੀ ਵੀਹੀ ਸੌ।"

"ਮਨ੍ਹੇ ਕਰ ਦਿੱਤਾ ਸੀ ਮੇਰੀ ਮਾਲਕਣ ਨੇ ਆਉਣ ਤੋਂ?"

"ਕੀਹ ਪੁਛਦੇ ਜੇ ਭੈਣ ਜੀ। ਰੱਬ ਦਏ ਤੇ ਬੰਦਾ ਸਹੇ। ਨੌਕਰੀ ਤਾਂ ਭੈਣ ਜੀ ਕੋਈ ਵੀ ਚੰਗੀ ਨਹੀਂ। ਪਰ ਓਸ ਰਾਸ਼ਕਿਆਣੀ ਦੀ ਨੌਕਰੀ? ਰੱਬ ਸੱਚਾ ਦੁਸ਼ਮਣ ਨੂੰ ਵੀ ਨਸੀਬ ਨਾ ਕਰੇ। ਜਵਾਬ ਮਿਲ ਗਿਆ ਭੈਣ ਜੀ ਨੌਕਰੀ ਤੋਂ।"

ਸੁਣ ਕੇ ਮਿਸ ਪ੍ਰੀਤਮ ਨੂੰ ਓਹੀ ਸੁੱਦਾਪੁਣਾ ਜਿਹ ਆਪਣੇ ਉਤੇ ਸਵਾਰ ਹੁੰਦਾ ਜਾਪਿਆ। ਪਰ ਉਸ ਆਪਣੇ ਆਪ ਉਤੇ ਕਾਬੂ ਪਾ ਲਿਆ।

"ਕੋਈ ਨਹੀਂ ਭੈਣ ਜੀ। ਨੌਕਰੀ ਦੀ ਕੇਹੜੀ ਗੱਲ ਏ ਇਕ ਦਰ ਬਧਾ ਸੌ ਦਰ ਖੁਲ੍ਹੇ। ਰੋਜ਼ ਰੋਜ਼ ਦਾ ਕਲੇਸ਼ ਮੁਕਾ। ਹੁਣ ਮੈਂ ਆਪਣੇ ਨੂੰਹ ਪੁੱਤਰ ਤੇ ਪੋਤਰੇ ਪੋਤਰੀਆਂ ਕੋਲ ਕੱਲ ਦੀ ਗੱਡੀ ਜਾ ਰਹੀ ਸਾਂ। ਪਰ ਤੁਹਾਨੂੰ ਮਿਲੇ ਬਾਝੋਂ ਜਾਣ ਨੂੰ ਦਿਲ ਨਹੀਂ ਸੀ ਕਰਦਾ। ਨਾਲੇ ਜੋ ਉਸ ਮੇਰੇ ਨਾਲ ਕੀਤੀ ਏ, ਮਤਾਂ ਭਲਕ ਨੂੰ ਤੁਸਾਂ ਨਾਲ ਵੀ ਵਾਪਰੇ। ਪਰ ਭਾਵੇਂ ਕੁਝ ਵੀ ਹੋਵੇ, ਤੁਹਾਨੂੰ ਉਹ ਨੌਕਰੀ ਤੋਂ ਨਹੀਂ ਹਟਾ ਸਕਦੀ ।"

ਸੁਣ ਕੇ ਮਿਸ ਪ੍ਰੀਤਮ ਦੇ ਡੋਲਦੇ ਮਨ ਨੂੰ ਜਿਵੇਂ ਕੋਈ ਸਹਾਰਾ ਮਿਲ ਗਿਆ—

"ਕੀ ਕਿਹਾ ਈ, ਨੌਕਰੀ ਤੋਂ ਕੋਈ ਮੈਨੂੰ ਹਟਾ ਨਹੀਂ ਸਕਦਾ? ਪਰ ਨਿਹਾਲੇ ਤੈਨੂੰ ਨਹੀਂ ਪਤਾ ਜੁ ਮਾਮਲਾ ਕਿੰਨਾ ਵਿਗੜ ਚੁੱਕਾ ਏ।"

"ਭਾਵੇਂ ਕਿੰਨਾ ਵੀ ਵਿਗੜ ਜਾਏ। ਵਿਚਲੀ ਗੱਲ ਇਹ ਹੈ ਕਿ ਇਹ ਸਕੂਲ ਤੁਹਾਡੇ ਮਾਮੇ ਈਸ਼ਰਦਾਸ ਦੇ ਪੈਸੇ ਨਾਲ ਚਲਦਾ ਏ।"

"ਮੇਰੇ ਮਾਮੇ ਦੇ ਪੈਸੇ ਨਾਲ?" ਮਿਸ ਪ੍ਰੀਤਮ ਦਾ ਸਾਹ ਜਿਵੇਂ ਰੁਕਣ ਵਾਲਾ ਹੋ ਰਿਹਾ ਸੀ।

'ਹਾਹੋ ਮੁਖ' ਤੇ ਨਿਹਾਲੋ ਨੇ ਇਕ ਲੰਮੀ ਵਾਰਤਾ ਸੁਣਾਨੀ ਸ਼ੁਰੂ ਕਰ ਦਿੱਤੀ। ਜਿਸ ਦਾ ਮਤਲਬ ਇਹ ਸੀ ਕਿ ਹੈਡਮਿਸਟ੍ਰੈਸ ਆਪਣੇ ਗ਼ਰੀਬ ਪਤੀ ਨੂੰ ਛਡਕੇ ਈਸ਼ਰਦਾਸ ਦੀ ਰਖੇਲ ਬਣ ਕੇ ਰਹਿ ਰਹੀ ਸੀ। ਆਪਣੀ ਪਤਨੀ ਦੇ ਪਿੱਟ ਕਰੱਟੇ ਤੋਂ ਡਰਦੇ ਨੇ ਉਸ ਨੇ ਆਪਣੀ ਏਸ ਰਖੇਲ ਨੂੰ ਸਕੂਲ ਖੁੱਲਵਾ ਕੇ ਉਸਦੀ ਹੈਡਮਿਸਟ੍ਰੈਸ ਬਣਾ ਦਿੱਤਾ ਸੀ। ਆਪਣੀ ਭਣੇਵੀਂ ਤੋਂ ਛੁਟਕਾਰਾ ਪਾਣ ਲਈ ਉਸ ਨੇ ਪ੍ਰੀਤੋ ਨੂੰ ਅਧਿਆਪਕਾ ਦੇ ਤੌਰ ਤੇ ਇਥੇ ਆਪਣੀ ਰਖੇਲ ਕੋਲ ਭੇਜ ਦਿੱਤਾ ਤੇ ਏਸ ਮਤਲਬ ਲਈ ਹਰ ਮਹੀਨੇ ਕੁਝ ਵਾਧੂ ਰਕਮ ਭੇਜਣੀ ਵੀ ਉਸ ਨੇ ਸਵੀਕਾਰ ਕੀਤੀ।

ਨਿਹਾਲੋ ਦੀਆਂ ਗੱਲਾਂ ਸੁਣਕੇ ਮਿਸ ਪ੍ਰੀਤਮ ਸੁੰਨ ਹੋ ਗਈ। ਨਿਹਾਲੋ ਦੀਆਂ ਗੱਲਾਂ ਵਿਚੋਂ ਅਤਕਥਨੀ ਹੋ ਸਕਦੀ ਹੈ, ਪਰ ਗੱਲਾਂ ਝੂਠੀਆਂ ਨਹੀਂ। ਨਿਹਾਲੋ ਕੋਲੋਂ ਹੀ ਉਸ ਨੂੰ ਪਤਾ ਲਗਾ ਕਿ ਇਸੇ ਰਖੇਲ ਦੀ ਵਜ੍ਹਾ ਕਾਰਨ ਉਸਦੀ ਮਾਮੀ ਨੂੰ ਦਿਲ ਦੇ ਦੌਰੇ ਪੈਂਦੇ ਨੇ।

ਰਾਤ ਕਾਫ਼ੀ ਜਾ ਚੁੱਕੀ ਸੀ ਤੇ ਨਿਹਾਲੋ ਨੂੰ ਮੁੜਨ ਦੀ ਕਾਹਲੀ ਸੀ। ਜਾਣ ਸਮੇਂ ਉਸ ਮਿਸ ਪ੍ਰੀਤਮ ਨੂੰ ਵਡੀਆਂ ਵਡੇਰੀਆਂ ਵਾਂਗ ਇਕ ਨਸੀਹਤ ਕੀਤੀ—

ਮੈਂ ਸਮਝ ਰਹੀ ਆਂ ਭੈਣ ਜੀ ਤੁਹਾਡੇ ਦਿਲ ਦੀ ਹਾਲਤ। ਪਰ ਇੰਜ ਨਹੀਂ ਜੇ ਗੁਜ਼ਾਰਾ ਹੋਣਾ। ਅੰਦਰੇ ਅੰਦਰ ਕਿਚਰ ਤਕ ਰੱਤ ਕਾੜ੍ਹਦੇ ਰਹੋਗੇ। ਮੇਰੇ ਆਖੇ ਲਗੋ ਤਾਂ ਤੁਸੀਂ ਧਰਮ ਕਰਮ ਵਲ ਧਿਆਨ ਦਿਓ। ਮੰਦਰ ਤਾਂ ਤੁਹਾਡੇ ਨੇੜੇ ਐ-ਕਥਾ ਵਾਰਤਾ ਸੁਣਨ ਨਾਲ ਬੰਦੇ ਦੇ ਦਿਲ ਨੂੰ ਸਾਂਤਕੀ (ਸ਼ਾਂਤੀ) ਆ ਜਾਂਦੀ ਏ।

ਮਿਸ ਪ੍ਰੀਤਮ ਨੂੰ ਉਸਦੀ ਸਿਖਿਆ ਪਸੰਦ ਆਈ। ਉਹ ਬੋਲੀ, "ਹਛਾ ਨਿਹਾਲੋ, ਕਲ੍ਹ ਤੋਂ ਮੈਂ ਨੇਮ ਨਾਲ ਮੰਦਰ ਜਾਇਆ ਕਰਾਂਗੀ"

ਤੇ ਜਾਣ ਲਗੀ ਨਿਹਾਲੋ ਨੂੰ ਉਸ ਨੇ ਘੁਟਵੀਂ ਜਫੀ ਪਾਈ।

*****

## 16.

ਮਿਸ ਪ੍ਰੀਤਮ ਨਿਹਾਲੋ ਦੀ ਚਿਤਾਵਨੀ ਨਹੀਂ ਸੀ ਭੁਲੀ। ਅਗਲੀ ਪਰਭਾਤ ਉਹ ਇਸ਼ਨਾਨ ਪਾਣੀ ਤੋਂ ਬਾਅਦ ਦਿਨ ਚੜ੍ਹਦਿਆਂ ਤੀਕ ਮੰਦਰ ਜਾ ਪਹੁੰਚੀ।

ਮੰਦਰ ਵਿਚ ਖਾਸੀ ਰੌਣਕ ਸੀ। ਮਾਤਾ ਦੀਆਂ ਭੇਟਾਂ ਗਾਈਆਂ ਜਾ ਰਹੀਆਂ ਸਨ। ਪਰ ਮਿਸ ਪ੍ਰੀਤਮ ਦਾ ਮਨ ਕੀਰਤਨ ਵਿਚ ਨਾ ਜੁੜ ਸਕਿਆ। ਜਿੰਨਾ ਹੀ ਉਹ ਮਨ ਨੂੰ ਏਸ ਪਾਸੇ ਮੋੜਨ ਦੀ ਕੋਸ਼ਿਸ਼ ਕਰਦੀ ਉਨਾ ਹੀ ਉਹ ਪਿਛਲੇ ਕਈ ਦਿਨਾਂ ਤੋਂ ਸਕੂਲ ਵਿਚ ਵਾਪਰੀਆਂ ਘਟਨਾਵਾਂ ਵਿਚ ਜਾ ਖੁਭਦਾ।

ਏਸ ਵਿਚਾਲੇ ਉਸ ਨੂੰ ਊਘਾਂ ਆਉਣ ਲਗ ਪਈਆਂ। ਉਸਦਾ ਧਿਆਨ ਮੁੜ ਸਕੂਲ ਵਲ ਪਰਤ ਗਿਆ। ਸਿਰ ਨੂੰ ਝਟਕਾ ਦੇ ਕੇ ਉਸ ਅੱਖਾਂ ਉਘੇੜੀਆਂ। ਕੀਰਤਨੀਆਂ ਦੀ ਮਧੁਰ ਆਵਾਜ਼ ਗੂੰਜ ਰਹੀ ਸੀ-

"ਮੈਂ ਤੋਂ ਤੁਮਰੇ ਦਰਸ ਕੀ ਪਿਆਸੀ।

ਪ੍ਰਭ ਜੀ ਮੈਂ ਤੋਂ ਤੁਮਰੇ ਦਰਸ ਕੀ ਪਿਆਸੀ"

ਸੁਣਦਿਆਂ ਸੁਣਦਿਆਂ ਮਿਸ ਪ੍ਰੀਤਮ ਉਤੇ ਮਸਤੀ ਦਾ ਰੰਗ ਛਾ ਗਿਆ। ਚਾਣਚੱਕ ਉਸ ਨੂੰ ਖ਼ਿਆਲ ਆਇਆ "ਸਕੂਲ ਜਾਣ ਵਿਚ ਦੇਰ ਹੋ ਜਾਏ ਮਤੇ। ਉਹ ਰਵਾਂ ਰਵੀਂ ਘਰ ਵਲ ਤੁਰ ਪਈ। ਰਾਹ ਵਿਚ ਕਾਫ਼ੀ ਭੀੜ ਭੜਕਾ ਸੀ। ਕਿਤੇ ਮੰਗਤਾ ਨੁਮਾ ਸਾਧੂ ਮੁਕਤੀ, ਕਲਿਆਣ ਦੀਆਂ ਦਾਤਾਂ ਸਸਤੇ ਦੰਮੀ ਵੇਚਣ ਦਾ ਯਤਨ ਕਰ ਰਹੇ ਸਨ ਤੇ ਕਿਤੇ ਅੰਨ੍ਹੇ ਲੂਲ੍ਹੇ ਮੰਗਤੇ ਲੰਘਣ ਵਾਲਿਆਂ ਨੂੰ ਪੁੰਨ ਦਾਨ' ਦੀ ਪਰੇਰਨਾ ਕਰ ਰਹੇ ਸਨ।

ਥੋੜ੍ਹੀ ਦੇਰ ਬਾਅਦ ਮਿਸ ਪ੍ਰੀਤਮ ਨੇ 'ਮੁੜ ਆਪਣੇ ਆਪ ਨੂੰ ਓਸ ਨਰਕ ਦੁਆਰੇ ਲਾਗੇ ਵੇਖਿਆ—ਸਕੂਲ ਦੀ ਵਲਗਣ ਮੂਹਰੇ। ਉਸਦੇ ਦਿਲ ਨੂੰ ਡੋਬੂ ਪੈਣ

ਲਗੇ। ਫਿਰ ਉਸ ਨੂੰ ਨਿਹਾਲੋ ਦੀਆਂ ਕਹੀਆਂ ਹੋਈਆਂ ਗੱਲਾਂ ਯਾਦ ਆਈਆਂ, ਜਿਨ੍ਹਾਂ ਦਾ ਮਤਲਬ ਇਹ ਸੀ ਕਿ ਭਾਵੇਂ ਕੁਝ ਵੀ ਹੋਵੇ, ਹੈਡਮਿਸਟ੍ਰੈਸ ਉਸ ਨੂੰ ਨੌਕਰੀਓਂ ਜਵਾਬ ਨਹੀਂ ਦੇਣ ਲਗੀ।

ਇਸੇ ਆਸ ਤੇ ਉਹ ਉਸਤਾਦਨੀਆਂ ਦੀ ਬਦਸਲੂਕੀ ਤੋਂ ਹੈਡਮਿਸਟ੍ਰੈਸ ਨੂੰ ਜਾਣੂ ਕਰਵਾਣ ਲਈ ਗਈ। ਪਰ ਹੈਡਮਿਸਟ੍ਰੈਸ ਜਿਵੇਂ ਉਸੇ ਦੀ ਉਡੀਕ ਵਿਚ ਬੈਠੀ ਸੀ । ਉਹ ਮਿਸ ਪ੍ਰੀਤਮ ਦੀਆਂ ਜ਼ਿਆਦਤੀਆਂ, ਬਦਸਲੂਕੀਆਂ ਤੇ ਬਦਤਮੀਜ਼ੀ ਦੀ ਲਿਸਟ ਗਿਣਾਂਦੀ ਚਲੀ ਗਈ। ਉਸ ਦੇ ਲਹਿਜੇ ਵਿਚ ਤਲਖ਼ੀ ਸੀ।

ਮਿਸ ਪ੍ਰੀਤਮ ਚੁਪ ਕਰਕੇ ਸਿਰ ਸੁੱਟੀ-ਅੱਖਾਂ ਝੁਕਾਈ ਸੁਣੀ ਜਾ ਰਹੀ ਸੀ। ਉਸ ਦੀਆਂ ਅੱਖਾਂ ਵਿਚ ਖ਼ੂਨ ਉਤਰਦਾ ਆ ਰਿਹਾ ਸੀ। ਉਸ ਦੇ ਬੁਲ੍ਹ ਗੁੱਸੇ ਵਿਚ ਫਰਕ ਰਹੇ ਸਨ। ਪਰ ਇਸੇ ਸਮੇਂ ਉਸਨੂੰ ਨਿਹਾਲੋ ਦੀ ਨਸੀਹਤ ਯਾਦ ਹੋ ਆਈ। "ਉਸ ਸ਼ੀਹਣੀ (ਹੈਡਮਿਸਟ੍ਰੈਸ) ਦੇ ਸਾਹਮਣੇ ਕਦੀ ਭੁਲ ਕੇ ਵੀ ਜ਼ਬਾਨ ਨੂੰ ਖੁਲ੍ਹ ਨਾ ਦੇਣੀ। ਜੇ ਜ਼ਰਾ ਮਿੰਨਤ ਖੁਸ਼ਾਮਦ ਕਰ ਦਿਓ ਤਾਂ ਸਭ ਮਾਫ਼।

ਤੇ ਸਚੋਂ ਹੀ ਇਹ ਨਸੀਹਤ ਇਸ ਵੇਲੇ ਕੰਮ ਆਈ। ਉਹ ਬੜਾ ਨਿਮਾਣਾ ਜਿਹਾ ਮੂੰਹ ਬਣਾ ਕੇ ਬੋਲੀ।

“ਵੱਡੇ ਭੈਣ ਜੀ, ਤੁਸੀਂ ਮੇਰੀ ਮਾਂ ਦੇ ਥਾਂ ਹੋ। ਪਹਿਲਾਂ ਵੀ ਤੁਸਾਂ ਮੇਰੇ ਉਤੇ ਕੁਝ ਘਟ ਉਪਕਾਰ ਨਹੀਂ ਕੀਤੇ। ਮੈਂ ਹੱਥ ਜੋੜ ਕੇ ਪਿਛਲੀਆਂ ਭੁਲਾਂ ਦੀ ਮਾਫ਼ੀ ਮੰਗਨੀ ਹਾਂ।" ਕਹਿੰਦਿਆਂ ਕਹਿੰਦਿਆਂ ਮਿਸ ਪ੍ਰੀਤਮ ਦਾ ਸਿਰ ਵੱਡੇ ਭੈਣ ਜੀ ਦੇ ਪੈਰਾਂ ਤੇ ਝੁਕ ਗਿਆ।

'ਸ਼ਾਬਾਸ਼! ਤੈਥੋਂ ਮੈਨੂੰ ਇਹੋ ਉਮੀਦ ਸੀ ਮਿਸ ਪ੍ਰੀਤਮ। ਤੂੰ ਸ਼ਾਇਦ ਮੇਰੇ ਸੁਭਾਅ ਤੋਂ ਵਾਕਫ਼ ਨਹੀਂ। ਜਿਹੜਾ ਕੋਈ ਮੇਰੇ ਸਾਹਮਣੇ ਆਪਣੀ ਗ਼ਲਤੀ ਦਾ ਇਕਬਾਲ ਕਰ ਲਵੇ ਮੈਂ ਉਸ ਦੇ ਸਾਰੇ ਕਸੂਰ ਮੁਆਫ਼ ਕਰ ਦੇਂਦੀ ਹਾਂ। ਪਰ ਤੇਰੀ ਕਲ੍ਹ ਵਾਲੀ ਜ਼ਿਆਦਤੀ ਨੇ ਸਾਰੇ ਸਟਾਫ਼ ਵਿਚ ਖਲਬਲੀ ਮਚਾ ਦਿੱਤੀ ਏ। ਇਸ ਕਰਕੇ ਤੂੰ ਸਭਨਾਂ ਪਾਸੋਂ ਵਾਰੋ ਵਾਰੀ ਮਾਫ਼ੀ ਮੰਗ ਲੈ'

"ਠੀਕ ਏ ਭੈਣ ਜੀ" ਜਿਵੇਂ ਮਿਸ ਪ੍ਰੀਤਮ ਦਾ ਗਲਾ ਮਿਲਦਾ ਜਾ ਰਿਹਾ ਹੋਵੇ। ਪਰ ਉਸ ਨੂੰ ਹੈਡਮਿਸਟ੍ਰੈਸ ਅਗੇ ਹਾਮੀ ਭਰਨੀ ਹੀ ਪਈ।

"ਸ਼ਾਬਾਸ਼" ਉਸਦੀ ਪਿੱਠ ਥਾਪੜਦੀ ਹੋਈ ਹੈਡਮਿਸਟ੍ਰੈਸ ਬੋਲੀ-ਜਾਹ ਤੇ ਜਲਦੀ ਤੋਂ ਜਲਦੀ ਇਹ ਕੰਮ ਕਰ ਸੁਟ। ਤੇ ਨਾਲੇ ਹਾਂ ਸਚ, ਉਸ ਕੁੜੀ ਦੇ ਘਰ ਜਾ ਕੇ ਉਸ ਦੇ ਮਾਪਿਆਂ ਪਾਸੋਂ ਵੀ ਮਾਫ਼ੀ ਮੰਗਣੀ ਪਵੇਗੀ ਤੈਨੂੰ। ਸੁਦੈਣੇ। ਤੂੰ ਤਾਂ ਸਥਰ ਲਾਹ ਦਿੱਤਾ ਵਿਚਾਰੀ ਮਾਸੂਮ ਕੁੜੀ ਨੂੰ।"

ਤੇ ਮਿਸ ਪ੍ਰੀਤਮ ਸਿਰ ਤੋਂ ਲੈ ਕੇ ਪੈਰਾਂ ਤਕ ਬਾਰੂਦ ਬਣੀ ਕਮਰੇ ਚੋਂ ਬਾਹਰ ਨਿਕਲੀ। ਉਸਨੂੰ ਜਾਪ ਰਿਹਾ ਸੀ ਜਿਵੇਂ ਅੰਦਰਲਾ ਲਾਵਾ ਫਟਿਆ ਕਿ ਫਟਿਆ।

*****

## 17.

"ਇਹ ਖੇਖਣਹਾਰੀ ਮੈਨੂੰ ਠਿੱਠ ਕਰ ਰਹੀ ਏ। ਫਲਾਣੀ ਤੋਂ ਮਾਫੀ ਮੰਗ, ਦਿਮਕੀ ਅੱਗੇ ਨੱਕ ਰਗੜ। ਜਿਵੇਂ ਮੈਂ ਖ਼ੂਨ ਕਰਕੇ ਆਈ ਹਾਂ।"

ਮੂੰਹ ਵਿਚ ਬੁੜ-ਬੁੜਾਂਦੀ ਹੋਈ ਮਿਸ ਪ੍ਰੀਤਮ ਆਪਣੀ ਕਲਾਸ ਵਲ ਜਾ ਰਹੀ ਸੀ ਕਿ ਅੱਗੋਂ ਬੀਬੀ ਰਾਮ ਪਿਆਰੀ ਮਿਲ ਪਈ। ਜਿਸ ਪਾਸੋਂ ਮਾਫੀ ਮੰਗਣ ਲਈ ਹੈਡਮਿਸਟ੍ਰੈਸ ਨੇ ਦੂਹਰੀ ਤੀਹਰੀ ਤਾਕੀਦ ਕੀਤੀ ਸੀ।

ਮਿਸ ਪ੍ਰੀਤਮ ਨੇ ਰਾਮ ਪਿਆਰੀ ਨਾਲ ਟਾਕਰਾ ਹੋਣ ਦੇ ਡਰੋਂ ਆਪਣੇ ਕਦਮ ਹੋਰ ਤੇਜ਼ ਕਰ ਲਏ। ਪਰ ਰਾਮ ਪਿਆਰੀ ਉਸ ਦਾ ਰਾਹ ਰੋਕ ਖੜ੍ਹੋਤੀ-"ਕੀ ਗਲ ਏ ਮਿਸ ਪ੍ਰੀਤਮ? ਕੋਈ ਪਾਠ ਕਰ ਰਹੀ ਏ ?"

ਮਾਨੋਂ ਧੁਖਦੀ ਅੱਗ ਨੂੰ ਮਾਚਸ ਦੀ ਤੀਲੀ ਦਿਖਾ ਦਿੱਤੀ ਰਾਮ ਪਿਆਰੀ ਨੇ।

"ਬੀਬੀ, ਮੈਨੂੰ ਨਹੀਂ ਸੀ ਉਮੀਦ ਜੁ ਤੂੰ ਵੀ ਉਨ੍ਹਾਂ ਨੱਕ ਵੱਢੀਆਂ ਨਾਲ ਰਲ ਕੇ ਮੇਰੀ ਰੱਤ ਨਹਾਣ ਤੇ ਉਤਾਰੂ ਹੋ ਖਲੋਂਗੀ। ਹਲਾ ਜੇ ਤੈਨੂੰ ਵੀ ਮਾਫ਼ੀ ਮੰਗਾਣ ਦਾ ਏਡਾ ਵੀ ਚਾਅ ਕੁਦ ਖਲੋਤਾ ਏ ਤਾਂ ਐਹ ਲੈ।' ਤੇ ਮਿਸ ਪ੍ਰੀਤਮ ਨੇ ਏਡੇ ਜ਼ੋਰ ਦੀ ਆਪਣੇ ਦੋਵੇਂ ਹੱਥ ਇਕ ਦੂਜੇ ਨਾਲ ਜੋੜੇ ਕੇ ਉਨ੍ਹਾਂ ਵਿਚੋ ਹਛਾ ਖਾਸਾ ਪਟਾਕਾ ਵਜਣ ਦੀ ਆਵਾਜ਼ ਪੈਦਾ ਹੋਈ।

ਇਵੇਂ ਹੀ ਵਾਰੋ ਵਾਰੀ ਜਿਹੜੀ ਵੀ ਅਧਿਆਪਕਾ ਉਸਨੂੰ ਮਿਲੀ, ਉਸ ਨੇ ਉਸ ਪਾਸੋਂ ਵੀ ਇਵੇਂ ਹੀ ਮੁਆਫੀ ਮੰਗੀ। ਮਾਫ਼ੀ ਮੰਗਣ ਪੱਜ ਗੁੱਸੇ ਦਾ ਨਜ਼ਲਾ ਝਾੜਣ ਵਾਲਾ। ਜਿਉਂ ਜਿਉਂ ਉਹ ਤਾਹਨਿਆਂ ਤਨੌਂਙਿਆਂ ਦੇ ਤੀਰ ਚਲਾਈ ਗਈ, ਚੰਗੇ ਬੂਟੇ ਦੀ ਤਮੀਜ਼ ਉਸ ਤੋਂ ਦੂਰ ਹੋਈ ਜਾਂਦੀ। ਉਸ ਦਾ ਮਨ ਕੁਝ ਹੌਲਾ ਹੋਣ

ਦੀ ਬਜਾਏ ਉਸ ਦੇ ਤਨ ਮਨ ਵਿਚੋਂ ਲਪਟਾਂ ਉਠਣ ਲੱਗੀਆਂ। ਉਸਨੂੰ ਅਜ ਕੀ ਹੋ ਗਿਆ ਸੀ? ਇਸ ਪਾਸੇ ਉਸਦਾ ਧਿਆਨ ਹੀ ਨਾ ਗਿਆ।

ਸ਼ਾਇਦ ਇਸ ਦਾ ਕਾਰਨ ਇਹ ਸੀ ਕਿ ਉਸਦੀ ਤਲਖ ਕਲਾਮੀ ਦਾ ਰਾਮ ਪਿਆਰੀ ਤੋਂ ਛੁੱਟ ਹੋਰ ਕਿਸੇ ਨੇ ਬੁਰਾ ਨਹੀਂ ਮਨਾਇਆ। ਸਗੋਂ ਉਹ ਖਚੰਕਿੱਲੀਆਂ ਮਾਰੀ ਗਈਆਂ ਤੇ ਹੱਸ ਹੱਸ ਦੂਹਰੀਆਂ ਹੁੰਦੀਆਂ ਗਈਆਂ।

ਛੁੱਟੀ ਹੁੰਦਿਆਂ ਤੀਕ ਉਸ ਨੇ ਸੁਸ਼ਮਾ ਦੇਵੀ ਤੋਂ ਛੁੱਟ ਹੋਰ ਸਭਨਾਂ ਪਾਸੋਂ ਮਾਫ਼ੀ ਮੰਗਣ ਦੀ ਰਸਮ ਅਦਾ ਕਰ ਲਈ ਸੀ।

ਛੁੱਟੀ ਤੋਂ ਬਾਅਦ ਜਦੋਂ ਉਹ ਘਰ ਜਾਣ ਲਗੀ ਤਾਂ ਸੁਸ਼ਮਾ ਦੇਵੀ ਨੇ ਉਸ ਨੂੰ ਆਵਾਜ਼ ਮਾਰੀ।

'ਕੀ ਗੱਲ ਏ ਮਿਸ ਪ੍ਰੀਤਮ। ਬੜੀ ਭਰੀ ਪੀਤੀ ਲਗਨੀ ਏ? ਸੁਸ਼ਮਾ ਦੇਵੀ ਨੇ ਜ਼ਰਾ ਕੋਮਲ ਲਹਿਜੇ ਵਿਚ ਕਿਹਾ।

"ਨਹੀਂ ਬੀਬੀ, ਭਰੀ ਪੀਤੀ ਤਾਂ ਕੋਈ ਨਹੀਂ ਮੈਂ, ਜ਼ਰਾ ਤਬੀਅਤ ਕੁਝ। ਉਹ ਜ਼ਰਾ ਠਰਮੇ ਨਾਲ ਬੋਲੀ।

“ਮੌਸਮ ਵੀ ਤਾਂ ਖ਼ਰਾਬ ਏ ਅਜ ਕਲ੍ਹ ।”

ਮਿਸ ਪ੍ਰੀਤਮ ਨੂੰ ਮੁੜ ਕੇ ਗੁੱਸਾ ਦਿਵਾਣ ਲਈ ਇਹ ਬੋਲ ਕਾਫ਼ੀ ਸਨ।

'ਸੱਚ, ਤੈਨੂੰ ਤੇਰੇ ਭਲੇ ਦੀ ਇਕ ਗੱਲ ਕਹਿਣਾ ਚਾਹੁਨੀ ਆ ਮਿਸ ਪ੍ਰੀਤਮ, ਜੇ ਬੁਰਾ ਨਾ ਮੰਨੇ।

'ਬੁਰਾ ਕਿਉਂ ਮੰਨਾਂਗੀ।" ਮਿਸ ਪ੍ਰੀਤਮ ਨੇ ਖਿਝ ਨੂੰ ਲੁਕਾਣ ਦਾ ਯਤਨ ਕਰਦਿਆਂ ਕਿਹਾ-'ਦੱਸੋ।

'ਤੇਰੀ ਕਲਾਸ ਦੀਆਂ ਕੁੜੀਆਂ ਪੜ੍ਹਾਈ ਵਿਚ ਕਾਫ਼ੀ ਪਛੜੀਆਂ ਹੋਈਆਂ ਨੇ। ਉਤੋਂ ਇਮਤਿਹਾਨ ਸਿਰ ਤੇ ਆ ਰਹੇ ਨੇ। ਨਾਲੇ ਮੈਨੂੰ ਪਤਾ ਲਗਾ ਏ ਕਿ ਕੁੜੀਆਂ ਤੇਰੇ ਉਤੇ ਖ਼ੁਸ਼ ਨਹੀਂ। ਤੂੰ ਉਨ੍ਹਾਂ ਨੂੰ ਝਿੜਕਦੀ ਜ਼ਿਆਦਾ ਏਂ ਤੇ ਪੜ੍ਹਾਂਦੀ ਘਟ ਏਂ।

ਮਿਸ ਪ੍ਰੀਤਮ ਨੂੰ ਚਿੜ ਚੜ੍ਹ ਗਈ। "ਇਹ ਕੌਣ ਹੁੰਦੀ ਏ ਮੇਰੇ ਕੰਮ ਉਤੇ ਟੀਕ ਟਿਪਣੀ ਕਰਨ ਵਾਲੀ। ਪਰ ਗੁੱਸੇ ਨੂੰ ਐਤਕਾਂ ਮਿਸ ਪ੍ਰੀਤਮ ਹੋਰ ਰੋਕ ਨਹੀਂ ਸਕੀ। ਉੱਤਰ ਵਿਚ ਬੋਲੀ-

"ਮੈਂ ਤਾਂ ਆਪਣੀ ਵਲੋਂ ਦਿਲੋਂ ਮਨੋਂ ਮਿਹਨਤ ਕਰਨੀ ਆਂ। ਫੇਰ ਵੀ ਜੇ ਤੁਸਾਂ ਨੂੰ ਮੇਰਾ ਕੰਮ ਪਸੰਦ ਨਹੀਂ ਤਾਂ ਹੋਰ ਕਿਸੇ ਨੂੰ ਲਾ ਲਉ। ਮੇਰਾ ਰੱਬ ਮਰ ਤਾਂ ਨਹੀਂ ਗਿਆ। ਇਕ ਦਰ ਬਧਾ ਸੋ ਦਰ ਖੁਲ੍ਹੇ।"

'ਗੁੱਸੇ ਵਿਚ ਨਾ ਆ ਭੈਣਾ" ਸੁਸ਼ਮਾ ਦੇਵੀ ਬੋਲੀ ਮੈਂ ਤਾਂ ਤੇਰੇ ਭਲੇ ਦੀ ਗੱਲ ਆਖੀ ਏ। ਸ਼ੁਕਰ ਕਰ ਜੋ ਏਨੀਆਂ ਟਰੇਂਡ ਉਮੇਦਵਾਰਾਂ ਨੂੰ ਛਡ ਕੇ ਤੈਨੂੰ ਵੱਡੇ ਭੈਣ ਜੀ ਨੇ ਲਾਇਆ ਏ। ਪਤਾਸਿਆਂ ਦਾ ਮੀਂਹ ਰੋਜ਼ ਨਹੀਂ ਵਰ੍ਹਦਾ ਹੁੰਦਾ।

ਮਿਸ ਪ੍ਰੀਤਮ ਨੂੰ ਅਸਲ ਗੱਲ ਸਮਝ ਆ ਗਈ। ਉਸ ਨੇ ਕੇਵਲ ਸੁਸ਼ਮਾਂ ਦੇਵੀ ਤੋਂ ਮਾਫ਼ੀ ਨਹੀਂ ਸੀ ਮੰਗੀ। ਉਹ ਕਿਤੇ ਵਿਖਾਈ ਨਹੀਂ ਸੀ ਦਿੱਤੀ। ਗੋਇਆ ਉਸਦਾ ਮਾਫ਼ੀ ਨਾ ਮੰਗਣਾ ਸੁਸ਼ਮਾਂ ਦੇਵੀ ਦਾ ਬਹੁਤ ਵਡਾ ਨਿਰਾਦਰ ਸੀ। ਸੁਸ਼ਮਾ ਦੇਵੀ ਨੇ ਸਾਫ਼ ਸਾਫ਼ ਆਖ ਹੀ ਦਿੱਤਾ—ਕਲ੍ਹ ਜੋ ਕੁਝ ਤੂੰ ਕੀਤਾ ਅਜ ਤੈਨੂੰ ਉਸਦਾ ਨਤੀਜ਼ਾ ਭੁਗਤਣਾ ਪਿਆ। ਯਾਨੀ ਕਿ ਤੂੰ ਮਾਫ਼ੀ ਮੰਗ ਲਈ।

ਮਿਸ ਪ੍ਰੀਤਮ ਸੁਸ਼ਮਾ ਦੇਵੀ ਦੇ ਇਸ ਹੋਛੇਪਣ ਤੇ ਅੰਦਰੋ ਅੰਦਰ ਝੁਲਸ ਉਠੀ। ਫਿਰ ਤਪਸ਼ ਨੇ ਇਕ ਵਾਰੀ ਮੁੜ ਉਸਨੂੰ ਕੁਰਾਹੇ ਪਾ ਦਿੱਤਾ।

******

## 18.

ਡਾਢੀ ਹੀ ਦੁਖੀ ਹਾਲਤ ਵਿਚ ਮਿਸ ਪ੍ਰੀਤਮ ਘਰ ਪਹੁੰਚੀ। ਅਜ ਉਸਨੂੰ ਦੂਸਰਿਆਂ ਨਾਲੋਂ ਆਪਣੇ ਕੀਤੇ ਤੇ ਵਧੇਰੇ ਪਛਤਾਵਾ ਸੀ। ਉਸਨੂੰ ਤੌਖ਼ਲਾ ਲਗਾ ਹੋਇਆ ਸੀ ਕਿ ਹੁਣ ਉਸਦਾ ਸਕੂਲ ਵਿਚ ਟਿਕੇ ਰਹਿਣਾ ਅਸੰਭਵ ਹੈ। ਹਰ ਕਿਸੇ ਨਾਲ ਵੈਰ ਵਿਹਾਝ ਕੇ ਉਹ ਕਿਵੇਂ ਟਿਕੀ ਰਹਿ ਸਕਦੀ ਹੈ? ਜਣੀ ਖਣੀ ਦੀਆਂ ਨਜ਼ਰਾਂ ਵਿਚ ਜ਼ਲੀਲ ਹੋਣਾ—ਇਹੀ ਵਿਚਾਰ ਹਰ ਵੇਲੇ ਉਸਨੂੰ ਸੂਲੀ ਉਤੇ ਟੰਗੀ ਰੱਖਦਾ।

ਜਿਸ ਪ੍ਰਕਾਰ ਦੀ ਮਾਨਸਿਕ ਹਾਲਤ ਵਿਚੋਂ ਮਿਸ ਪ੍ਰੀਤਮ ਗੁਜ਼ਰ ਰਹੀ ਸੀ। ਉਸਨੂੰ ਯਕੀਨ ਸੀ ਕਿ ਉਹ ਸਚਮੁਚ ਪਾਗਲ ਹੋ ਜਾਵੇਗੀ। ਉਹ ਤਨ ਦੇ ਕੱਪੜੇ ਪਾੜ ਸੁਟੇਗੀ ਜਾਂ ਕਿਸੇ ਦਾ ਖ਼ੂਨ ਕਰ ਦੇਵੇਗੀ। ਜਾਂ ਫਿਰ ਆਪਣੇ ਹੀ ਘਰ ਨੂੰ ਅੱਗ ਲਾ ਸੁਟੇਗੀ।

ਇਸੀ ਮਾਨਸਿਕ ਅਵਸਥਾ ਵਿਚ ਉਹ ਰੋਜ਼ ਸਕੂਲ ਜਾਂਦੀ। ਉਹ ਦਿਲ ਵਿਚ ਸੋਚਦੀ ਕਿ ਅਜ ਜ਼ਰੂਰ ਕੁਝ ਹੋਵੇਗਾ। ਪਰ ਕੁਝ ਵੀ ਐਸਾ ਨਹੀਂ ਹੋਇਆ। ਹਾਂ ਸਾਰੀਆਂ ਅਧਿਆਪਕਾਂ ਨੇ ਉਸ ਨਾਲ ਜ਼ਬਾਨ ਸਾਂਝੀ ਕਰਨ ਦੀ ਸਹੁੰ ਜਿਹੀ ਪਾ ਲਈ ਸੀ।

ਉਸਨੂੰ ਹਰ ਰੋਜ਼ ਲਗਦਾ ਕਿ ਅਜ ਫਿਰ ਹੈਡਮਿਸਟ੍ਰੈਸ ਅਗੇ ਉਸਦੀ ਪੇਸ਼ੀ ਹੋਵੇਗੀ। ਪਰ ਅਜੇਹਾ ਨਾ ਹੋਣ ਕਾਰਨ ਮਿਸ ਪ੍ਰੀਤਮ ਦਾ ਸਹਿਮ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਸੀ। ਉਹ ਆਪਣੇ ਆਪ ਨੂੰ ਸੂਲੀ ਟੰਗੇ ਮੁਜਰਮ ਵਾਂਗ ਮਹਿਸੂਸ ਕਰਦੀ। ਉਸਦੀ ਸਿਹਤ ਤੇਜ਼ੀ ਨਾਲ ਵਿਗੜ ਰਹੀ ਸੀ। ਉਸ ਉਤੇ ਡਰ, ਹਿੰਸਾ ਤੇ ਨਫ਼ਰਤ ਦਾ ਭੂਤ ਸਵਾਰ ਰਹਿੰਦਾ।

ਮਿਸ ਪ੍ਰੀਤਮ ਨੇ ਮੰਦਰ ਜਾਣ ਵਿਚ ਕੋਈ ਨਾਗਾ ਨਹੀਂ ਪਾਇਆ। ਦਿਲ ਦਿਮਾਗ਼ ਭਾਵੇਂ ਉਸਦਾ ਭਟਕਦਾ ਰਹਿੰਦਾ। ਸਤਸੰਗ ਵਿਚ ਬੈਠਿਆਂ ਅਕਸਰ

ਉਸਨੂੰ ਉਘਾਂ ਆਉਣ ਲੱਗ ਪੈਂਦੀਆਂ। ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਸਦਾ ਮਨ ਕੀਰਤਨ ਵਿਚ ਨਾ ਟਿਕਦਾ। ਨੀਂਦਰ ਦੀ ਹਾਲਤ ਵਿਚ ਉਹ ਸਕੂਲੀ ਸਾਜ਼ਸ਼ਾਂ ਨੂੰ ਤੋੜਨ ਦੇ ਮਨਸੂਬੇ ਬੰਨ੍ਹਦੀ ਰਹਿੰਦੀ ਜਾਂ ਫਿਰ ਸਰੋਤਿਆਂ ਨੂੰ ਪੜਚੋਲਦੀ ਤੇ ਘੋਖਦੀ ਰਹਿੰਦੀ।

ਇਹ ਪਖੰਡੀ ਜਿਹਾ ਕਿੰਜ ਹੱਥ ਵਿਚਲੀ ਮਾਲਾ ਭੁੜਕਾਣ ਡਿਹਾ ਹੋਇਆ ਏ। ਵੱਡਾ ਭਗਤ ਵੇਖੋ। ਹਾਥ ਮੇਂ ਛੁਰੀ ਬਗਲ ਮੇਂ ਕੁਰਾਨ"। ਅਹੁ ਪਰਲੀ ਨੁਕਰੇ ਬੈਠੀਆਂ ਦੋਵੇਂ ਮੁਟਿਆਰਾਂ ਹਿਚ ਹਿਚ ਕਰਦੀਆਂ ਨੇ? ਭਲਾ ਇਥੇ ਹੱਸਣ ਨੂੰ ਆਈਆਂ ਏ? ਮੰਦਰ ਏ ਕਿ ਸੈਰਗਾਹ?"

'ਕੀਕਣ ਦੀ ਹੁੰਦੀ ਜਾਂਦੀ ਹਾਂ ਮੈਂ? ਕਦੀ ਕਦੀ ਉਹ ਆਪਣੇ ਆਪ ਨੂੰ ਪੁੱਛਦੀ।

'ਤੂੰ ਪਾਗ਼ਲ ਹੁੰਦੀ ਜਾ ਰਹੀ ਏਂ ਕਿ ਨਹੀਂ? ਮਿਸ ਪ੍ਰੀਤਮ ਨੂੰ ਆਪਣੇ ਅੰਦਰੋਂ ਇਹ ਉਤਰ ਮਿਲਣ ਦੀ ਥਾਂ ਬਾਹਰੋਂ ਮਿਲ ਜਾਂਦਾ। ਇਕ ਦਿਨ ਕਲਾਸ ਦੀ ਇਕ ਕੁੜੀ ਨੇ ਉਸਨੂੰ ਪੁਛਿਆ- ਭੈਣ ਜੀ, ਤੁਸੀਂ ਮੂੰਹ ਵਿਚ ਕੀਹ ਬੋਲਦੇ ਰਹਿੰਦੇ ਹੋ ਹਰ ਵੇਲੇ?

ਉਸ ਨੇ ਇਹ ਸੁਣ ਕੇ ਆਪਣੇ ਆਪ ਉਤੇ ਪਹਿਰਾ ਰਖਣਾ ਸ਼ੁਰੂ ਕੀਤਾ। ਜਦ ਵੀ ਉਹ ਹੇਠਾਂ ਵਿਚ ਕੁਝ ਫੁਸਫਸਾਣ ਲਗਦੀ ਕਿ ਝਟ ਚੌਕਸ ਹੋ ਜਾਂਦੀ ਤੇ ਆਪਣੇ ਆਪ ਨੂੰ ਇਸ ਝੱਲਪੁਣੇ ਤੋਂ ਵਰਜ ਦੇਂਦੀ। ਇਸ ਬੁੜਬੁੜਾਣ ਦਾ ਸਬੰਧ ਵਧੇਰੇ ਕਰਕੇ ਸਕੂਲੀ ਮਾਮਲਿਆਂ ਬਾਰੇ ਹੁੰਦਾ। ਇਸ ਤੋਂ ਛੁੱਟ ਹੁਣ ਉਸਨੂੰ ਰੋਜ਼ ਰਾਤ ਨੂੰ ਸੁਪਨੇ ਆਉਂਦੇ।

'ਮਣਾਂ ਮੂੰਹੀ ਸੋਨਾ, ਢੇਰਾਂ ਮੂੰਹੀ ਕਰੰਸੀ ਨੋਟ, ਝੋਲੀਆਂ ਮੂੰਹੀ ਹੀਰੇ ਮੋਤੀL ਫੇਰ ਤਾਂ- ਤੇ ਇੰਜ ਸੋਚਦਿਆਂ ਉਸ ਨੂੰ ਆਪਣੇ ਸੁਪਨੇ ਸਾਕਾਰ ਹੁੰਦੇ ਦਿਸਦੇ।

ਮਿਸ ਪ੍ਰੀਤਮ ਦੇ ਨਾਂ ਨਾਲੋਂ ਇਹ ਭੈੜਾ ਨਹਿਸ਼ ਜਿਹਾ 'ਮਿਸ ਝੜ ਚੁੱਕਾ ਹੈ ਤੇ ਇਸਦੇ ਥਾਂ ਮਹਾਂਰਾਣੀ' ਆ ਜੁੜਿਆ ਹੈ। ਤੇ ਇਸ ਦਾ ਮਹਾਰਾਜਾ ? ਕਾਮਦੇਵ ਦਾ ਅਵਤਾਰ ਤੇ ਕੁਬੇਰ ਦਾ ਸਾਨੀ ਉਹ। ਇਤਨੀ ਵੱਡੀ ਰਿਆਸਤ ਦਾ ਮਾਲਕ

ਉਸਦਾ ਜੀਵਨ ਸਾਥੀ: ਜਿਸਨੇ ਸਭ ਤੋਂ ਪਹਿਲਾਂ ਲੱਖਾਂ ਰੁਪਏ ਖ਼ਰਚ ਕੇ ਅੰਤਰ-ਰਾਸ਼ਟਰੀ ਸ਼ੁਹਰਤ ਯਾਫਤਾ ਡਾਕਟਰਾਂ ਕੋਲੋਂ ਉਸ ਦੇ ਮੂੰਹ ਦੀ ਪਲਾਸਟਿਕ ਸਰਜਰੀ ਕਰਵਾ ਕੇ ਉਸਦੀ ਕੁਰੂਪਤਾ ਨੂੰ ਸੁੰਦਰਤਾ ਵਿਚ ਬਦਲ ਦਿੱਤਾ ਹੈ। ਇਤਨੇ ਮੋਹਿਕ ਬਣ ਗਏ ਨੇ ਉਸ ਦੇ ਨੈਣ-ਨਕਸ਼ ਕਿ ਜਿਨ੍ਹਾਂ ਦੀ ਝਾਲ ਝੱਲਣੀ ਔਖੀ ਹੋ ਗਈ ਹੈ।

ਕਲਪਨਾ ਵਿਚ ਹੀ ਉਹ ਵੇਖਦੀ ਫਾਂਸੀ ਦਾ ਤਖਤਾ ਨਾਲੇ ਖੂਬ ਮੋਟਾ ਸਾਰਾ ਰੱਸਾ।

ਓਹੀ ਉਸਤਾਦਨੀਆਂ, ਜੇਹੜੀਆਂ ਹਰ ਵੇਲੇ ਉਸਨੂੰ ਟਿਚਕਰਾਂ ਕਰਦੀਆਂ ਸਨ। ਇੱਟ ਦੀ ਦੁੱਕੀਂ ਆਦਿ ਵਿਸ਼ੇਸ਼ਣਾਂ ਨਾਲ ਸੰਬੋਧਨ ਕਰਕੇ ਉਸ ਦੇ ਜ਼ਖ਼ਮਾਂ ਤੇ ਲੂਣ ਧੂੜਦੀਆਂ ਸਨ। ਅਜ ਉਸ ਦੀਆਂ ਅੱਖਾਂ ਸਾਹਮਣੇ ਵਾਰੋ ਵਾਰੀ ਫਾਂਸੀ ਲਾਈਆਂ ਜਾ ਰਹੀਆਂ ਨੇ।

ਇਹ ਕਿਉਂ ਰੋਜ਼ ਰਾਤੀ ਮੈਨੂੰ ਇਹੋ ਜਿਹੇ ਸੁਪਨੇ ਆਉਂਦੇ ਨੇ? ਛੇਕੜ ਉਸ ਨੇ ਰਾਤੀ ਅੰਦਰੋਂ ਸੰਗਲ ਚੜ੍ਹਾ ਕੇ ਕਮਰੇ ਦੀ ਇਕ ਨੁਕਰ ਪੁਟਣੀ ਸ਼ੁਰੂ ਕੀਤੀ। ਫਿਰ ਦੂਜੀ ਤੀਸਰੀ ਤੇ ਫਿਰ ਚੌਥੀ। ਪਰ ਵਿਅਰਥ।

ਮਿਸ ਪ੍ਰੀਤਮ ਦੀ ਬੁੜਬੁੜ ਦੀ ਆਦਤ ਦਿਨ ਪ੍ਰਤੀ ਦਿਨ ਵਧਦੀ ਚਲੀ ਗਈ। ਕਈ ਵਾਰੀ ਉਹ ਉੱਚੀ ਆਵਾਜ਼ ਵਿਚ ਬੁੜਬੁੜਾਂਦੀ, ਜਿਵੇਂ ਕਿਸੇ ਨਾਲ ਗੱਲਾਂ ਕਰ ਰਹੀ ਜਾਂ ਲੜ ਰਹੀ ਹੋਵੇ। ਉਸਨੂੰ ਆਪਣੀ ਇਸ ਹਾਲਤ ਤੇ ਕਈ ਵਾਰੀ ਸ਼ਰਮਿੰਦਗੀ ਵੀ ਹੁੰਦੀ। ਤੇ ਉਹ ਆਪਣੇ ਆਪ ਨੂੰ ਸੰਭਾਲਣ ਦਾ ਯਤਨ ਕਰਦੀ। ਪਰ ਨਿਸਫਲ।

ਮਿਸ ਪ੍ਰੀਤਮ ਦੇ ਮਨ ਦੀ ਡਾਵਾਂਡੋਲਤਾ ਭਾਵੇਂ ਸਿਖਰ ਤੇ ਪਹੁੰਚੀ ਹੋਈ ਸੀ। ਪਰ ਮੰਦਰ ਜਾਣ ਦਾ ਨੇਮ ਉਸ ਨਹੀਂ ਸੀ ਤੋੜਿਆ। ਸਤਸੰਗ ਵਿਚ ਬੈਠੀ ਵੀ ਉਹ ਢਾਹੂ ਸੋਚਾਂ ਸੋਚਦੀ ਰਹਿੰਦੀ।

ਰਾਤੀਂ ਬਿਸਤਰ ਤੇ ਲੇਟਿਆਂ ਉਹ ਨਾ ਜਾਣੀਏ ਕਿੰਨ੍ਹਾ ਕਿੰਨ੍ਹਾ ਖ਼ਿਆਲਾਂ ਵਿਚ ਵਹਿੰਦੀ ਚਲੀ ਜਾ ਰਹੀ ਸੀ। ਏਸੇ ਵਿਚਾਲੇ ਉਹ ਆਪੇ ਹੀ ਗੁਣਗੁਣਾਣ ਲਗ ਪਈ-

'ਕਿਤੇ ਹੀਂਗਦਾ ਸੱਜਣ ਦਾ ਖੋਤਾ,

ਸਾਡੇ ਭਾਣੇ ਕੋਲ ਬੋਲਦੀ।"

ਪਹਿਲਾਂ ਤਾਂ ਉਸਨੂੰ ਆਪਣੇ ਬੋਲਾਂ ਉਤੇ ਹਾਸਾ ਆਇਆ ਫੇਰ ਗੁੱਸਾ। ਕਿਥੇ ਖੋਤੇ ਦਾ ਹੀਂਗਣਾ ਤੇ ਕਿਥੇ ਕੋਇਲ ਦਾ ਕੂਕਣਾ। ਉਸਨੂੰ ਆਪਣੀ ਬੇਅਕਲੀ ਤੇ ਗੁੱਸਾ ਆਇਆ। ਫਿਰ ਉਸਨੂੰ ਯਾਦ ਆਇਆ ਕਿ ਇਹ ਤੁਕ ਉਸ ਨੇ ਕਦੋਂ, ਕਿਥੋਂ ਤੇ ਕਿਸ ਦੇ ਮੂੰਹੋ ਸੁਣੀ ਸੀ।

******

## 19.

ਉਸਦਾ ਪੂਰਾ ਨਾਂ ਜਗਨ ਨਾਥ ਸੀ ਜਾਂ ਰਾਮ ਨਾਥ। ਕੋਈ ਨਹੀਂ ਸੀ ਜਾਣਦਾ। ਜਿਵੇਂ ਲੰਗੜੇ ਨੂੰ ਲੋਕੀਂ ਸੁਚਾਲਾ ਤੇ ਕਾਣੇ ਨੂੰ 'ਲਖ ਨੇਤਰਾ' ਆਖ ਕੇ ਬੁਲਾਂਦੇ ਨੇ। ਉਦਾਂ ਦਾ ਹੀ ਅਸੰਗਤ ਜਿਹਾ ਸੀ ਉਸਦਾ ਇਹ ਨਾਥੀ ਨਾਉਂ। ਜਦ ਕਿ 'ਨਾਥ' ਦਾ ਸ਼ਾਬਦਿਕ ਅਰਥ ਹੈ ਮਾਲਕ, ਆਕਾ ਜਾਂ ਸੁਆਮੀ। ਪਰ ਉਹ ਤਾਂ ਅਸਲੋਂ ਹੀ ਅਨਾਥ ਕਿਸਮ ਸੀ ਤੇ ਅਨਾਥ ਤੋਂ ਛੁੱਟ ਅਪਾਹਜ ਵੀ।

ਕਦ ਕਾਠ ਵਲੋਂ ਨਾਥੀ ਆਪਣੇ ਹਾਣ ਦੇ ਮੁੰਡਿਆਂ ਦੇ ਮੇਚ ਸੀ। ਸ਼ਕਲ ਤੇ ਰੰਗ ਰੂਪ ਵਲੋਂ ਵੀ ਉਹ ਦਰਮਿਆਨਾ ਸੀ। ਘਟੋ ਘਟ ਕੁਸੋਹਣਾ ਨਹੀਂ ਸੀ।

ਨਾਥੀ ਦਾ ਗੰਦਾ ਚਗਲਿਆ ਪਹਿਰਾਵਾ ਉਸਨੂੰ ਭੂਤਨਾ ਜਿਹਾ ਬਣਾ ਰਿਹਾ ਸੀ। ਕਪੜੇ ਉਸਦੇ ਇਕ ਲੰਗੋਟੀ ਤੇ ਪਿੰਨੀਆਂ ਤਕ ਲੰਮੇ ਕੁੜਤੇ ਤੋਂ ਬਿਨਾਂ ਹੋਰ ਕੁਝ ਨਹੀਂ ਸੀ। ਲੱਤਾਂ ਤੇ ਪੈਰ ਉਸਦੇ ਹੁਨਾਲ ਸਿਆਲ ਨੰਗੇ ਰਹਿੰਦੇ ਸਨ। ਮੈਲ ਨਾਲ ਪਲਸਤਰ ਹੋਏ ਪੁਠੀ ਹਾਂਡੀ ਵਰਗਾ ਉਸਦਾ ਘੋਨ ਮੋਨ ਸਿਰ ਜੋ ਆਮ ਨਾਲੋਂ ਕੁਝ ਵਡੇਰਾ ਤੇ ਬੇਸੁਰਾ ਲਗਦਾ। ਸਿਰ ਦੇ ਵਿਚਾਲੇ ਚੂਹੇ ਦੀ ਪੂਛ ਜਿੰਨੀ ਬੋਦੀ ਨੇ ਉਸਦੀ ਕਰੂਪਤਾ ਵਿਚ ਹੋਰ ਵੀ ਵਾਧਾ ਕੀਤਾ ਹੋਇਆ ਸੀ।

ਉਹ ਹਮੇਸ਼ਾਂ ਇਕੋ ਥਾਂ ਤੇ ਬੈਠਾ ਵਿਖਾਈ ਦੇਂਦਾ। ਸੜਕ ਦੇ ਕਿਨਾਰੇ ਇਕ ਦਰੱਖ਼ਤ ਦੇ ਸਾਏ ਹੇਠ ਪੁਰਾਣਾ ਤੱਪੜ ਵਿਛਾਈ ਉਹ ਭਾਤੋਂ ਭਾਂਤੀ ਟੱਪੇ ਗਾ ਕੇ ਆਉਣ ਜਾਣ ਵਾਲਿਆਂ ਦਾ ਧਿਆਨ ਆਪਣੇ ਵੱਲ ਖਿਚਦਾ।

ਨਾਥੀ ਲੋਕਾਂ ਕੋਲੋਂ ਪੈਸੇ ਆਪਣੀ ਹੀਣਤਾ ਕਾਰਨ ਨਹੀਂ ਸੀ ਵਸੂਲ ਕਰਦਾ, ਸਗੋਂ ਹਰ ਕਿਸੇ ਨੂੰ ਹਿਸੇ ਆਉਂਦੀ ਖ਼ੁਸ਼ੀ ਦੇ ਕੇ ਤੇ ਹੱਸਾ ਕੇ ਲੈਂਦਾ ਸੀ। ਸ਼ਾਇਦ ਇਸੇ ਕਾਰਨ ਉਸ ਵਰਗੇ ਦੂਸਰੇ ਨੇਤਰਹੀਣਾਂ ਨਾਲੋਂ ਉਸ ਕੋਲ ਪ੍ਰਸੰਸਕਾਂ

ਤੇ ਦਾਤਿਆਂ ਦੀ ਖਾਸੀ ਰੌਣਕ ਵਿਖਾਈ ਦੇਂਦੀ। ਨਾਥੀ ਪੈਸੇ ਲੈਣ ਪਿਛੋਂ ਕਿਸੇ ਨੂੰ ਦਾਨ ਦੇਣ ਬਦਲੇ ਅਸੀਸ ਨਹੀਂ ਸੀ ਦੇਂਦਾ। ਸਗੋਂ ਉਨ੍ਹਾਂ ਦਾ ਮਨੋਰੰਜਨ ਕਰਕੇ ਇਕ ਤਰ੍ਹਾਂ ਦਾ ਟੈਕਸ ਵਸੂਲ ਕਰਦਾ ਸੀ।

ਵਪਾਰੀ ਲੋਕਾਂ ਨੂੰ ਜਿਵੇਂ ਆਪਣੇ ਗਾਹਕਾਂ ਦੀ ਪਹਿਚਾਣ ਹੁੰਦੀ ਹੈ, ਉਸੀ ਤਰ੍ਹਾਂ ਨਾਥੀ ਨੂੰ ਵੀ ਆਪਣੇ ਟਿਕਾਣੇ ਦੀ ਖੂਬ ਪਛਾਣ ਸੀ। ਇਸੇ ਕਰਕੇ ਜਿਥੇ ਉਹ ਬੈਠਦਾ, ਉਥੋਂ ਇਕ ਸੜਕ ਸਕੂਲ ਵਲ ਜਾਂਦੀ ਸੀ ਤੇ ਦੂਸਰੀ ਮੰਦਰ ਵੱਲ।
ਨਾਥੀ ਦੀ ਵਧੇਰੇ ਆਮਦਨੀ ਦਾ ਕਾਰਨ ਸਕੂਲੀ ਬੱਚੇ ਸਨ ਜਿਹੜੇ ਸਕੂਲ ਵਿਚ ਮਾਸਟਰਾਂ ਦੀ ਝਿੜਕਾਂ ਤੇ ਮਾਰਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਪਿਛੋਂ ਨਾਥੀ ਕੋਲੋਂ ਖੁਲ੍ਹ ਕੇ ਹਸਣ ਦਾ ਅਵਸਰ ਪ੍ਰਾਪਤ ਕਰਦੇ। ਜੋ ਵੀ ਪੈਸਾ ਟਕਾ ਉਨ੍ਹਾਂ ਨੂੰ ਘਰੋਂ ਖਰਚਣ ਲਈ ਮਿਲਦਾ, ਉਹ ਨਾਥੀ ਨੂੰ ਦੇ ਕੇ ਉਸ ਕੋਲੋਂ ਸੁਆਦਲੀਆਂ ਗੱਲਾਂ ਤੇ ਚੁਟਕਲੇ ਸੁਣ ਕੇ ਉਸਦੀ ਨਜ਼ਰ ਕਰ ਦੇਂਦੇ। ਕਈਆਂ ਨੂੰ ਤਾਂ ਨਾਥੀ ਪਾਸੋਂ 'ਹਾਸ' ਦਾ ਸੌਦਾ ਖਰੀਦਣ ਦੀ ਆਦਤ ਹੀ ਨਹੀਂ, ਇੱਲਤ ਜਿਹੀ ਪੈ ਗਈ ਸੀ।

ਨਾਥੀ ਪੈਰਾਂ ਹੇਠ ਫਟਿਆ ਤੱਪੜ ਵਿਛਾਈ ਬੈਠਾ ਹੁੰਦਾ ਤੇ ਆਪਣੇ ਗਾਹਕਾਂ ਨੂੰ ਦਬਾਦਬ ਭਗੁਤਾਈ ਚਲਾ ਜਾਂਦਾ। ਕਿਸੇ ਨੂੰ ਚੁਟਕਲਾ ਸੁਣਾ ਕੇ ਤੇ ਕਿਸੇ ਨੂੰ ਹਸਾਉਣੀ ਕਵਿਤਾ ਦੀਆਂ ਤੁਕਾਂ ਸੁਣਾ ਕੇ। ਕਿਸੇ ਨੂੰ ਮੂੰਹ ਥਾਣੀ ਢੋਲਕੀ, ਵਾਜੇ, ਬੰਸਰੀ ਆਦਿ ਸਾਜਾਂ ਵਰਗੀਆਂ ਆਵਾਜ਼ਾਂ ਸੁਣਾ ਕੇ। ਕਦੀ ਉਹ ਰੇਲ ਗੱਡੀ ਵਾਂਗ ਸ਼ੰਟ ਕਰਦੀ, ਵਿਸਲ ਦੇਂਦੀ ਤੇ ਸਪੀਡ ਵਿਚ ਚਲਦੀ ਰੇਲ ਵਰਗੀ ਆਵਾਜ਼ ਕੱਢਦਾ।

ਆਪਣੇ ਕਰਤਬ ਦਿਖਾਣ ਪਿਛੋਂ ਨਾਥੀ ਆਪਣਾ ਚਿੱਬ ਖੜੱਬਾ ਕੋਲਾ ਅਗਾਂਹ ਕਰਦਾ ਤੇ ਦਰਸ਼ਕ ਪੂਰੀ ਉਦਾਰਤਾ ਨਾਲ ਉਸਦਾ ਮਿਹਨਤਾਨਾ ਚੁਕਾਂਦੇ। ਨਾਥੀ ਸੂਰ ਗਿਆਨ ਵਿਚ ਏਨਾ ਮਾਹਰ ਸੀ ਕਿ ਪੈਸਾ ਧੇਲਾ, ਦੁਆਨੀ ਦੀ ਆਵਾਜ਼ ਤੋਂ ਉਹ ਸਿੱਕਿਆਂ ਦਾ ਅਨੁਮਾਨ ਲਾਂਦਾ। ਕਈ ਵਾਰੀ ਬੱਚੇ ਸ਼ਰਾਰਤ ਵਜੋਂ ਉਸਦੇ ਘੋਨ ਮੋਨ ਸਿਰ ਉਤੇ ਠੱਗੇ ਵੀ ਮਾਰ ਜਾਂਦੇ। ਤਦ ਨਾਥੀ ਗੁੱਸਾ ਕਰਨ ਦੀ ਥਾਂ ਬੜੀ ਹੀ ਮਸਖਰਾਨਾ ਅਦਾ ਵਿਚ ਪੁਕਾਰ ਉਠਦਾ-ਮਾਰ ਲੈ ਪੁੱਤਰਾ! ਹੋਰ ਮਾਰ ਲੈ ਬੁੱਢੇ

ਪਿਉ ਨੂੰ। ਤੇ ਉਸਦੀ ਦੁਹਾਈ ਸੁਣਕੇ ਮੁੰਡੇ ਹੋਰ ਵੀ ਹੱਸ ਹੱਸ ਲੋਟ ਪੋਟ ਹੋਈ ਜਾਂਦੇ। ਕਦੀ ਕੋਈ ਮੁੰਡਾ ਕਾਗਜ਼ ਦਾ ਟੁਕੜਾ ਉਸ ਨੂੰ ਫੜਾ ਕੇ ਚਿੱਠੀ ਪੜ੍ਹਨ ਲਈ ਆਖਦਾ। ਤਾਂ ਨਾਥੀ ਆਪਣੇ ਅੰਦਾਜ਼ ਵਿਚ ਇਉਂ ਪੜ੍ਹਨ
ਲਗਦਾ :

*ਲਿਖਤੁਮ ਚਾਚਾ ਪੜ੍ਹ ਤੁਮ ਭਾਈ।*
*ਚੋੜ ਗਿਆਂ ਦੀ ਚਿੱਠੀ ਆਈ।*
*ਅਸੀਂ ਮੋਏ ਤੇ ਤੁਸੀਂ ਮਰਨਾ,*
*ਚਿੱਠੀ ਵੇਖ ਸਿਆਪਾ ਕਰਨਾ"*

ਤੇ ਪੜ੍ਹ ਚੁਕਣ ਪਿਛੋਂ ਕਹਿਕਿਆਂ ਦੀ ਗੁੰਜਾਰ ਵਿਚ ਉਸਦੇ ਕੌਲੇ ਵਿਚ ਸਿੱਕੇ ਆ ਡਿਗਦੇ।

ਮੁੰਡਿਆਂ ਵਲੋਂ ਬਹੁਤੀ ਦਾਦ ਉਸਨੂੰ ਉਦੋਂ ਮਿਲਦੀ ਜਦੋਂ ਉਹ ਨਬਜ਼ ਪਛਾਣ ਕੇ ਉਨ੍ਹਾਂ ਦੇ ਨਾਂ ਦੱਸ ਦਿੰਦਾ—ਤੂੰ ਅਬਨਾਸ਼ੀ ਏ- ਤੇਰਾ ਨਾਂ ਗੁਰਬੰਤਾ ਏ- ਤੂੰ ਗੁਪਾਲਾ ਏਂ। ਤੇ ਜਦੋਂ ਕੋਈ ਓਪਰਾ ਮੁੰਡਾ ਆਪਣੀ ਬਾਂਹ ਉਸ ਨੂੰ ਫੜਾ ਦਿੰਦਾ ਤਾਂ ਉਹ ਸ਼ਰਮਿੰਦਾ ਹੋਣ ਦੀ ਥਾਂ ਉਲਟਾ ਤੇਜ਼ ਤਰਾਰ ਉੱਤਰ ਦੇਂਦਾ। 'ਬਚੂ, ਮੈਂ ਨਹੀਂ ਤੇਰਾ ਭਾਈਆ। ਜਾਹ ਹੋਰ ਕਿਤਿਓਂ ਲਭੂ ਸੂ ਜਾ ਕੇ" ਨਾਥੀ ਨੂੰ ਸਕੂਲੀ ਬੱਚਿਆਂ ਦੇ ਨਾਵਾਂ ਤੋਂ ਛੁੱਟ ਪਤਲੇ ਹੋਣ ਦਾ ਗਿਆਨ ਵੀ ਉਨ੍ਹਾਂ ਦੀ ਵੀਣੀ ਤੋਂ ਹੀ ਹੋ ਜਾਂਦਾ।

ਨਾਥੀ ਦੀ ਯਾਦ ਸ਼ਕਤੀ ਚਮਤਕਾਰੀ ਸੀ। ਉਹ ਹਰ ਆਉਂਦੇ ਜਾਂਦੇ ਦੇ ਕਦਮਾਂ ਦੀ ਬਿੜਕ ਨਾਲ ਕੱਪੜਿਆਂ ਦੀ ਸਰਸਰਾਹਟ ਤੋਂ ਹੀ ਉਸਦੇ ਮਰਦ ਜਾਂ ਤੀਵੀਂ ਅਥਵਾ ਮੁੰਡਾ ਹੋਣ ਦਾ ਅਨੁਮਾਨ ਲਾ ਲੈਂਦਾ।

ਜਦੋਂ ਮਿਸ ਪ੍ਰੀਤਮ ਦਾ ਧਿਆਨ ਉਸ ਨੇਤਰਹੀਣ ਵਲ ਆਕਰਸ਼ਿਤ ਹੋਇਆ ਸੀ ਤੇ ਕਿਸ ਗੱਲੋਂ? ਉਸ ਨੂੰ ਯਾਦ ਨਹੀਂ। ਪਰ ਉਸਨੂੰ ਵੇਖ ਕੇ ਉਸ ਅੰਦਰ ਨਫ਼ਰਤ ਰਲਵੀਂ ਜਿਗਿਆਸਾ ਜਿਹੀ ਪੈਦਾ ਹੋਈ।

"ਇਹ ਭੈੜਾ ਬਨਮਾਹਣੂੰ ਜਿਹਾ ਕਿੰਝ ਚਾਉ ਮੱਤੇ ਰੰਗ ਵਿਚ ਝੂਮ ਝੂਮ ਕੇ ਗਾਂਦਾ ਤੇ ਹੱਸਦਾ ਹੈ। ਜਿਕਣ ਖ਼ੁਸ਼ੀਆਂ ਦਾ ਖ਼ਜ਼ਾਨਾ ਏਸੇ ਨੂੰ ਲਭ ਪਿਆ ਹੋਵੇ।

ਅੱਖਾਂ ਤੋਂ ਅੰਨ੍ਹਾ ਤੇ ਮੈਲ ਦਾ ਪਲੰਦਾ ਇਹ ਆਪਣੇ ਗੰਦੇ ਚੀਥੜਿਆਂ ਕਾਰਨ ਰਤਾ ਸ਼ਰਮਿੰਦਾ ਨਹੀਂ। ਆਖਰ ਇਹਦੀ ਖ਼ੁਸ਼ੀ ਦਾ ਕਾਰਨ ਕੀ ਏ?

ਮਿਸ ਪ੍ਰੀਤਮ ਮੰਦਰ ਤੋਂ ਆਂਦਿਆਂ ਜਾਂਦਿਆਂ ਰਾਹ ਵਿਚ ਨਾਥੀ ਨੂੰ ਬੈਠਿਆਂ ਵੇਖਦੀ। ਉਸਦੀ ਜਿਗਿਆਸਾ ਦਿਨ ਪ੍ਰਤੀ ਦਿਨ ਵਧਣ ਲਗੀ।

"ਇਹ ਹੈ ਕੌਣ ਰਹਿੰਦਾ ਕਿਥੇ ਹੈ? ਇੰਨੇ ਪੈਸਿਆਂ ਦਾ ਇਹ ਕੀ ਕਰਦਾ ਹੋਵੇਗਾ?" ਮਿਸ ਪ੍ਰੀਤਮ ਦੀਆਂ ਨਜ਼ਰਾਂ ਵਿਦ ਏਨੇ ਗਏ ਗੁਜ਼ਰੇ ਆਦਮੀ ਨੂੰ ਖ਼ੁਸ਼ ਹੋਣ ਦਾ ਕੋਈ ਅਧਿਕਾਰ ਨਹੀਂ ਹੋਣਾ * ਚਾਹੀਦਾ। ਉਹ ਉਸ ਨੂੰ ਭੈੜਾ ਭੰਡ ਜਿਹਾ" ਆਖਦੀ ਜਿਹੜਾ ਪਖੰਡ ਰਚਕੇ ਨਿਆਣਿਆਂ ਦੇ ਪੈਸੇ ਮੁਛਦਾ ਹੈ।

ਤੇ ਕੁਝ ਦਿਨਾਂ ਪਿਛੋਂ ਇਕ ਸਵੇਰ ਨਾ ਨਾਥੀ ਉਥੇ ਸੀ ਤੇ ਨਾ ਹੀ ਉਸਦਾ ਮਜਮਾ। ਉਸ ਦਾ ਟਿਕਾਣਾ ਸੁੰਨ ਮੁਸੰਨਾ ਸੀ। ਮਿਸ ਪ੍ਰੀਤਮ ਨੂੰ ਥਾਂ ਸੁੰਨੀ ਵੇਖ ਕੇ ਹੈਰਾਨੀ ਹੋਈ। ਪਰ ਉਸ ਕੁਚੀਲ ਦ੍ਰਿਸ਼ ਨੂੰ ਏਥੋਂ ਲੰਘਦਿਆਂ ਨਾ ਵੇਖਣ ਲਈ ਕੁਝ ਇਤਮੀਨਾਨ ਵੀ ਹੋਇਆ।

ਤੇ ਇਨਾਂ ਦਿਨਾਂ ਬਾਅਦ ਨਾਗੀ ਦੇ ਮੂੰਹੋਂ ਸੁਣੀ ਹੋਈ ਬੇਤੁਕੀ ਤੁਕ ਨੂੰ ਜਦੋਂ ਉਸਨੇ ਆਪ ਗੁਣਗੁਣਾਇਆ। ਤਾਂ ਉਸਨੂੰ ਡਾਢੀ ਹੀ ਕਚਿਆਣ ਆਈ।

"ਕਿਤੇ ਹੀਂਗਦਾ ਸਜਣ ਦਾ ਖੇਤਾ_"

*****

## 20.

ਛੁੱਟੀਆਂ ਹੁੰਦਿਆਂ ਹੀ ਸਟਾਫ਼ ਖਿੰਡ ਪੁੰਡ ਗਿਆ। ਹੈਡਮਿਸਟ੍ਰੈਸ ਹਮੇਸ਼ਾਂ ਵਾਂਗ ਪਹਾੜ ਤੇ ਚਲੀ ਗਈ। ਦੂਸਰੀਆਂ ਉਸਤਾਦਨੀਆਂ ਵੀ-ਪੇਕੇ ਸਹੁਰੀਂ ਘਰੀਂ ਚਲੀਆਂ ਗਈਆਂ। ਪਰ ਮਿਸ ਪ੍ਰੀਤਮ ਦਾ ਇਕੋ ਇਕ ਟਿਕਾਣਾ ਇਹੀ ਘਰ ਸੀ। ਜਿਥੇ ਬਾਕੀ ਅਧਿਆਪਕਾਵਾਂ ਨੂੰ ਛੁੱਟੀਆਂ ਨੇ ਚਾਵਾਂ ਮਲ੍ਹਾਰਾਂ ਨਾਲ ਭਰ ਦਿੱਤਾ, ਉਥੇ ਏਸ ਨਿਥਾਵੀਂ ਨੂੰ ਡੋਬੂ ਪੈਣ ਲੱਗੇ।

ਛੁੱਟੀਆਂ ਦੇ ਐਲਾਨ ਤੋਂ ਬਾਅਦ ਹੈਡਮਿਸਟ੍ਰੈਸ ਨੇ ਮਿਸ ਪ੍ਰੀਤਮ ਨੂੰ ਆਪਣਾ ਰਵੱਈਆ ਸੁਧਾਰਨ ਲਈ ਛੇਕੜਲੀ ਵਾਰਨਿੰਗ ਦਿੱਤੀ। ਨਹੀਂ ਤਾਂ ਉਸ ਨੂੰ ਨੌਕਰੀਓ ਜਵਾਬ?

ਵਾਰਨਿੰਗ ਸੁਣ ਕੇ ਮਿਸ ਪ੍ਰੀਤਮ ਅੱਗ ਬਗੋਲਾ ਹੋ ਉਠੀ। ਇਕ ਦਮ ਏਡਾ ਜ਼ਾਲਮਾਨਾ ਤੇ ਬੇਇਨਸਾਫੀ ਭਰਿਆ ਰਵੱਈਆ। ਕਸੂਰ ਕਿਸੇ ਦਾ ਤੇ ਸਜ਼ਾ ਕਿਸੇ ਨੂੰ।

ਮਿਸ ਪ੍ਰੀਤਮ ਦਾ ਦਿਲ ਕੀਤਾ ਕਿ ਉਹ ਹੈਡਮਿਸਟ੍ਰੈਸ ਦੇ ਸਿਰ ਦੇ ਵਾਲਾਂ ਨੂੰ ਜਾ ਪਵੇ। ਪਰ ਉਹ ਟੱਸ ਤੋਂ ਮੱਸ ਨਾ ਹੋਈ। ਘਰ ਜਾ ਕੇ ਬੂਹਾ ਬੰਦ ਕਰਕੇ ਉਹ ਇਤਨਾ ਰੋਈ ਕਲਪੀ ਜੇ ਕਦੀ ਉਸਦਾ ਆਂਢ-ਗੁਆਂਢ ਆਬਾਦ ਹੁੰਦਾ ਤਾਂ ਇਕ ਹਜੂਮ ਜੁੜ ਜਾਂਦਾ। ਉਸ ਆਪਣੇ ਸਿਰ ਦੇ ਵਾਲ ਖੋਹ ਸੁਟੇ। ਦੁਹੱਥੜਾ ਮਾਰ ਮਾਰ ਆਪਣਾ ਮੂੰਹ ਮੱਥਾ ਸੁਜਾ ਲਿਆ। ਬੇਹੋਸ਼ੀ ਦੀ ਹਾਲਤ ਵਿਚ ਉਸ ਨੇ ਫ਼ਰਸ਼ ਤੇ ਲੇਟਿਆਂ ਹੀ ਰਾਤ ਗੁਜ਼ਾਰੀ।

ਤੇ ਉਸ ਤੋਂ ਬਾਅਦ ?

ਦਿਨ ਤੇ ਰਾਤਾਂ ਤੜਪਦੀ ਰਹਿੰਦੀ। ਉਸਦੀ ਹਾਲਤ ਭੈੜੀ ਤੋਂ ਭੈੜੀ ਅਸਹਿ ਤੋਂ ਅਸਹਿ ਹੁੰਦੀ ਚਲੀ ਗਈ। ਨਾ ਉਸਨੂੰ ਖਾਣ ਪੀਣ ਦੀ ਸੋਝੀ ਸੀ ਨਾ ਕੱਪੜੇ

ਲੱਤੇ ਦੀ। ਕਈ ਕਈ ਡੰਗ ਨਿਰਾਹਾਰ ਪਈ ਰਹਿੰਦੀ-ਕੱਪੜੇ ਧੋਣੇ ਤੇ ਵਾਲ ਵਾਹੁਣੇ ਤਾਂ ਦੂਰ ਦੀ ਗੱਲ ਸੀ।

ਉਸਦੀ ਮਾਨਸਿਕ ਹਾਲਤ ਅਤਿ ਤਰਸਯੋਗ ਸੀ। ਮੰਦਰ ਜਾਣ ਦਾ ਨੇਮ ਵੀ ਟੁੱਟ ਚੁੱਕਾ ਸੀ। ਸਿਹਤ ਦਾ ਇਹ ਹਾਲ ਕਿ ਉਹ ਤੁਰਦੀ ਫਿਰਦੀ ਲੋਥ ਲਗਦੀ। ਉਸ ਨੂੰ ਲਗਦਾ ਜਿਵੇਂ ਉਹ ਹੱਡ ਮਾਸ ਤੋਂ ਬਣੀ ਜਾਨਦਾਰ ਚੀਜ਼ ਨਾ ਹੋ ਕੇ ਮਿੱਟੀ ਦਾ ਢੇਲਾ ਹੋਵੇ। ਇਹ ਸੋਚ ਕੇ ਉਸਨੂੰ ਉਕਸਾਹਟ ਹੁੰਦੀ L

'ਕੀ ਕਰਨਾ ਏ ਏਸ ਢੇਲੇ ਨੂੰ? ਕਿਉਂ ਮੈਂ ਬੇ-ਮਤਲਬ ਇਸਨੂੰ ਚੁੱਕੀ ਫਿਰਦੀ ਹਾਂ? ਕਿਉਂ ਨਹੀਂ ਸਦਾ ਲਈ ਇਸਦਾ ਫਾਹ ਵਢ ਦੇਂਦੀ?"

ਤੇ ਛੇਕੜ ਮਿਸ ਪ੍ਰੀਤਮ ਨੇ ਆਪਣੇ ਆਪ ਨੂੰ ਖ਼ਤਮ ਕਰਨ ਦਾ ਫੈਸਲਾ ਕਰ ਲਿਆ। ਉਸਦੀ ਹਾਲਤ ਬੜੀ ਕਰੁਣਾ ਜਨਕ ਸੀ। ਬਰਸਾਤਾਂ ਦੇ ਮੌਸਮ ਦਾ ਤੂਫ਼ਾਨ ਲਗਦਾ ਸੀ ਉਸਨੂੰ ਨਿਗਲ ਜਾਏਗਾ। ਇੱਕਲ ਦਾ ਸੰਤਾਪ ਹੰਢਾ ਕੇ ਉਹ ਹੰਭ ਚੁਕੀ ਸੀ। ਸੋ ਉਸ ਮਨ ਨਾਲ ਪੱਕੀ ਠਾਣ ਲਈ-ਬਸ ਹੋਰ ਨਹੀਂ- ਅਜ ਹੀ_ ਦਿਨ ਚੜ੍ਹਨ ਤੋਂ ਪਹਿਲਾਂ ਹੀ

ਫੈਸਲਾ ਕਰਨ ਪਿਛੋਂ ਉਸਦਾ ਮਨ ਕੁਝ ਹਲਕਾ ਹੋਇਆ। ਉਸਨੂੰ ਨੀਂਦਰ ਆ ਗਈ। ਸਵੇਰ ਵੇਲੇ ਆਕਾਸ਼ ਸਾਫ਼ ਸੀ ਤੇ ਸੂਰਜ ਦੀਆਂ ਕਿਰਨਾਂ ਉਸਦੇ ਕਮਰੇ ਦੀ ਕੰਧ ਉਤੇ ਪੈ ਰਹੀਆਂ ਸਨ। ਦੋ ਤਿੰਨ ਘੰਟਿਆਂ ਦੀ ਗੂੜ੍ਹੀ ਨੀਂਦਰ ਪਿਛੋਂ ਉਸਦਾ ਸਰੀਰ ਹਲਕਾ ਹਲਕਾ ਤੇ ਦਿਮਾਗ਼ ਸਾਵਾਂ ਸਾਵਾਂ ਮਹਿਸੂਸ ਹੋ ਰਿਹਾ ਸੀ।

ਫਿਰ ਉਸਦਾ ਧਿਆਨ ਰਾਤ ਦੇ ਫੈਸਲੇ ਵਲ ਗਿਆ। ਵਗਦਾ ਖੂਹ ਪੈਲੀਆਂ ਦੀ ਲਾਘਾਂ, ਕਦਮਾਂ ਦੀ ਤੇਜ਼ੀ ਸਾਹ ਦੀ ਹਉਕਣੀ।

"ਦੇਰ ਹੋ ਰਹੀ ਹੈ, ਮਤੇ ਕੋਈ ਦੇਖ ਲਵੇ।"

ਤੇ ਮਸਾਂ ਮਸਾਂ ਆਪਣੇ ਆਪ ਨੂੰ ਸੰਭਾਲ ਕੇ ਉਹ ਉਠ ਖਲੋਤੀ। ਉਸ ਧੂੜ ਜੰਮੇ ਸ਼ੀਸ਼ੇ ਨੂੰ ਸਾਫ਼ ਕੀਤਾ। ਉਸ ਵਿਚ ਆਪਣਾ ਮੂੰਹ ਦੇਖਿਆ। ਆਪਣੇ ਪ੍ਰਤੀ ਮਨ

ਵਿਚ ਨਫ਼ਰਤ ਭਰਨ ਦੇ ਖ਼ਿਆਲੋਂ। ਤੇ ਸ਼ੀਸ਼ਾ ਉਸ ਕੰਧ ਨਾਲ ਪਟਕ ਦਿੱਤਾ। ਇਸ ਵੇਲੇ ਰੁਕਣਾ, ਉਸ ਲਈ ਅਨਹੋਣੀ ਗੱਲ ਸੀ।

ਬਾਹਰ ਹਰ ਪਾਸੇ ਸੰਨਾਟਾ ਸੀ। ਕੁਝ ਦੂਰੀ ਤੇ ਇਕ ਦਰੱਖਤ ਹੇਠ ਉਸ ਨੂੰ ਕੁਝ ਦਿਖਾਈ ਦਿੱਤਾ। ਉਸਦੇ ਕਦਮ ਆਪ ਮੁਹਾਰੇ ਉਸ ਪਾਸੇ ਵੱਲ ਹੋ ਤੁਰੇ। ਰੂੜੀ ਦੇ ਢੇਰ ਤੇ ਜਿਵੇਂ ਕੋਈ ਮੱਨੁਖੀ ਸਰੀਰ ਪਿਆ ਹੋਵੇ। ਮਿਸ ਪ੍ਰੀਤਮ ਦੇ ਅੰਦਰੋਂ ਆਵਾਜ਼ ਆਈ- "ਨਿਕਰਮਣੇ ! ਸਾਰੀ ਉਮਰ ਜੇ ਨਹੀਂਓ-ਕੋਈ ਭਲਾ ਕੰਮ ਕੀਤਾ ਤਾਂ ਮਰਨ ਲਗੀ ਤਾਂ ਕੁਝ ਨੇਕੀ ਖੱਟ ਜਾਹ।"

ਤੇ ਉਸੇ ਅੰਦਰਲੀ ਪ੍ਰੇਰਨਾ ਸਦਕਾ ਉਹ ਉਸ ਗੰਦੜੀ ਜਿਹੀ ਕੋਲ ਜਾ ਬੈਠੀ। "ਹੈਂ ਇਹ ਤਾਂ ਉਹੀ ਅੰਨ੍ਹਾ ਮੰਗਤਾ ਏ। ਉਸ ਅੰਦਰ ਉਸਦੇ ਉਥੇ ਹੋਣ ਦੀ ਜਿਗਿਆਸਾ ਪੈਦਾ ਹੋ ਆਈ-ਫਿਰ ਕਿੱਕਣ ਇਥੇ ਆ ਮਰਿਆ ਭੈੜਾ ਬਨਮਾਹਣੂੰ ਜਿਹਾ ?"

ਨਾਥੀ ਦੀ ਦਸ਼ਾ ਡਾਢੀ ਘ੍ਰਿਣਤ ਸੀ। ਗਿੱਲੇ ਤੇ ਮੇਲੇ ਚੀਥੜਿਆਂ ਵਿਚ ਮੜ੍ਹਿਆ ਹੋਇਆ ਸਰੀਰ। ਮਿਸ ਪ੍ਰੀਤਮ ਨੂੰ ਹੁਬਕਾਈ ਆਉਣ ਆਉਣ ਕਰ ਰਹੀ ਸੀ । ਪਰ ਉਹ ਅੰਤਰ ਆਤਮਾ ਤੋਂ ਪ੍ਰੇਰਿਤ ਹੋਈ ਮਰਨ ਦਾ ਖ਼ਿਆਲ ਫਿਲਹਾਲ ਛੱਡ ਕੇ ਉਸ ਕੋਲ ਨਿੱਠ ਕੇ ਬਹਿ ਗਈ। ਉਸਦੀ ਨਾੜ ਤੇ ਹੱਥ ਰੱਖ ਕੇ ਉਸਦੇ ਜਿਉਂਦੇ ਜਾਂ ਮਰੇ ਹੋਣ ਦਾ ਅਨੁਮਾਨ ਲਾਇਆ। ਮੌਤ ਨੂੰ ਏਨਾ ਕਰੀਬ ਦੇਖ ਕੇ ਉਸਦਾ ਪੱਥਰ ਦਿਲ ਵੀ ਮੁਲਾਇਮ ਹੋ ਗਿਆ। ਉਹ ਉਸਨੂੰ ਝੰਜੋੜਨ ਤੇ ਵਾਜਾਂ ਦੇਣ ਲਗੀ। ਜਦੋਂ ਕਾਫ਼ੀ ਚਿਰ ਪਿਛੋਂ ਨਾਥੀ ਹੋਸ਼ ਵਿਚ ਆਇਆ ਤਾਂ ਮਿਸ ਪ੍ਰੀਤਮ ਉਸ ਤੇ ਸਵਾਲ ਤੇ ਸਵਾਲ ਕਰਨ ਲਗ ਪਈ:

"ਨਾਥੀ ਏ ਤੇਰਾ ਨਾਂ?"

"ਹਾਂ ਜੀ।

"ਤੂੰ ਓਹੀਓਂ ਏਂ ਜਿਹੜਾ ਮੰਦਰ ਲਾਗੇ ਬੈਠਾ ਹੁੰਦਾ ਸੈਂ?

'ਹਾਂ ਜੀ'

"ਇਥੇ ਪਿਆ ਮਰ ਜਾਏਂਗਾ। ਉਤੋਂ ਬੱਦਲ ਫੇਰ ਝੁਕੇ ਆਉਂਦੇ ਨੇ। ਉਠ ਜੇ ਹਿੰਮਤ ਪੈਂਦੀ ਉ।"

ਤੇ ਮਿਸ ਪ੍ਰੀਤਮ ਨੇ ਲਾਗੇ ਪਈ ਡੰਗੋਰੀ ਚੁਕ ਕੇ ਉਸ ਨੂੰ ਫੜਾ ਦਿੱਤੀ ਤੇ ਆਸਰਾ ਦੇ ਕੇ ਉਸਨੂੰ ਆਪਣੇ ਘਰ ਲੈ ਆਈ। ਉਸੇ ਘਰ ਵਿਚ ਜਿਸ ਨੂੰ ਉਹ ਕੁਝ ਚਿਰ ਪਹਿਲਾਂ ਅਲਵਿਦਾ ਆਖ ਕੇ ਆਤਮ-ਹੱਤਿਆ ਕਰਨ ਨਿਕਲੀ ਸੀ। 'ਮੌਤ ਕਿਹੜਾ ਕਿਤੋਂ ਮੁਲ ਲੈਣ ਜਾਣੀ ਹੈ—ਅੱਜ ਨਾ ਸਹੀ, ਭਲਕੇ ਸਹੀ

"*****

## 21.

ਉਸ ਅੰਨ੍ਹੇ ਵਿਅਕਤੀ ਨੂੰ ਘਰ ਲਿਆ ਕੇ ਮਿਸ ਪ੍ਰੀਤਮ ਐਸਾ ਕੁਝ ਕਰ ਬੈਠੀ ਜਿਸ ਦੀ ਉਸ ਨੂੰ ਉੱਕਾ ਆਪਣੇ ਆਪ ਉਤੇ ਉਮੇਦ ਨਹੀਂ ਸੀ। ਜਿਸ ਵਿਅਕਤੀ ਨੂੰ ਉਹ ਨਫਰਤ ਕਰਦੀ ਸੀ, ਉਸ ਪ੍ਰਤੀ ਏਨੀ ਉਦਾਰਤਾ-ਕਿਤੇ ਇਸ ਕਾਰਨ ਤਾਂ ਨਹੀਂ ਕਿ ਮੱਨੁਖ ਜਦੋਂ ਜ਼ਿੰਦਗੀ ਤੋਂ ਮੁਖ ਮੋੜ ਕੇ ਮੌਤ ਪਾਸੋਂ ਪਨਾਹ ਲੈਣ ਜਾ ਰਿਹਾ ਹੋਵੇ ਉਦੋਂ ਉਸ ਦੇ ਮਨ ਉਤੇ ਜੰਮੀ ਹੋਈ ਪਥਰੀਲੀ ਤਹਿ ਵਿਚ ਸਹਿ ਸੁਭਾ ਹੀ ਲਚਕ ਪੈਦਾ ਹੋ ਜਾਂਦੀ ਹੈ?

ਯਕੀਨਨ ਹੀ ਨਾਥੀ ਨੂੰ ਆਪਣੇ ਘਰ ਵਿਚ ਲਿਆ ਕੇ ਮਿਸ ਪ੍ਰੀਤਮ ਨੂੰ ਆਤਮ ਸੰਤੁਸ਼ਟਤਾ ਦੀ ਪ੍ਰਾਪਤੀ ਹੋਈ। ਉਸ ਦੇ ਮਨੋਭਾਵਾਂ ਉਤੇ ਛਾਈ ਸਿਲ੍ਹ ਵਿਚ ਕੁਝ ਕਮੀ ਹੋਈ। ਉਸ ਦੀ ਮਰ ਚੁਕੀ ਆਂਗਸ ਵਿਚ ਮੁੜ ਕੋਈ ਕੋਈ ਸਾਹ ਪਰਤ ਰਿਹਾ ਸੀ।

ਨਾਥੀ ਦੀ ਕੁਚੀਲ ਹਾਲਤ ਨਾਲ ਉਸਦਾ ਸਾਰਾ ਮਕਾਨ ਸੜਿਹਾਂਦ ਮਾਰਨ ਲਗ ਪਿਆ। ਉਸ ਦਾ ਜੀ ਕਾਹਲਾ ਪੈਣ ਲਗ ਪਿਆ। "ਇਹ ਮੈਂ ਕੀ ਕਰ ਬੈਠੀ? ਹਰ ਪਾਸੇ ਬਦਬੋ ਹੀ ਬਦਬੋ। ਭਲਾ ਕੀ ਥੁੜਿਆ ਹੈ ਦੁਨੀਆਂ ਦਾ ਏਸ ਨਖਿੱਧ ਆਦਮੀ ਖੁਣੋਂ। ਇੰਝ ਰੁਲ ਰੁਲ ਕੇ ਮਰਨ ਨਾਲੋਂ ਆਦਮੀ ਇਕੋ ਵੇਰਾਂ ਕਿਉਂ ਨਾ ਕੌੜਾ ਘੁੱਟ ਭਰ ਲਵੇ ਤੇ ਹਮੇਸ਼ਾਂ ਲਈ ਤਸੀਹਾਂ ਤੋਂ ਛੁਟ ਜਾਏ_।

"ਹਾਏ ਵਿਚਾਰਾ" ਮਤਾਂ ਪਿਆ ਪਿਆ ਹੀ ਦੱਮ ਤੋੜ ਜਾਏ' ਤੇ ਉਹ ਭੱਜੀ ਭੱਜੀ ਉਸ ਦੇ ਕਮਰੇ ਵਿਚ ਪਹੁੰਚੀ।

ਨਾਥੀ ਹਿੱਕ ਨਾਲ ਗੋਡੇ ਲਾਈ ਉਕੜੀ ਹੋ ਕੇ ਲੇਟਿਆ ਹੋਇਆ ਸੀ। ਮਿਸ ਪ੍ਰੀਤਮ ਨੇ ਉਸ ਉਤੇ ਇਕ ਕੰਬਲ ਪਾ ਦਿੱਤਾ ਤੇ ਆਪ ਰਸੋਈ ਵਿਚ ਜਾ ਪਹੁੰਚੀ।

"ਨਾਥੀ ਉਠ ਚਾਹ ਪੀ ਲੈ"

ਨਾਥੀ ਨੇ ਆਵਾਜ਼ ਦੀ ਸੋਧੇ ਦੋਵੇਂ ਹੱਥ ਉਸ ਵੱਲ ਵਧਾਏ-ਮਿਸ ਪ੍ਰੀਤਮ ਨੇ ਪਰਨੇ ਸਣੇ ਗਲਾਸ ਉਸ ਨੂੰ ਫੜਾ ਦਿੱਤਾ।

ਚਾਹ ਤੇ ਕੰਬਲ ਦੇ ਨਿੱਘ ਨਾਲ ਨਾਥੀ ਦੀ ਤਬੀਅਤ ਕੁਝ ਸੁਧਰੀ। ਪਹਿਲੀ ਤੇ ਹੁਣ ਦੀ ਹਾਲਤ ਵਿਚ ਚੋਖਾ ਫ਼ਰਕ ਸੀ। ਪਰ ਬੁਖ਼ਾਰ ਉਸਨੂੰ ਅਜੇ ਵੀ ਸੀ।

'ਨਾਥੀ ! ਤੈਨੂੰ ਤਾਂ ਬੁਖ਼ਾਰ ਜਾਪਦਾ ਏ।

ਨਾਥੀ ਨਿਰੁੱਤਰ ਸੀ। ਮਿਸ ਪ੍ਰੀਤਮ ਕੁਝ ਘਬਰਾਈ।

'ਨਾਥੀ! ਵੇ ਨਾਥੀ/

'ਹਾਂ ਜੀ।

"ਹੋਸ਼ ਵਿਚ ਏ?

ਪਰ ਨਾਥੀ ਨੇ ਜਵਾਬ ਦੇਣ ਦੀ ਥਾਂ ਸਵਾਲ ਕੀਤਾ। ਤੁਸੀਂ- ਤੁਸੀਂ ਬੀਬੀ ਜੀ, ਤੁਸੀਂ ਓਥੋਂ ਚੁਕ ਲਿਆਏ ਜੇ ਮੈਨੂੰ?

'ਆਹੋ! ਤੇ ਤੂੰ ਸਾਰੀ ਰਾਤ ਬਾਹਰ ਪਿਆ ਭਿਜਦਾ ਰਿਹੋਂ? ਘਰ ਦਾ ਰਾਹ ਭੁਲ ਗਿਆ ਸੈਂ ?

'ਘਰ ਦਾ ਰਾਹ'

"ਹਾਂ!" ਮੈਂ ਪੁਛਿਐ ਏ ਏਡੇ ਮੀਂਹ ਝੱਖੜ ਵਿਚ ਕਿਉਂ ਘਰੋਂ ਨਿਕਲ ਤੁਰਿਓਂ ਨਿਕਰਮਿਆਂ। ਜੇ ਫਾਂਡੇ ਖਾ ਖਾ ਕੇ ਚਿੱਤ ਹੋ ਜਾਂਦਿਓ? ਏਡੀ ਕੀ ਬਿਪਤਾ ਪੈ ਗਈ ਸੀ ਤੈਨੂੰ ਘਰੋਂ ਨਿਕਲਣ ਦੀ। ਨਾ ਕੋਈ ਕੱਪੜਾ ਨਾ ਲੱਤਾ।

ਕਹਿੰਦਿਆਂ ਕਹਿੰਦਿਆਂ ਮਿਸ ਪ੍ਰੀਤਮ ਨੇ ਆਪਣਾ ਹੱਥ ਉਸਦੇ ਤਪਦੇ ਮੱਥੇ ਤੇ ਟਿਕਾ ਦਿੱਤਾ।

ਏਸ ਸਪਰਸ਼ ਨੇ ਜਿਵੇਂ ਸਮੁੱਚੇ ਨਾਥੀ ਨੂੰ ਅੰਮ੍ਰਿਤ ਵਿਚ ਨੁਹਾਲ ਦਿੱਤਾ। ਇਕ ਮਧੁਰ ਤੇ ਰੂਹ ਖੇੜਵੀਂ ਝਰਨਾਟ ਉਸਦੀ ਨਾੜ ਨਾੜ ਵਿਚ ਫਿਰ ਗਈ। ਉਹ

ਆਪਣੇ ਦਿਲ ਦਿਮਾਗ ਸਣੇ ਆਪਣੀ ਜੀਵਨ ਦਾਤੀ ਦੇ ਚਰਨਾਂ ਉਤੇ ਵਿਛ ਗਿਆ। ਉਸ ਦੀਆਂ ਮੁਰਦਾ ਹੋਈਆਂ ਪੁਤਲੀਆਂ ਵਿਚ ਕਿਤੋਂ ਵੇਖਣ-ਸ਼ਕਤੀ ਆ ਗਈ ਹੋਵੇ। ਉਸਦੀਆਂ ਅੱਖਾਂ ਦੇ ਟੋਇਆਂ ਵਿਚ ਨਮੀ ਸਿਮ ਆਈ। ਉਹ ਨਿਆਣਿਆਂ ਵਾਂਗ ਜਿਵੇਂ ਆਪਣੀ ਮਾਂ ਅੱਗੇ ਸ਼ਿਕਾਇਤ ਕਰ ਰਿਹਾ ਹੋਵੇ।

ਮੈਂ- ਮੈਂ ਬੀਬੀ ਜੀ, ਖ਼ੁਸ਼ੀ ਨਾਲ ਥੋੜੇ ਹੀ ਘਰੋਂ ਨਿਕਲਿਆ ਸਾਂ। ਉਹਨਾਂ ਨੇ ਜੁ ਮਾਰ ਕੁਟ ਕੇ ਕੱਢ ਦਿੱਤਾ।

'ਹਾਏ ਮੈਂ ਮਰ ਜਾਂ ਆਂ- ਆਂ। ਕੋਹੜਾ ਸੀ ਇਹੋ ਜਿਹਾ ਜ਼ਾਲਮ, ਜਿਸ ਨੂੰ ਮੁਥਾਜ ਉਤੇ ਵੀ ਤਰਸ ਨਾ ਆਇਆ?

ਮਿਸ ਪ੍ਰੀਤਮ ਦੀ ਏਨੀ ਸਹ ਨੂਭੂਤੀ ਨਾਥੀ ਦੀ ਸਮਝ ਤੇ ਮੰਨਣ ਤੋਂ ਬਾਹਰ ਸੀ। ਇਕ ਅਪਾਹਜ ਜਿਸਦੀ ਜ਼ਿੰਦਗੀ ਵਿਚ ਸ਼ਾਇਦ ਇਕ ਪਲ ਵੀ ਅਜੇਹਾ ਨਾ ਆਇਆ ਹੋਵੇ ਜਦੋਂ ਕਿਸੇ ਨੇ ਉਸ ਨੂੰ ਆਦਰ ਨਾਲ ਆਪਣੇ ਕੋਲ ਬਿਠਾਇਆ ਹੋਵੇ। ਜਦੋਂ ਕਿਸੇ ਨੇ ਸਨੇਹ ਦੇ ਦੋ ਸ਼ਬਦ ਵੀ ਉਸਨੂੰ ਪਰਦਾਨ ਕੀਤੇ ਹੋਣ।

ਤੇ ਨਾਥੀ ਨੇ ਇਕੋ ਸਾਹ ਆਪਣੀ ਹੱਡ-ਬੀਤੀ ਸੁਣਾਣੀ ਸ਼ੁਰੂ ਕਰ ਦਿੱਤੀ। ਪਹਿਲਾਂ ਉਹ ਮੰਦਰ ਦੀ ਇਕ ਕੋਠੜੀ ਵਿਚ ਰਹਿੰਦਾ ਸੀ। ਪਰ ਉਸ ਨੂੰ ਇਕ ਨੰਬਰ ਦਾ ਲਫੰਗਾ ਆਖ ਕੇ ਉਥੋਂ ਕੱਢ ਦਿੱਤਾ ਕਿਉਂਕਿ ਉਹ ਹਰ ਰੋਜ਼ ਲੁੱਚਿਆਂ ਉੱਚਕਿਆਂ ਦੀ ਢਾਣੀ ਜੋੜ ਕੇ ਬਹਿੰਦਾ ਸੀ। ਨਾਥੀ ਨੇ ਦਸਿਆ ਕਿ ਜਦੋਂ ਉਸ ਦਾ ਨਿੱਕੜ ਸੁੱਕੜ ਚੁਕ ਕੇ ਬਾਹਰ ਸੜਕ ਤੇ ਸੁੱਟ ਦਿੱਤਾ ਗਿਆ ਤਾਂ ਉਸ ਉਨ੍ਹਾਂ ਲੋਕਾਂ ਨੂੰ ਗਾਲ੍ਹਾਂ ਕੱਢੀਆਂ ਤੇ ਉਨ੍ਹਾਂ ਨੇ ਜੀ ਭਰ ਕੇ ਉਸ ਦੀ ਮਾਰ ਕੁਟਾਈ ਕੀਤੀ। ਫੇਰ ਉਸ ਨੇ ਆਪਣਾ ਸਾਮਾਨ ਇਕ ਭਲੇਮਾਣਸ ਦੁਕਾਨਦਾਰ ਕੋਲ ਜਾ ਰਖਿਆ। ਪਰ ਰਹਿਣ ਲਈ ਉਸ ਨੂੰ ਕੋਈ ਟਿਕਾਣਾ ਨਾ ਲੱਭਾ। ਛੇਕੜ ਇਕ ਖੋਲੀ ਨੁਮਾ ਕੋਠੜੀ ਪੰਜ ਰੁਪਏ ਕਿਰਾਏ ਤੇ ਮਿਲੀ। ਪਰ ਲੋਕਾਂ ਨੇ ਉਥੇ ਵੀ ਨਾ ਟਿਕਣ ਦਿਤਾ।

ਮਿਸ ਪ੍ਰੀਤਮ, ਜੇਹੜੀ ਇਸ ਵੇਲੇ ਅੱਡੀ ਤੋਂ ਚੋਟੀ ਤਕ ਹਮਦਰਦੀ ਵਿਚ ਭਿੱਜੀ ਸੁਣ ਰਹੀ ਸੀ, ਨਾਥੀ ਦੇ ਰੁਕਦਿਆਂ ਹੀ ਬੋਲ ਉਠੀ

"ਹੱਛਾ, ਫਿਰ?

"ਫੇਰ, ਬੀਬੀ ਜੀ! ਪਿਛਲਾ ਸਾਰਾ ਹਫ਼ਤਾ ਲੂਰ ਲੂਰ ਕਰਦਿਆਂ ਬੀਤਿਆ। ਦਿਲ ਕਰੇ--ਦਿਲ ਕਰੇ, ਕੀ ਥੁੜਿਆ ਪਿਆ ਏ ਬੇ-ਗ਼ੈਰਤਾ ਵਾਲੀ ਜ਼ਿੰਦਗੀ ਜੀਣ ਖੁਣੋਂ—ਕਿਉਂ ਮੈਂ ।"

ਤੇ ਮਿਸ ਪ੍ਰੀਤਮ ਨੂੰ ਨਾਥੀ ਦਾ ਛੇਕੜਲਾ ਵਾਕ ਇੰਨ ਬਿੰਨ ਉਹੀ ਜਾਪਿਆ ਜੇਹੜਾ ਥੋੜ੍ਹੀ ਦੇਰ ਪਹਿਲਾਂ ਉਸ ਨੇ ਆਪਣੇ ਬਾਰੇ ਸੋਚਿਆ ਸੀ।

"ਹੱਛਾ ਫੇਰ, ਕਿਥੇ ਬਿਤਾਇਆ ਤੂੰ ਪਿਛਲਾ ਹਫ਼ਤਾ? ਜਾਨ ਨਹੀਂ ਸੀ ਲੋੜੀਂਦੀ ?

ਤੇ ਨਾਥੀ ਕੇਵਲ ਇਕ ਲੰਮਾ ਹਉਕਾ ਭਰ ਕੇ ਰਹਿ ਗਿਆ।

“ਹੱਛਾ ਬੀਬੀ ਜੀ ਚਲਨਾ ਵਾਂ। ਤੁਸੀਂ ਬੜੀ ਖੇਚਲ ਕੀਤੀ ਏ। ਤੁਹਾਡੇ ਬੱਚੇ ਜੀਣ, ਤੁਸੀਂ ਬੁੱਢ ਸੁਹਾਗਣ ਹੋਵੋ।

ਏਸ ਅਸੰਗਤ ਜਿਹੀ ਅਸੀਸ ਨੂੰ ਸੁਣ ਕੇ ਮਿਸ ਪ੍ਰੀਤਮ ਸ਼ਰਮਾ ਗਈ। ਉਸ ਦਾ ਜੀਅ ਆਇਆ ਸੁ ਕਹਿ ਦੇਵੇ ਕਿ—ਮੂਰਖ਼ਾ, ਮੈਂ ਤਾਂ ਕੁਆਰੀ ਹਾਂ। ਪਰ ਉਹ ਗੱਲ ਨੂੰ ਟਾਲ ਗਈ।

"ਪਰ ਤੈਨੂੰ ਤੇ ਬੁਖ਼ਾਰ ਏ ਨਾਥੀ। ਨਾਲੇ ਮੌਸਮ ਬੜਾ ਖ਼ਰਾਬ ਏ। ਤੂੰ ਕਿਤੇ ਨਹੀਂ ਜਾਏਂਗਾ। ਬੈਠ ਜਾ ਮੈਂ ਕਿਹਾ"

ਨਾਥੀ ਨੇ ਮੁੜ ਕੋਈ ਹੀਲ ਹੁੱਜਤ ਨਹੀਂ ਕੀਤੀ। ਜਿਥੇ ਖੜਾ ਸੀ, ਓਥੇ ਹੀ ਮੰਤਰ ਕੀਲ੍ਹਿਆ ਜਿਹਾ ਬੈਠ ਗਿਆ।

*****

## 22.

ਸੌਣ ਦਾ ਇਹ ਵਕਤ ਨਹੀਂ ਸੀ। ਪਰ ਮਿਸ ਪ੍ਰੀਤਮ ਤਾਂ ਜਿਵੇਂ ਘੋੜੇ ਵੇਚ ਕੇ ਸੁੱਤੀ ਹੋਈ ਸੀ। ਸ਼ਾਇਦ ਸਾਰੀ ਰਾਤ ਦਾ ਉਨੀਂਦਾ ਤੇ ਥਕਾਵਟ ਕਾਰਨ। ਉਂਜ ਵੀ ਉਸ ਨੂੰ ਨੀਂਦਰ ਘਟ ਹੀ ਆਂਦੀ।

ਜੇਕਰ ਆਂਦੀ ਵੀ ਤਾਂ ਭੈੜੇ ਭੈੜੇ ਸੁਪਨਿਆਂ ਕਾਰਨ ਝੱਟ ਖੁਲ੍ਹ ਜਾਂਦੀ। ਸਵੇਰੇ ਥੱਕੀ ਟੁਟੀ ਉਠਦੀ।

ਪਰ ਅਜ ਉਹ ਜਾਗੀ ਤਾਂ ਉਸਦਾ ਸਰੀਰ ਹਲਕਾ ਫੁਲਕਾ ਸੀ। ਏਡੀ ਮਿੱਠੀ ਤੇ ਸੁਖਾਂਵੀ ਨੀਂਦਰ ਉਸਨੂੰ ਪਹਿਲਾਂ ਕਦੀ ਨਹੀਂ ਸੀ ਆਈ। ਇਸ ਦਾ ਕੀ ਕਾਰਨ ਹੋ ਸਕਦਾ ਹੈ। ਤੇ ਇਹ ਸੋਚਦਿਆਂ ਹੀ ਉਹ ਨਾਥੀ ਦੇ ਕਮਰੇ ਵਲ ਹੋ ਤੁਰੀ।

ਨਾਥੀ ਆਪਣੀ ਡੰਗੋਰੀ ਦੇ ਆਸਰੇ ਕਮਰੇ ਵਿਚੋਂ ਬਾਹਰ ਨਿਕਲ ਰਿਹਾ ਸੀ।

'ਨਾਥੀ! ਅਰਾਸਤਾ ਏਂ ਹੁਣ?"

"ਤੁਹਾਡੀ ਕਿਰਪਾ ਨਾਲ ਬਚ ਗਿਆ ਬੀਬੀ ਜੀ-ਰੱਬ ਸੱਚਾ ਤੁਹਾਨੂੰ ਇਸ ਨੇਕੀ ਦਾ ਬਦਲਾ

ਦੇਵੇ।"

'ਪਰ ਚਲਿਆ ਕਿਥੇ ਐਂ?"

'ਜੀ. ਮੈਂ ।" ਪਰ ਨਾਥੀ, ਅਗੋਂ ਬੋਲ ਨਾ ਸਕਿਆ। ਮਿਸ ਪ੍ਰੀਤਮ ਉਸ ਅੰਦਰਲੇ ਅਹਿਸਾਸੇ ਕਮਤਰੀ ਨੂੰ ਸਮਝ ਰਹੀ ਸੀ। ਉਸ ਦਾ ਜੀ ਕੀਤਾ ਕਿ ਉਹ ਉਸ ਨੂੰ ਦੱਸ ਦੇਵੇ ਕਿ ਉਹ ਵੀ ਉਸ ਵਰਗੀ ਇਕ ਬਦਨਸੀਬ ਜ਼ਿੰਦਗੀ ਹੈ। ਪਰ ਉਸ ਸੋਚਿਆ ਕਿ ਉਹ ਕਿਸੇ ਓਪਰੇ ਨੂੰ ਆਪਣੇ ਦਿਲ ਦਾ ਭੇਦ ਕਿਉਂ ਦਸੇ। ਉਸ ਸੋਚਿਆ ਜਾਂਦਾ ਹੈ ਤਾਂ ਜਾਏ। ਮੈਂ ਕੀ ਲੈਣਾ ਏ ਏਸ ਖਲਜਗਣ ਵਿਚੋਂ।

'ਚੰਗਾ ਤੇਰੀ ਮ_ ਤੇਰੀ ਮਰਜ਼ੀ। ਮੈਂ ਤੈਨੂੰ ਨਹੀਂ ਰੋਕਦੀ। ਪਰ ਮੈਂ ਸੋਚਦੀ ਆਂ, ਸਾਰੀ ਰਾਤ ਦਾ ਤੂੰ ਮੀਂਹ ਵਾਛੜ ਨਾਲ ਭੰਨਿਆ ਪਿਆ ਏਂ-ਪਿੰਡਾ ਵੀ ਤੇਰਾ ਤੱਤਾ ਏ, ਢਿੱਡੋਂ ਵੀ ਭੁਖਣ ਭਾਣਾ ਏ ਜੇ-ਜੇ ਤੈਨੂੰ ਕੁਝ ਹੋ ਗਿਆ ਤਾਂ ਕੀ ਬਣੇਗਾ?

ਮਨ ਹੀ ਮਨ ਵਿਚ ਏਸ ਮਮਤਾ ਡੁਬੇ ਸਵਾਲ ਦਾ ਜਵਾਬ ਨਾਥੀ ਨੇ ਉਚਾਰਿਆ-ਕੀ ਬਣੇਗਾ? ਵਧ ਤੋਂ ਵਧ ਮਰ ਹੀ ਜਾਵਾਂਗਾ, ਏਦੂੰ ਵਧ ਹੋਰ ਕੀ ਬਣਨਾ ਏ?" ਪਰ ਦਿਲ ਦੀ ਭਾਸ਼ਾ ਮਿਸ ਪ੍ਰੀਤਮ ਨੂੰ ਏਨੀ ਹੀ ਸਮਝ ਪਈ ਕਿ ਨਾਥੀ ਉਸ ਦੇ ਮੇਜ਼ਬਾਨ ਬਣਨ ਦੇ ਰਿਣ ਥਲੇ ਦੱਬੰਦਾ ਜਾ ਰਿਹਾ ਹੈ।

“ਹਲਾ ਫੇਰ ਦੋ ਘੜੀਆਂ ਤਾਂ ਰੁਕ ਜਾਹ। ਰੋਟੀ ਦੀਆਂ ਦੇ ਗਰਾਹੀਆਂ ਖਾ ਕੇ ਚਲਾ ਜਾਈ।”

ਨਾਥੀ ਓਵੇਂ ਹੀ ਖੜਾ ਖੜਾ ਆਪਣੀ ਲਾਠੀ ਦੇ ਗੋਲ ਸਿਰੇ ਨੂੰ ਸੱਜੇ ਹੱਥ ਦੇ ਨਹੁੰ ਨਾਲ ਖਰੋਚੀ ਜਾ ਰਿਹਾ ਸੀ। ਉਸ ਦੇ ਬੇਨੂਰ ਭਰਵੱਟੇ ਮਿਸ ਪ੍ਰੀਤਮ ਵਲ ਸੇਧੇ ਹੋਏ ਪੁਕਾਰ ਪੁਕਾਰ ਕਹਿ ਰਹੇ ਸਨ-ਓ ਮਮਤਾ ਦੀ ਪ੍ਰੀਤਮਾ। ਮੈਂ ਤਾਂ ਏਸ ਜਨਮ ਵਿਚ ਐਸਾ ਕੋਈ ਪੁੰਨ ਨਹੀਂ ਸੀ ਕੀਤਾ ਜਿਸਦੇ ਬਦਲੇ ਮੇਰੀ ਜ਼ਿੰਦਗੀ ਦੇ ਹਨੇਰੇ ਰਾਹ ਤੇ ਤੂੰ ਚਾਨਣ ਬਣ ਕੇ ਆ ਖੜੋਤੀ ਹੈ।

“ਰੋਟੀ? ਭੁੱਖ ਨਹੀਂ ਬੀਬੀ ਜੀ-ਤਬੀਅਤ ਨਹੀਂ ਕਰਦੀ ਖਾਣ ਨੂੰ।”

ਮਿਸ ਪ੍ਰੀਤਮ ਨੂੰ ਆਪਣੀ ਨਾਦਾਨੀ ਉਤੇ ਖਿੱਝ ਆਈ। ਭਲਾ ਬੁਖ਼ਾਰ ਵਿਚ ਕਿਸੇ ਨੂੰ ਭੁੱਖ ਲਗਦੀ ਹੈ? ਤੇ ਦੁੱਧ ਓਨਾ ਕੁ ਸੀ ਜਿਹੜਾ ਉਸ ਚਾਹ ਵਿਚ ਹੀ ਵਰਤ ਲਿਆ ਸੀ।

"ਉਰੇ ਕਰ ਖਾਂ ਹੱਥ।" ਕਹਿ ਕੇ ਮਿਸ ਪ੍ਰੀਤਮ ਉਸ ਦੀ ਨਬਜ਼ ਟਟੋਲਣ ਲਗੀ। ਏਡੀ ਕਸੈਣ ਨਹੀਂ ਮੈਂ ਜੁ ਤੈਨੂੰ ਪੰਜ ਭੱਠ ਤਾਪ ਦੀ ਹਾਲਤ ਵਿਚ ਘਰੋਂ ਕੱਢ ਦਿਆਂ। ਪਰ ਤੂੰ ਏਡਾ ਘਾਬਰਦਾ ਕਿਉਂ ਪਿਆ ਏਂ ? ਇਹ ਕਮਰਾ ਫਾਲਤੂ ਹੀ ਪਿਆ ਏ। ਮੇਰੀ ਸਲਾਹ ਏ ਜਦ ਤੀਕ ਤੇਰਾ ਬੁਖ਼ਾਰ ਨਹੀਂ ਉਤਰਦਾ ਇਥੇ ਹੀ ਟਿਕਿਆ ਰਹੁ। ਮੇਰੀ ਖੇਚਲ ਤੋਂ ਨਾ ਡਰ।

ਨਾਥੀ ਜਿਥੇ ਖੜਾ ਸੀ ਉਥੇ ਹੀ ਬੈਠ ਗਿਆ। ਉਹ ਮਿਸ ਪ੍ਰੀਤਮ ਬਾਰੇ ਜਾਣਨਾ ਚਾਹੁੰਦਾ ਸੀ-ਦੇਵੀ! ਕੀ ਤੂੰ ਇਸ ਘਰ ਵਿਚ ਇੱਕਲੀ ਰਹਿ ਰਹੀ ਹੈਂ? ਤੇਰਾ ਪਤੀ ਕਿਥੇ ਹੈ? ਤੇਰੇ ਧੀਆਂ ਪੁੱਤਰ ਕਿਥੇ ਨੇ?

'ਚੰਗਾ ਬੀਬੀ ਜੀ, ਜਿਵੇਂ ਤੁਸੀਂ ਆਖੋ। ਪਰ ਮੈਂ ਰਤਾ ਜਾ ਕੇ ਆਪਣਾ ਨਿਕ ਸੁਕ ਲੈ ਆਵਾਂ। ਇਕ ਦੁਕਾਨਦਾਰ ਨਾਲ ਮੇਰੀ ਚਿਰੋਕੀ ਸਾਂਝ ਏ। ਉਸ ਪਾਸ ਰਖਿਆ ਹੋਇਆ ਏ ਕੱਪੜਾ ਲੱਤਾ।

'ਪਰ ਨਾਥੀ, ਤੈਨੂੰ ਤਾਂ ਤਾਪ ਚੜ੍ਹਿਆ ਹੋਇਆ ਏ।'

ਨਾਥੀ ਨੂੰ ਮਾੜਾ ਜਿਹਾ ਹਾਸਾ ਆ ਗਿਆ- ਏਡਾ ਸੋਹਲ ਨਹੀਂ ਮੈਂ ਬੀਬੀ ਜੀ। ਇਹੋ ਜਿਹੇ ਤਾਪ ਨੂੰ ਤਾਂ ਮੈਂ ਹਾਸੇ ਭਾਣੇ ਟਰਕਾ ਛਡਦਾ ਹੁੰਨਾ ਆਂ।"

"ਹਲਾ ਫਿਰ ਛੇਤੀ ਮੁੜੀਂ।

"ਹੱਛਾ ਬੀਬੀ ਜੀ" ਕਹਿ ਕੇ ਨਾਥੀ ਆਪਣੀ ਲਾਠੀ ਦੀ ਮਦਦ ਨਾਲ ਇੰਜ ਕਮਰੇ ਵਿਚੋਂ ਬਾਹਰ ਨਿਕਲਿਆ ਜਿਵੇਂ ਲਾਠੀ ਹੀ ਉਸ ਦੀਆਂ ਨਵੀਆਂ ਨਰੋਈਆਂ ਅੱਖਾਂ ਹੋਣ। ਉਵੇਂ ਹੀ ਰਵਾਂ ਰਵੀਂ ਉਹ 'ਠੱਕ ਠੱਕ' ਆਵਾਜ਼ ਕਰਦਾ ਹੋਇਆ ਘਰ

ਵਿਚੋਂ ਨਿਕਲ ਕੇ ਸੜਕੇ ਪੈ ਗਿਆ। ਮਿਸ ਪ੍ਰੀਤਮ ਉਸਦੀ ਬੁੱਧ-ਚੇਤਨਾ ਦਾ ਇਹ ਕ੍ਰਿਸ਼ਮਾ ਵੇਖ ਕੇ ਹੱਕੀ ਬੱਕੀ ਹੋ ਰਹੀ ਸੀ।

*****

# 23.

ਜਿਨਾ ਚਿਰ ਨਾਥੀ ਘਰ ਵਿਚ ਮੌਜੂਦ ਸੀ ਓਨਾ ਚਿਰ ਮਿਸ ਪ੍ਰੀਤਮ ਆਪਣੀ ਵਾਸਤਵਿਕਤਾ ਵਲੋਂ ਬੇਖ਼ਬਰ ਰਹੀ। ਪਰ ਜਿਉਂ ਹੀ ਨਾਥੀ ਘਰੋਂ ਬਾਹਰ ਹੋਇਆ ਕਿ ਉਹੀ ਜ਼ਿੰਦਗੀ ਦੀਆਂ ਤਲਖੀਆਂ, ਨਿਰਾਸ਼ਾ ਦੀਆਂ ਘੁੰਮਣ ਘੇਰੀਆਂ ਤੇ ਮੌਤ ਵਲ ਝੁਕਾਓ ਨੇ ਉਸ ਨੂੰ ਘੇਰ ਲਿਆ।

ਥੋੜਾ ਬਹੁਤ ਖਾ ਪੀ ਕੇ ਉਹ ਆਪਣੇ ਉਸ ਸੱਤਾਂ ਜਨਮਾਂ ਦੇ ਵੈਰੀ ਮੰਜੇ ਤੇ ਜਾ ਲੇਟੀ ਜਿਸ ਉਤੇ ਲੇਟਿਆਂ ਉਸ ਨੇ ਬਹੁਤ ਸਾਰੀਆਂ ਉਨੀਂਦੀਆਂ ਰਾਤਾਂ ਤੇ ਬੇਅਰਾਮ ਦਿਨ ਬਿਤਾਏ ਸਨ ਤੇ ਜਿਸ ਤੋਂ ਉਸਨੂੰ ਉਨੀਂ ਹੀ ਨਫ਼ਰਤ ਸੀ ਜਿੰਨੀ ਆਪਣੇ ਆਪ ਤੋਂ। ਬੀਤੀ ਰਾਤ ਇਸੇ ਮੰਜੇ ਉਤੇ ਹੀ ਉਸ ਨੇ ਮੌਤ ਦੀ ਗੋਦ ਵਿਚ ਜਾ ਬੈਠਣ ਦਾ ਫੈਸਲਾ ਕੀਤਾ ਸੀ। ਪਰ ਇਹ ਕੀ ਭਾਣਾ ਵਰਤ ਗਿਆ ਜੁ ਇਕ ਮਾਮੂਲੀ ਜਿਹੇ ਆਦਮੀ ਨੇ ਉਸ ਦੇ ਫੈਸਲੇ ਨੂੰ ਲੀਮਿਆਰ ਦਿੱਤਾ।

'ਬੇਵਕੂਫੇ! ਅਕਲ ਦੀਏ ਅੰਨੀਏ! ਇਹ ਤੂੰ ਕੀਤਾ ਕੀ। ਇਹ ਤੈਨੂੰ ਕੀ ਸੁਝੀ ਜੁ ਤੂੰ ਉਸਨੂੰ ਘਰ ਵਿਚ ਡੇਰਾ ਲਾਣ ਦੀ ਦਾਅਵਤ ਦੇ ਦਿੱਤੀ?'

"ਪਰ ਹੁਣ?" ਇਹ ਪ੍ਰਸ਼ਨ ਇਸ ਵੇਲੇ ਮਿਸ ਪ੍ਰੀਤਮ ਦੇ ਦਿਲ ਦਿਮਾਗ਼ ਵਿਚ ਚੱਕਰ ਲਾ ਰਿਹਾ ਸੀ। ਜੇ ਉਹ ਮੁੜ ਆਇਆ ਅਤੇ ਮੁਸ਼ਟੰਡੇ ਨੂੰ ਰਹਿਣ ਦਾ ਟਿਕਾਣਾ ਤੇ ਮੁਫ਼ਤ ਦੀਆਂ ਪੱਕੀਆਂ ਪਕਾਈਆਂ ਮਿਲਣ ਲਗ ਪਈਆਂ ਤਾਂ ਫੇਰ ਕੀ ਉਹ ਉਸ ਦੀ ਖ਼ਾਤਰ ਆਪਣਾ ਫੈਸਲਾ ਬਦਲ ਦੇਵੇਗੀ?

"ਰੱਬ ਕਰੇ, ਨਾ ਹੀ ਆਵੇ। ਅਜੋਕੀ ਰਾਤ ਹੀ ਤਾਂ ਕਟਣੀ ਹੈ—ਕੱਟੀ ਹੀ ਜਾਏਗੀ। ਭਲਕੇ ਪਰਭਾਤ ਵੇਲੇ ਬਸ।

ਤੇ ਉਸ ਦੇ ਖ਼ਿਆਲਾਂ ਦੀ ਲੜੀ ਬਾਹਰੋਂ 'ਖਟ ਖਟ ਸੁਣਾਈ ਦੇਣ ਨਾਲ ਇਕ ਵਾਰਗੀ ਹੀ ਟੁੱਟ ਗਈ।

'ਮਯੇ ਮਸੇ ਖਸਮਾਂ ਨੂੰ ਖਾਣੀ ਬਦਬੋ ਰਤਾ ਹਟੀ ਸੀ ਕਮਰੇ ਵਿਚੋਂ। ਫੇਰ ਆ ਮਰਿਆ ਰੁੜ੍ਹ ਜਾਣਾ ਬਨਮਾਹਣੂੰ"

ਉਵੇਂ ਹੀ ਭੱਖੀ ਝੁਲਸੀ ਹਾਲਤ ਵਿਚ ਉਹ ਬਾਹਰ ਨਿਕਲ ਆਈ ਤੇ ਦਿਲ ਵਿਚ ਸੋਚਦੀ ਹੋਈ ਕਿ "ਕਹਿ ਦਿਆਂਗੀ ਸੂ, ਜਾਹ ਬਾਬਾ, ਹੋਰ ਕਿਤੇ ਸਿੰਙ ਸਮਾ ਆਪਣੇ "

ਤੇ ਬਾਹਰ ਨਿਕਲਦਿਆਂ ਹੀ ਉਸ ਦੀ ਅੰਦਰਲੀ ਤਪਸ਼ ਜਿਹੀ ਕੱਖਾਂ ਦੀ ਅੱਗ ਵਾਂਗ ਸੌਂ ਗਈ ਜਦ ਨਾਥੀ ਉਤੇ ਉਸਦੀ ਨਜ਼ਰ ਪਈ। ਕਿਥੇ ਗੰਦੇ ਚੀਥੜੇ ਤੇ ਕਿਥੇ ਇਹ ਸਾਦੇ, ਪਰ ਸਾਫ਼ ਕੱਪੜੇ। ਨਾੜ੍ਹਾ ਧੋਤਾ ਤੇ ਲਿਸ਼ਕਿਆ ਪੁਸ਼ਕਿਆ ਸਰੀਰ। ਕੁਝ ਸਮਾਨ ਨਾਥੀ ਨੇ ਆਪ ਚੁਕਿਆ ਹੋਇਆ ਤੇ ਬਾਕੀ ਕੁਲੀ ਨੇ।

ਹੁਣ ਮਿਸ ਪ੍ਰੀਤਮ ਉਸ ਨੂੰ ਦੁਰਕਾਰਨ ਦਾ ਸਾਹਸ ਕਿਥੋਂ ਲਿਆਵੇ ?

ਨਾਥੀ ਓਵੇਂ ਹੀ ਲਾਠੀ ਖਟਖਟਾਂਦਾ ਕੁਲੀ ਸਮੇਤ ਕਮਰੇ ਵਿਚ ਜਾ ਵੜਿਆ। ਉਸਦਾ ਸਾਮਾਨ ਇਕ ਜੰਗਾਲਿਆ ਹੋਇਆ ਪੀਪਾ, ਇਕ ਅੱਧੀ ਕੁ ਭਰੀ ਪੁਰਾਣੀ ਬੋਰੀ, ਇਕ ਮੈਲਾ ਜਿਹਾ ਥੈਲਾ ਤੇ ਚਟਾਈ ਵਿਚ ਲਪੇਟਿਆ ਬਿਸਤਰਾ।

ਮਿਸ ਪ੍ਰੀਤਮ ਦਾ ਨਾਥੀ ਨੂੰ ਵੇਖ ਕੇ ਗੁੱਸਾ ਤਾਂ ਭਾਵੇਂ ਨਾ ਢਲਿਆ ਪਰ ਘਿਰਣਾ ਦਾ ਕੋਈ ਚਿੰਨ੍ਹ ਉਸ ਦੇ ਨਕਸ਼ਾਂ ਉਤੇ ਨਹੀਂ ਸੀ। ਉਸ ਨੇ ਮੂੰਹ ਰੱਖਣੀ ਵਜੋਂ ਨਾਥੀ ਨੂੰ ਕਿਹਾ—

'ਬੜੀ ਦੇਰ ਲਾ ਦਿੱਤੀ ਤੂੰ ਨਾਥੀ' ਤੇ ਨਾਥੀ ਨੇ ਕੁਝ ਲੋੜੀਂਦਾ ਤੇ ਕੁਝ ਬੇਲੋੜਾ ਜਵਾਬ ਮਾਂਜੇ ਸੰਵਾਰੇ ਸ਼ਬਦਾਂ ਵਿਚ ਦਿੱਤਾ।

"ਹੁਣ ਤੇ ਤੇਰਾ ਪਿੰਡਾ ਠੀਕ ਈ ਲਗਦਾ ਏ ਨਾਥੀ"

"ਮੈਂ ਤੁਹਾਨੂੰ ਕਿਹਾ ਸੀ ਨ ਬੀਬੀ ਜੀ, ਪਈ ਇਹੋ ਜਿਹੇ ਮਾੜੇ ਮੋਟੇ ਬੁਖਾਰਾਂ ਨੂੰ ਮੈਂ ਟਿੱਚ ਸਮਝਨਾਂ।

'ਕੁਝ ਖਾਧਾ ਪੀਤਾ ਵੀ ਸੀ?"

"ਵਿਹਲ ਹੀ ਕਿਥੇ ਮਿਲੀ ਸੀ "

'ਤਾਂ ਖਾ ਲੈ ਤੇਰੇ ਹਿੱਸੇ ਦੇ ਫੁਲਕੇ ਪਏ ਨੇ।

ਮਿਸ ਪ੍ਰੀਤਮ ਨੇ ਥਾਲੀ ਵਿਚ ਰੋਟੀ ਪਰੋਸ ਕੇ ਨਾਥੀ ਅਗੇ ਰੱਖੀ। ਰੋਟੀ ਖਾਂਦਿਆਂ ਨਾਥੀ ਕੁਝ ਅਗਲੀਆਂ ਪਿਛਲੀਆਂ ਸੁਣਾਈ ਜਾ ਰਿਹਾ ਸੀ ਕਿ ਮਿਸ ਪ੍ਰੀਤਮ ਸਹਿ ਸੁਭਾਅ ਹੀ ਕਹਿ ਬੈਠੀ-

"ਕੇਡੇ ਖੋਟੇ ਕਰਮ ਕਰਕੇ ਜੰਮਿਆ ਸੈਂ ਤੂੰ ਨਾਥੀ! ਇਕ ਤਾਂ ਰੱਬ ਨੇ ਤੈਨੂੰ ਅੱਖਾਂ ਤੋਂ ਹੀਣਾ ਕਰ ਦਿੱਤਾ, ਦੂਜਾ ਇਹ ਮੰਗਣ ਪਿੰਨਣ ਦਾ ਕਿੱਤਾ।"

"ਨਾ ਬੀਬੀ ਜੀ, ਇੰਝ ਨਾ ਆਖੋ। ਜਦੋਂ ਦੀ ਹੋਸ਼ ਸੰਭਾਲੀ ਏ ਮੈਂ ਨਹੀਂ ਮੰਗਿਆ ਪਿੰਨਿਆ। ਅੱਖਾਂ ਰੱਬ ਨੇ ਨਾ ਦਿੱਤੀਆਂ ਸਹੀ, ਪਰ ਹੱਥ ਪੈਰ ਤਾਂ ਨਰੋਏ ਨੇ, ਖੋਪਰੀ ਵੀ ਖਾਸੀ ਰੋਸ਼ਨ ਦਿੱਤੀ ਸੂ।'

ਮਿਸ ਪ੍ਰੀਤਮ ਆਪਣੀ ਗੱਲ ਤੇ ਕੁਝ ਪਚੀ ਹੋ ਗਈ-ਨਹੀਂ। ਮੈਂ ਤੇ ਉਂਝ ਸਭੌਕੀ ਗੱਲ ਕੀਤੀ ਏ ਪਈ-"

ਤੁਸਾਂ ਕੋਈ ਅਲੋਕਾਰ ਗੱਲ ਤਾਂ ਨਹੀਂ ਆਖੀ। ਬੀਬੀ ਜੀ ਮੇਰੇ ਵਰਗੇ ਨੇਤਰਹੀਣ ਬਦ-ਨਸੀਬ ਲੱਖਾਂ ਹੀ ਮੰਗਣ ਪਿੰਨਣ ਲਈ ਮਜਬੂਰ ਨੇ । ਮੈਂ ਵੀ ਜਿਚਰ ਤਕ ਭਲੇ ਬੁਰੇ ਦੀ ਸਮਝ ਨਹੀਂ ਸੀ, ਇਹੋ ਕੁਝ ਕਰਦਾ ਰਿਹਾ। ਪਰ ਜਿਉਂ ਜਿਉਂ ਸਿਆਣਾ ਹੁੰਦਾ ਗਿਆ, ਮੰਗਣ ਪਿੰਨਣ ਤੋਂ ਮੈਨੂੰ ਨਫ਼ਰਤ ਹੁੰਦੀ ਗਈ।

ਦਿਮਾਗ਼ ਮੇਰਾ ਮੁਢ ਤੋਂ ਹੀ ਕਾਫ਼ੀ ਰੌਸ਼ਨ ਸੀ। ਮਾੜੀ ਮੋਟੀ ਕਵਿਤਾ ਵੀ ਜੋੜਨ ਲਗ ਪਿਆ।

ਗਾਣ ਦਾ ਸ਼ੌਂਕ ਤੇ ਰੋਜ਼ੀ ਸਦਕਾ ਮੰਦਰ ਵਿਚ ਕਿਸੇ ਭਜਨ ਮੰਡਲੀ ਵਿਚ ਸ਼ਾਮਲ ਹੋਣ ਲਈ ਸੰਗੀਤ ਸਿਖਣਾ ਚਾਹਿਆ। ਪਰ ਉਸ ਭਲੇ ਲੋਕ ਨੇ ਆਖ ਦਿੱਤਾ ਕਿ ਮੇਰੀ ਆਵਾਜ਼ ਪਾਟੇ ਹੋਏ ਢੋਲ ਵਰਗੀ ਏ। ਤੂੰ ਸੰਗੀਤ ਸਿਖ ਕੇ ਕੀ ਕਰੇਂਗਾ ਪਰ ਸੁਭਾਅ ਦਾ ਕਾਫ਼ੀ ਢੀਠ ਹਾਂ। ਜਿਸ ਕੰਮ ਮਗਰ ਪੈ ਜਾਵਾਂ, ਵੱਸ ਲਗਦੇ

ਉਸਦਾ ਖਹਿੜਾ ਨਹੀਂ ਛੱਡਦਾ। ਮੈਂ ਆਪੇ ਹੀ ਮਾੜੇ ਮੋਟੇ ਭਜਨ ਜੋੜ ਕੇ ਮੰਦਰ ਤੋਂ ਬਾਹਰ ਬੈਠ ਕੇ ਗਾਣੇ ਸ਼ੁਰੂ ਕਰ ਦਿੱਤੇ। ਆਵਾਜ਼ ਚੰਗੀ ਨਾ ਹੋਣ ਦੇ ਬਾਵਜੂਦ ਵੀ ਪੇਟ ਭਰਨ ਜੋਗੇ ਪੈਸੇ ਮਿਲਣ ਲਗ ਪਏ।

'ਪਰ ਤੂੰ ਤੇ ਨਾਥੀ, ਉਥੇ ਮੰਦਰ ਲਾਗੇ ਬੈਠਾ ਕੁਝ ਹੋਰ ਹੀ ਅਰਲ ਬਰਲ ਜਿਹਾ ਬੋਲਦਾ ਹੁੰਦਾ ਸੈਂ। ਨਾਲੇ ਪੈਸੇ ਵੀ ਤੈਨੂੰ ਬਥੇਰੇ ਮਿਲਦੇ ਸਨ।"

"ਤੁਹਾਨੂੰ ਕਿਸ ਦਸਿਆ ਬੀਬੀ ਜੀ" ਨਾਥੀ ਸੁਣ ਕੇ ਤਰੱਭਕਿਆ।

'ਮੈਂ ਆਪ ਮੰਦਰ ਜਾਂਦਿਆਂ ਆਉਂਦਿਆਂ ਤਕਦੀ ਹੁੰਦੀ ਸਾਂ, ਤੈਨੂੰ ਤੇ ਤੇਰੇ ਦੁਆਲੇ ਜੁੜੀ ਹੋਈ ਢਾਣੀ ਨੂੰ। ਤੇਰੀਆਂ ਬੇਤੁਕੀਆਂ ਸੁਣ ਸੁਣ ਕੇ ਮੈਨੂੰ ਡਾਢਾ ਗੁੱਸਾ ਚੜਦਾ ਹੁੰਦਾ ਸੀ।"

ਨਾਥੀ ਨੂੰ ਲਗਿਆ ਜਿਵੇਂ ਉਸਦੀ ਕੋਈ ਚੋਰੀ ਫੜੀ ਗਈ ਹੋਵੇ। ਉਹ ਸਫ਼ਾਈ ਦੇਣ ਲਗਾ ।

ਇਹ ਭੰਡਪੁਣਾ ਮੈਂ ਖੁਸ਼ੀ ਨਾਲ ਨਹੀਂ ਸਗੋਂ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਕਰਦਾ ਸਾਂ। ਦੁਨੀਆਂ ਦੋਧਾਰੀ ਤਲਵਾਰ ਏ ਬੀਬੀ ਜੀ। ਮੇਰੇ ਚੁਟਕਲੇ ਸੁਣ ਕੇ ਲੋਕ ਜਿਸ ਵੇਲੇ ਹੱਸ ਰਹੇ ਹੁੰਦੇ ਨੇ, ਉਸ ਵੇਲੇ ਮੇਰਾ ਦਿਲ ਰੋ ਰਿਹਾ ਹੁੰਦਾ ਏ_। ਅੱਖਾਂ ਦੀ ਅਣਹੋਂਦ ਕਰਕੇ ਬਾਹਰਲੀ ਦੁਨੀਆਂ ਮੇਰੇ ਲਈ ਹਨੇਰੀ ਸਹੀ। ਪਰ ਅੰਦਰਲੇ ਚਾਨਣ ਦੀ ਮਦਦ ਨਾਲ ਮੈਂ ਕਿੰਨਾ ਕੁਝ ਵੇਖ ਸਕਨਾ ਹਾਂ। ਕਦੀ ਕਦੀ ਮੇਰੇ ਅੰਦਰ ਕਵਿਤਾ ਦਾ ਦਰਿਆ ਠਾਠਾਂ ਮਾਰਦਾ ਏ। ਮੈਂ ਸੋਚਨਾਂ ਵਾਂ ਕਿ ਜੇਕਰ ਮੇਰੇ ਕੋਲ ਅੱਖਾਂ ਹੁੰਦੀਆਂ ਤਾਂ ਢੇਰਾਂ ਮੂੰਹੀਂ ਕਵਿਤਾ ਲਿਖੀ ਚਲਾ ਜਾਂਦਾ। ਮੇਰੀਆਂ ਉਲ ਜਲੂਲ ਸੁਣ ਕੇ ਲੋਕੀ ਹਸਦੇ ਨੇ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਗੰਭੀਰ ਵਿਸ਼ੇ ਉਤੇ ਲਿਖ ਨਹੀਂ ਸਕਦਾ। ਕਦੇ ਕਦਾਈਂ ਹੁਣ ਵੀ ਲਿਖਨਾ ਹੁਨਾ ਆਂ।

ਮਿਸ ਪ੍ਰੀਤਮ ਨੂੰ ਲਗਿਆ ਜਿਵੇਂ ਨਾਥੀ ਆਪਣੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਰਿਹਾ ਹੋਵੇ। ਪਰ ਉਸ ਟੋਕਣਾ ਮੁਨਾਸਬ ਨਹੀਂ ਸਮਝਿਆ। ਜੋ ਕੁਝ ਉਹ ਸੁਣਾਂਦਾ ਗਿਆ, ਇਹ ਹੁੰਗਾਰਾ ਭਰਦੀ ਗਈ।

******

## 24.

ਨਾਥੀ ਲਈ ਮਿਸ ਪ੍ਰੀਤਮ ਦਾ ਸੰਜੋਗ ਸਵਾਂਤ ਬੂੰਦ ਤੋਂ ਘੱਟ ਨਹੀਂ ਸੀ। ਇਕ ਸ਼ਰਨਾਰਥੀ ਦੇ ਤੌਰ ਤੇ ਉਸ ਨੇ ਇਸ ਘਰ ਵਿਚ ਪਨਾਹ ਲਈ ਸੀ। ਕਿਥੇ ਥਾਂ ਥਾਂ ਤੋਂ ਦੁਰਕਾਰੇ ਹੋਏ ਕੁੱਤੇ ਵਰਗੀ ਅਵਸਥਾ ਤੇ ਕਿਥੇ ਇਸ ਅਪਮਾਨਤ ਤੇ ਤ੍ਰਿਸਕਾਰੀ ਹੋਈ ਜਿੰਦੜੀ ਲਈ ਏਨੀ ਸਹਾਨੁਭੂਤੀ।

ਨਾਥੀ ਨੇ ਜਿਸ ਛੋਟੇ ਜਿਹੇ ਕਮਰੇ ਵਿਚ ਉਤਾਰਾ ਕੀਤਾ। ਉਸਦੇ ਫਰਸ਼ੀ ਵਿਛੋਣੇ ਤੇ ਲੇਟਿਆਂ ਉਸ ਨੇ ਕਿੰਨੀ ਰਾਤ ਏਸ 'ਘਟਨਾ' ਬਾਰੇ ਸੋਚਦਿਆਂ ਬਿਤਾ ਦਿੱਤੀ। ਏਸੇ ਵਿਚਾਲੇ ਉਸ ਨੂੰ ਇਕ ਗੋਸਾਈਂ ਜੀ ਦੀ ਯਾਦ ਹੋ ਆਈ, ਜਿਨ੍ਹਾਂ ਬਾਰੇ ਆਮ ਪ੍ਰਚੱਲਤ ਸੀ ਕਿ ਉਹ ਹਰ ਕਿਸੇ ਦੀ ਮਨੋਕਾਮਨਾ ਪੂਰੀ ਕਰਦੇ ਨੇ। ਨਾਥੀ ਨੇ ਵੀ ਪ੍ਰਮਾਤਮਾ ਰੂਪ ਗੁਸਾਈਂ ਜੀ ਨੂੰ ਆਪਣੀ ਮਨੋਕਾਮਨਾ ਦੱਸੀ। 'ਮੈਨੂੰ ਅੱਖਾਂ ਦੀ ਦਾਤ ਬਖਸ਼ੇ।' ਤਾਂ ਸੁਆਮੀ ਜੀ ਪਹਿਲਾਂ ਤਾਂ ਕਹਿਕਾ ਮਾਰ ਕੇ ਹੱਸ ਪਏ, ਫੇਰ ਕਹਿਣ ਲਗੇ-ਅੱਖਾਂ ਪ੍ਰਾਪਤ ਕਰਨ ਲਈ ਤੈਨੂੰ ਬਹੁਤ ਸਾਰੇ ਤਿਆਗ ਤੇ ਤਪੱਸਿਆ ਦੀ ਲੋੜ ਹੈ।

ਤੇ ਤਿਆਗ ਵਜੋਂ ਨਾਥੀ ਕੋਲੋਂ ਇਕਵੰਜਾ ਰੁਪਏ ਦੀ ਭੇਟਾ ਲੈ ਕੇ ਗੁਸਾਈਂ ਜੀ ਪਤਰਾ ਵਾਚ ਗਏ। ਤੇ ਤਪੱਸਿਆ ਵਜੋਂ ਉਨ੍ਹਾਂ ਨੇ ਨਾਥੀ ਨੂੰ ਇਕ ਚੌਤੁਕ ਮੰਤਰ ਯਾਦ ਕਰਾ ਦਿੱਤਾ ਜਿਹੜਾ ਹਰ ਸੰਗਰਾਂਦ ਦੀ ਰਾਤੀਂ ਮੰਤਰ ਜਾਪ ਕਰਦਿਆਂ ਜਾਗਾ ਕਰਨਾ ਹੋਵੇਗਾ। ਦੂਜਾ ਮੰਤਰ ਦਾ ਜਾਪ ਕਰਦਿਆਂ ਕੋਈ ਪਾਪ ਨਹੀਂ ਕਰਨਾ। ਪਰ ਸਭ ਨਿਸਫਲ। ਫਿਰ ਉਹ ਸੋਚਦਾ, ਕੀ ਪਤਾ ਮੈਥੋਂ ਅਨਜਾਣੇ ਵਿਚ ਕੋਈ ਪਾਪ ਹੋ ਗਿਆ ਹੋਵੇ"

ਇਸ ਵੇਲੇ ਗੁਸਾਈਂ ਜੀ ਤੇ ਓਸ ਮੰਤਰ ਬਾਰੇ ਸੋਚਦਿਆਂ ਉਸ ਦੀ ਸੋਚ ਉਸ ਹੱਦ ਤੱਕ ਜਾ ਪਹੁੰਚੀ—ਕਿਤੇ ਕਿਤੇ ਗੁਸਾਈਂ ਜੀ ਦੀ ਭਵਿਸ਼ਬਾਣੀ ਦਾ

ਕ੍ਰਿਤਕਾਰਜ ਹੋਣ ਦਾ ਸਮਾਂ ਤਾਂ ਨਹੀਂ ਆ ਪਹੁੰਚਿਆ? ਕਿਤੇ ਇਸ ਘਰ ਦੀ ਮਾਲਕਣ ਦੇਵੀ ਮਾਤਾ ਦੇ ਰੂਪ ਵਿਚ ਮੇਰਾ ਕਲਿਆਣ ਕਰਨ ਲਈ ਪ੍ਰਗਟ ਤਾਂ ਨਹੀਂ ਹੋਈ ?"

ਨਿਸਚਿਤ ਤੌਰ ਤੇ ਨਾਥੀ ਕਿਸੇ ਸਿਟੇ ਤੇ ਨਾ ਪਹੁੰਚ ਸਕਿਆ। ਪਰ ਇਕ ਗੱਲ ਦਾ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਇਸ ਘਰ ਦੀ ਮਾਲਕਣ ਕਿਸੇ ਦੇਵ ਲੋਕ ਵਾਸਣੀ ਤੋਂ ਘੱਟ ਨਹੀਂ।

ਏਥੇ ਕੁ ਪਹੁੰਚ ਕੇ ਉਸ ਦੀ ਚੇਤਨਾ ਨੇ ਇਕ ਨਵਾਂ ਮੋੜ ਲਿਆ ਕਿ ਮੈਂ ਇਸ ਦੇਵੀ ਮਾਤਾ ਕੋਲੋਂ ਕੁਝ ਵੀ ਲੁਕਾ ਕੇ ਨਹੀਂ ਰਖਾਂਗਾ।

ਤੇ ਏਸ ਸਿਟੇ ਤੇ ਪਹੁੰਚ ਕੇ ਨਾਥੀ ਦੇ ਮਨ ਦੀ ਕਸ਼ਮਕੱਸ ਦੂਰ ਹੋ ਗਈ। ਉਸ ਅੰਦਰ ਇਕ ਟਿਕਾਊ ਆ ਗਿਆ।

*****

## 25.

ਮਿਸ ਪ੍ਰੀਤਮ ਆਪਣੇ ਕਮਰੇ ਵਿਚ ਪੁਜੀ ਤਾਂ ਉਸਦੀ ਮਨੋਸਥਿਤੀ ਉਸ ਮੁਸਾਫਰ ਵਰਗੀ ਸੀ ਜਿਸ ਦੀ ਗੱਡੀ ਪਲੇਟਫਾਰਮ ਉਤੇ ਲੰਮੀ ਉਡੀਕ ਪਿਛੋਂ ਆਈ ਸੀ।

ਲੇਟਿਆਂ ਲੇਟਿਆਂ ਉਸ ਨੂੰ ਆਪਣੀ ਮੂਰਖਤਾ ਉਤੇ ਪਛਤਾਵਾ ਹੋਣ ਲਗਿਆ। ਖੂਹ ਵਿਚ ਛਾਲ ਮਾਰ ਕੇ ਉਹ ਸਾਰੇ ਕਲੇਸ਼ਾਂ ਤੋਂ ਛੁਟ ਜਾਂਦੀ। ਪਰ ਛੁੱਟੀਆਂ ਮੁਕਣ ਮਗਰੋਂ ਉਹੀ ਪਿਛਲੀਆਂ ਘਟਨਾਵਾਂ, ਓਹੀ ਉਸਤਾਦਨੀਆਂ ਦੀ ਬਦਸਲੂਕੀ ਤੇ ਓਹੀ ਹੈਡਮਿਸਟ੍ਰੈਸ ਦਾ ਉਸ ਨਾਲ ਪੱਖ-ਪਾਤੀ ਰਵੱਈਆ।

'ਪਰ ਡੁਲ੍ਹੇ ਬੇਰਾਂ ਦਾ ਅਜੇ ਵੀ ਕੀ ਵਿਗੜਿਆ ਏ। ਖੂਹ ਕਿਤੇ ਚਲਾ ਤਾਂ ਨਹੀਂ ਗਿਆ? ਤਾਂ ਬਸ ਠੀਕ ਹੈ। ਜਿਵੇਂ ਉਸਦੇ ਢਹਿ ਰਹੇ ਧੀਰਜ ਨੂੰ ਆਸਰਾ ਮਿਲ ਗਿਆ ਹੋਵੇ।

'ਪਰ ਨਾਥੀ ਵਿਚਾਰੇ ਦਾ ਕੀ ਬਣੇਗਾ? ਜੇ ਇੰਝ ਹੀ ਮੈਂ ਉਸ ਨੂੰ ਕੋਠੇ ਚਾੜ੍ਹ ਕੇ ਪੌੜੀ ਖਿੱਚ ਲੈਣੀ ਸੀ ਤਾਂ ਉਸ ਨੂੰ ਆਪਣੇ ਘਰ ਕਿਉਂ ਘਸੀਟ ਲਿਆਈ ?

ਨਾਥੀ ਬਾਰੇ ਸੋਚਦਿਆਂ ਉਸ ਦੇ ਉਖੜੇ ਮਨ ਵਿਚ ਟਿਕਾਓ ਆ ਜਾਂਦਾ-

"ਕੇਡਾ ਭੈੜਾ ਲਗਦਾ ਸੀ ਉਹ ਉਤੋਂ ਉਤੋਂ—ਕੇਡੀ ਨਫ਼ਰਤ ਸੀ ਮੈਨੂੰ ਉਸ ਤੋਂ। ਪਰ ਕੇਡਾ ਜ਼ੇਰਾ ਹੈ ਏਸ ਬੰਦੇ ਦਾ ਕਿ ਏਨੀ ਦੁਰਦਸ਼ਾ ਦੇ ਬਾਵਜੂਦ ਵੀ ਉਸ ਨੇ ਹਾਰ ਨਹੀਂ ਮੰਨੀ। ਮੇਰੀ ਦੁਰਦਸ਼ਾ ਤਾਂ ਉਸ ਦੇ ਟਾਕਰੇ ਕੁਝ ਵੀ ਨਹੀਂ। ਮੇਰੇ ਕੋਲ ਤਾਂ ਅੱਖਾਂ ਵੀ ਹੈ ਨੇ। ਫੇਰ ਵੀ ਏਡੀ ਥੋੜ੍ਹ ਦਿਲੀ ਨਿਕਲੀ । -ਨੌਕਰੀ ਹੀ ਛੁਟ ਜਾਏਗੀ ਨਾ। ਕਿਆਮਤ ਤਾਂ ਨਹੀਂ ਆ ਚਲੀ।

ਰਾਤ ਦੀ ਕਾਲੀ ਕੁਖੋਂ ਜਦ ਪਰਭਾਤ ਨੇ ਜਨਮ ਲਿਆ ਤਾਂ ਮਿਸ ਪ੍ਰੀਤਮ ਜਾਗ ਕੇ ਸਿਧੀ ਨਾਥੀ ਦੇ ਕਮਰੇ ਵਲ ਗਈ। ਪਰ ਨਾਥੀ ਉਥੇ ਨਹੀਂ ਸੀ। ਸਾਰਾ ਦਿਨ ਉਹ ਉਸ ਨੂੰ ਉਡੀਕਦੀ ਰਹੀ। ਉਸ ਲਈ ਰੋਟੀ ਵੀ ਬਣਾਈ। ਪਰ ਸਵੇਰ ਤੇ ਦੁਪਹਿਰ ਉਸਦੀ ਉਡੀਕਦਿਆਂ ਹੀ ਲੰਘੀ।

ਸ਼ਾਮੀ ਨਾਥੀ ਡਾਢਾ ਥੱਕਾ ਟੁੱਟਾ ਤੇ ਗੰਮਗੀਨ ਘਰ ਅਪੜਿਆ। ਮਿਸ ਪ੍ਰੀਤਮ ਨੇ ਉਸ ਤੇ ਸੁਆਲਾਂ ਦੀ ਬੁਛਾੜ ਸ਼ੁਰੂ ਕਰ ਦਿੱਤੀ।

"ਕੀ ਦਸਾਂ ਬੀਬੀ ਜੀ। ਪਤਾ ਨਹੀਂ ਮਕਾਨ ਦੇ ਮਾਲਕਾਂ ਨੂੰ ਕੀ ਹੋ ਗਿਐ। ਉਨ੍ਹਾਂ ਭਾਣੇ ਸਾਰੀ ਦੁਨੀਆਂ ਹੀ ਲੁੱਚਿਆਂ ਬਦਮਾਸ਼ ਨਾਲ ਭਰੀ ਪਈ ਏ। ਡਾਢਾ ਹੀ ਦਿਲ ਹੁੱਸੜ ਗਿਆ ਏ ਏਹਨਾ ਲੋਕਾਂ ਤੋਂ। ਜੀ ਕਰਦੈ_

ਮਿਸ ਪ੍ਰੀਤਮ ਨੂੰ ਲਗਿਆ ਜਿਵੇਂ ਨਾਥੀ ਨਹੀਂ ਉਹ ਆਪ ਹੀ ਬੋਲ ਰਹੀ ਹੋਵੇ।

"ਪਰ ਕੇਹੜੀ ਏਡੀ ਲਾਚਾਰੀ ਸੀ ਤੈਨੂੰ ਮਕਾਨ ਢੂੰਡਣ ਦੀ ਝੱਲਿਆ। ਜੇ ਚਾਰ ਦਿਨ ਇਥੇ ਟਿਕਿਆ ਰਹੇਂਗਾ ਤਾਂ ਕਮਰੇ ਦੀਆਂ ਕੰਧਾਂ ਤਾਂ ਨਹੀਂ ਘੱਸ ਜਾਣਗੀਆਂ। ਕੁਝ ਖਾਧਾ ਪੀਤਾ ਹੈ ਕਿ ਭੁੱਖਣ ਭਾਣਾ ਏ ਸਵੇਰ ਦਾ।

ਮਿਸ ਪ੍ਰੀਤਮ ਦਾ ਮਾਂ ਵਾਲਾ ਸਨੇਹ ਨਾਥੀ ਨੂੰ ਮੋਹ ਗਿਆ ਜਿਵੇਂ ਕਹਿ ਰਿਹਾ ਹੋਵੇ—ਓ ਮਮਤਾ ਦੀ ਮੂਰਤੀ ਮੈਂ ਤੇਰਾ ਕੀ ਲਗਦਾ ਹਾਂ ਜੁ ਮੇਰੀ ਚਿੰਤਾ ਵਿਚ ਤੂੰ ਬੇਚੈਨ ਹੋ ਰਹੀ ਹੈ?

ਨਾਥੀ ਦੀ ਚੁਪ ਨੇ ਦੱਸ ਦਿੱਤਾ ਕਿ ਉਹ ਸਵੇਰ ਦਾ ਭੁੱਖਾ ਭਾਣਾ ਹੈ।

'ਮੂਰਖ਼ਾਂ' ਦੇ ਸਿਰ ਸਿੰਗ ਹੁੰਦੇ ਨੇ? ਬੇਅਕਲ ਕਿਸੇ ਥਾਂ ਦਾ। ਲੇਟ ਜਾਹ। ਮੈਂ ਲਿਆਉਨੀਆਂ ਫੁਲਕਾ ਪਕਾ ਕੇ ਤੇ ਇਹ ਕਹਿੰਦੀ ਮਿਸ ਪ੍ਰੀਤਮ ਕਮਰੇ ਚੋਂ ਬਾਹਰ ਨਿਕਲ ਗਈ।

*****

# 26.

ਜਦੋਂ ਤੋਂ ਨਾਥੀ ਨੂੰ ਮਿਸ ਪ੍ਰੀਤਮ ਦੇ ਘਰ ਵਿਚ ਆਸਰਾ ਮਿਲਿਆ, ਦਿਨੋਂ ਦਿਨ ਉਹ ਉਸ ਦੇ ਅਹਿਸਾਨਾਂ ਥਲੇ ਦਬਦਾ ਜਾ ਰਿਹਾ ਸੀ। ਪਰ ਉਹ ਉਸ ਵਿਅਕਤੀ ਦੇ ਜੀਵਨ ਬਾਰੇ ਜਾਣਨਾ ਚਾਹੁੰਦਿਆਂ ਹੋਇਆਂ ਵੀ ਪੁਛਣ ਦੀ ਹਿੰਮਤ ਨਾ ਕਰ ਸਕਦਾ।

ਨਾਥੀ ਇਕ ਹਫ਼ਤੇ ਤੋਂ ਮਿਸ ਪ੍ਰੀਤਮ ਦੇ ਘਰ ਵਿਚ ਰਹਿ ਰਿਹਾ ਸੀ। ਉਹ ਅਕਸਰ ਸੋਚਦਾ ਰਹਿੰਦਾ ਕਿ ਉਹ 'ਬੀਬੀ ਜੀ ਦੇ ਉਪਕਾਰ ਦਾ ਬਦਲਾ ਚੁਕਾਣ ਵਿਚ ਕਿਵੇਂ ਸਫ਼ਲ ਹੋ ਸਕੇ। ਮਤੇ ਮੇਰਾ ਇਥੇ ਰਹਿਣਾ ਤੇ ਮੇਰੀ ਰੋਟੀ ਦਾ ਭਾਰ ਬੀਬੀ ਜੀ ਉਤੇ ਬੋਝ ਪਾਂਦਾ ਹੋਵੇ।

ਪਰ ਇਕੋ ਹਫ਼ਤੇ ਦੀ ਸਾਂਝ ਨੇ ਦੋਹਾਂ ਵਿਚੋਂ ਓਪਰੇਪਣ ਦੀ ਕੰਧ ਕਾਫ਼ੀ ਹਦ ਤਕ ਡੇਗ ਦਿੱਤੀ। ਮਿਸ ਪ੍ਰੀਤਮ ਨੇ ਆਤਮ ਹਤਿਆ ਦਾ ਇਰਾਦਾ ਤਰਕ ਕਰ ਦਿੱਤਾ। ਉਸਨੂੰ ਆਪਣੀ ਹਨੇਰੀ ਜ਼ਿੰਦਗੀ ਵਿਚ ਟਟਹਿਣਾ ਜਿਨਾ ਚਾਨਣ ਜੋ ਮਿਲ ਗਿਆ ਸੀ। ਆਪਣੀ ਨਿਰਾਰਥਕ ਜ਼ਿੰਦਗੀ ਕੁਝ ਕੁਝ ਸਾਰਥਕ ਬਣਦੀ ਨਜ਼ਰ ਆ ਰਹੀ ਸੀ। ਜਦੋਂ ਵੀ ਨਾਥੀ ਭਰੜਾਈ ਆਵਾਜ਼ ਤੇ ਛਲਕਦੀਆਂ ਅੱਖਾਂ ਨਾਲ ਉਸ ਦੀ ਸਿਫਤ ਕਰਦਾ, ਉਸ ਦੇ ਮਨ ਨੂੰ ਸ਼ਾਂਤੀ ਮਿਲਦੀ। ਪਰ ਹਕੀਕਤ ਇਹ ਸੀ ਕਿ ਦੋਹਾਂ ਦੀ ਜ਼ਿੰਦਗੀ ਸੂਨ (0) ਦੇ ਘੇਰੇ ਵਿਚੋਂ ਨਿਕਲ ਕੇ ਇਕ ਪ੍ਰਸ਼ਨ ਚਿੰਨ੍ਹ (?) ਦਾ ਰੂਪ ਧਾਰਨ ਕਰਦੀ ਜਾ ਰਹੀ ਸੀ। ਉਨ੍ਹਾਂ ਅੰਦਰਲਾ 'ਕੁਝ' ਨਹੀਂ ਜਿਵੇਂ 'ਕੁਝ' ਵਿਚ ਬਦਲਦਾ ਜਾ ਰਿਹਾ ਸੀ।

ਨਾਥੀ ਅਕਸਰ ਆਪਣੇ ਕਮਰੇ ਦਾ ਬੂਹਾ ਬੰਦ ਕਰਕੇ ਅੰਦਰੋਂ ਚਿਟਕਣੀ ਚੜ੍ਹਾ ਛਡਦਾ ਸੀ। ਮਿਸ ਪ੍ਰੀਤਮ ਨੇ ਇਕ ਅੱਧ ਵਾਰੀ ਉਸ ਨੂੰ ਟੋਕਿਆ ਵੀ ਪਰ ਨਾਥੀ ਨੇ ਉਸਦੀ ਤੱਸਲੀ ਕਰਾ ਦਿੱਤੀ ਕਿ ਉਸਨੂੰ ਗਰਮੀ ਨਹੀਂ ਲਗਦੀ।

ਫਿਰ ਇਕ ਦਿਨ ਜਦੋਂ ਨਾਥੀ ਦਰਵਾਜ਼ਾ ਬੰਦ ਕਰਨ ਲਗਾ ਤਾਂ ਮਿਸ ਪ੍ਰੀਤਮ ਉਸ ਦੇ ਕਮਰੇ ਵਿਚ ਜਾ ਪਹੁੰਚੀ। ਕਮਰੇ ਦੇ ਵਿਚਕਾਰ ਇਕ ਪੁਰਾਣੇ ਪੀਪੇ ਨੂੰ ਡੈਸਕ ਬਣਾ ਕੇ ਨਾਥੀ ਨੇ ਉਸ ਉਤੇ ਇਕ ਬੋਰਡ ਤੇ ਕਾਗਜ਼ ਰਖੇ ਹੋਏ ਸਨ। ਇਸੇ ਬੋਰਡ ਉਤੇ ਪਿੱਤਲ ਦੀ ਇਕ ਚੌਨੁਕਰੀ ਪਲੇਟ ਦੇ ਥਲੇ ਇਕ ਕਾਗਜ਼ ਫਿੱਟ ਕੀਤਾ ਹੋਇਆ ਸੀ। ਕਲਮ ਵਰਗੀ ਇਕ ਚੀਜ਼ ਨਾਥੀ ਦੇ ਹੱਥ ਵਿਚ ਸੀ ਜਿਹੜੀ ਪੈਨ ਜਾਂ ਪੈਨਸਲ ਵਾਂਗ ਨਹੀਂ ਸੀ। ਇਸ ਨਾਲ ਨਾਥੀ ਕਾਗਜ਼ ਉਤੇ ਟਿਮਕਣੇ ਜਿਹੇ ਵਾਹ ਰਿਹਾ ਸੀ।

"ਇਹ ਕੀ ਖਿਲਾਰਾ ਪਾਈ ਬੈਠਾ ਏ ਨਾਥੀ? ਉਥੇ ਖਿਲਰੇ ਕਾਗਜ਼ਾਂ ਵਲ ਵੇਖ ਕੇ ਮਿਸ ਪ੍ਰੀਤਮ ਨੇ ਪੁਛਿਆ।

ਇਹ ਮੇਰੇ ਲਿਖਣ ਪੜ੍ਹਨ ਦਾ ਸਾਮਾਨ ਹੈ ਬੀਬੀ ਜੀ। ਨਾਥੀ ਨੇ ਉੱਤਰ ਦਿੱਤਾ। ਤੁਸੀਂ ਬੀਬੀ ਜੀ. ਸੋਚਦੇ ਪਏ ਜੋ ਕਿ ਮੈਂ ਝੂਠ ਬੋਲ ਰਿਹਾ ਆਂ? ਇਹ ਜਿਹੜਾ ਕਾਗਜ਼ ਤੁਹਾਡੇ ਹੱਥ ਵਿਚ ਏ ਇਸ ਉਤੇ ਵਾਹੇ ਟਿਮਕਣੇ ਹੀ ਮੇਰੀ ਲਿਖਤ ਏ। ਵੇਖਣ ਨੂੰ ਇਹ ਕਾਗਜ਼ ਕੋਰਾ ਲਗਦਾ ਏ ਪਰ ਅੰਨ੍ਹਿਆਂ ਦੇ ਲਿਖਣ ਤੇ ਪੜ੍ਹਨ ਵਾਲੀ ਇਹ 'ਬਰੇਲ ਲਿੱਪੀ' ਏ। ਇਕ ਫਰਾਂਸੀਸੀ 'ਲੂਈ ਬਰੇਨ ਨੇ ਇਸ ਲਿਪੀ ਨੂੰ ਈਜਾਦ ਕੀਤਾ ਸੀ ਜਿਹੜਾ ਆਪ ਵੀ ਜਮਾਂਦਰੂ ਅੰਨ੍ਹਾ ਸੀ।

ਭੌਚਕ ਕੇ ਰਹਿ ਗਈ ਮਿਸ ਪ੍ਰੀਤਮ। ਉਹ ਨਾਥੀ ਦੇ ਇਸ ਰਹੱਸ ਨੂੰ ਜਾਣ ਕੇ ਹੈਰਾਨ ਹੋ ਰਹੀ ਸੀ ਕਿ ਉਹ ਬਰੇਲ ਸਿਸਟਮ ਅਨੁਸਾਰ ਪੜ੍ਹ ਲਿਖ ਸਕਦਾ ਏ। ਨਾਲੇ ਟਿਮਕਣਿਆਂ ਦੀ ਵੀ ਕੋਈ ਲਿਪੀ ਹੋ ਸਕਦੀ ਏ।

'ਤੁਹਾਨੂੰ ਸ਼ਾਇਦ ਪਤਾ ਨਹੀਂ ਬੀਬੀ ਜੀ, ਬਰੇਲ ਲਿਪੀ ਸਾਰੀ ਦੁਨੀਆਂ ਵਿਚ ਪ੍ਰਚਲਤ ਏ। ਇਸ ਲਿਪੀ ਨੂੰ ਇਕ ਅੰਨ੍ਹਾ ਵੀ ਸੁਜਾਖਿਆਂ ਵਾਂਗ ਪੜ੍ਹ ਸਕਦਾ ਏ। ਸਾਡੇ ਦੇਸ਼ ਵਿਚ ਵੀ ਕਈ ਅੰਧ ਵਿਦਿਆਲੇ ਹਨ ਜਿਥੇ ਬਾਕਾਇਦਾ ਤੌਰ ਤੇ ਇਸ ਦੀ ਪੜ੍ਹਾਈ ਹੁੰਦੀ ਏ। ਇਸ ਦੀ ਮਦਦ ਨਾਲ ਕਈਆਂ ਮੇਰੇ ਵਰਗਿਆਂ ਨੇ ਕੋਰਸ ਪਾਸ ਕੀਤੇ ਹਨ। ਕਈ ਅਖ਼ਬਾਰ ਤੇ ਰਸਾਲੇ ਇਸ ਲਿਪੀ ਵਿਚ ਛਪਦੇ ਨੇ।

ਨਾਥੀ ਨੇ ਫਿਰ ਕਹਿਣਾ ਸ਼ੁਰੂ ਕੀਤਾ। 'ਤੁਸੀਂ ਸੋਚਦੇ ਹੋਵੋਗੇ ਕਿ ਕਿੰਝ ਨਿਰੇ ਟਿਮਕਣਿਆਂ ਨਾਲ ਲਿੱਪੀ ਦਾ ਕੰਮ ਸਰ ਸਕਦਾ ਏ? ਇਹੋ ਤੇ ਕਰਾਮਾਤ ਏ।

ਕੇਵਲ ਛੇ ਟਿਮਕਣਿਆਂ ਦੀ ਅਦਲਾ ਬਦਲੀ ਨਾਲ 63 ਆਵਾਜ਼ਾਂ ਬਣ ਜਾਂਦੀਆਂ ਨੇ।

'ਪਰ ਤੂੰ ਪਹਿਲਾਂ ਤਾਂ ਇਸ ਬਾਰੇ ਕਦੀ ਜ਼ਿਕਰ ਨਹੀਂ ਕੀਤਾ ਨਾਥੀ।"

"ਜਾਣ ਕੇ ਹੀ ਇਹ ਮੈਂ ਤੁਹਾਥੋਂ ਲੁਕਾਈ ਰਖਿਆ ਸੀ ਬੀਬੀ ਜੀ। ਮੈਂ ਸੋਚਿਆ ਜ਼ਰਾ ਹੋਰ ਮਿਹਨਤ ਕਰਕੇ ਫੇਰ ਕਿਸੇ ਦਿਨ ਦਸਾਂਗਾ"

'ਅਹਿ ਜਿਹੜੀ ਏਨੀ ਮੀਨ ਮੇਖ ਕਰਦਾ ਰਹਿਨੈ ਇਹ ਤੂੰ ਲਿਖਦਾ ਕੀ ਹੁੰਨਾ ਏ ?

ਮੈਨੂੰ ਕੁਝ ਤੁਕਾਂ ਜੋੜਨ ਦਾ ਵੀ ਠਰਕ ਜਿਹਾ ਏ। ਏਸੇ ਠਰਕ ਨੇ ਮੈਨੂੰ ਬਰੇਲ ਲਿਖਣ ਲਈ ਮਜ਼ਬੂਰ ਕੀਤਾ ਸੀ। ਸਬੱਬ ਨਾਲ ਇਕ ਵਾਰੀ ਮੰਦਰ ਵਿਚ ਇਕ ਨਾਬੀਨਾ ਉਪਦੇਸ਼ਕ ਆ ਨਿਕਲਿਆ.

ਜੇਹੜਾ ਬਰੇਲ ਜਾਣਦਾ ਸੀ। ਓਸੇ ਦੀ ਕਿਰਪਾ ਨਾਲ ਮੈਨੂੰ ਇਹ ਹੁਨਰ ਆਇਆ।"

"ਤਾਂ ਇਸ ਦਾ ਮਤਲਬ ਏ ਕਿ ਇਹ ਸਾਰੀ ਤੂੰ ਕਵਿਤਾ ਈ ਲਿਖ ਲਿਖ ਰਖੀ ਜਾਨਾ ਏ।

'ਸਾਰੀ ਨਹੀਂ, ਬੀਬੀ ਜੀ। ਵਾਰਤਕ ਵੀ ਕਾਫ਼ੀ ਲਿਖਦਾ ਹਾਂ।"

'ਹੱਛਾ ਭਲਾ ਆਪਣੀ ਕੋਈ ਕਵਿਤਾ ਤਾਂ ਸੁਣਾ।"

ਨਾਥੀ ਨੇ ਕਾਗਜ਼ ਉਤੇ ਉਂਗਲ ਫੇਰਦਿਆਂ ਪੜ੍ਹਨਾ ਸ਼ੁਰੂ ਕੀਤਾ :

'ਕੌਣ ਕਿਸੇ ਦਾ ਦਰਦੀ ਜ਼ਿੰਦੇ,

ਕੌਣ ਕਿਸੇ ਦਾ ਦਰਦੀ।

ਦਿਲ ਦਾ ਮਹਿਰਮ ਕੋਈ ਨਾ ਮਿਲਿਆ

ਜੋ ਮਿਲਿਆ ਸੋ ਗਰਜ਼ੀ ਜਿੰਦੇ ਕੌਣ ਕਿਸੇ ਦਾ ਦਰਦੀ।

ਕਿਉਂ ਪਈ ਗੋਤੇ ਖਾਵੇਂ ਅੜੀਏ ਕਿਉਂ ਪਈ ਰੱਤ ਸੁਕਾਵੇਂ ਅੜੀਏ ਚਾਰ ਦਿਨਾਂ ਦੀ ਗੱਲ ਹੈ ਸਾਰੀ ਸਹਿ ਲੈ ਗਰਮੀ ਸਰਦੀ ਕੌਣ ਕਿਸੇ ਦਾ ਦਰਦੀ ।

”ਸ਼ਾਬਾਸ਼" ਉਸ ਨੇ ਨਾਥੀ ਦਾ ਮੋਢਾ ਥਾਪੜਿਆ-ਤੂੰ ਤਾਂ ਸੱਚੀ, ਘੜੇ ਜਿੱਡਾ ਮੋਤੀ ਨਿਕਲਿਓ
ਨਾਥੀ।

ਨਾਥੀ ਦਾ ਸ਼ੁਕਰਗੁਜ਼ਾਰੀ ਵਿਚ ਸਿਰ ਝੁਕ ਗਿਆ।

*****

## 27.

ਮਿਸ ਪ੍ਰੀਤਮ ਦੇ ਜੀਵਨ ਵਿਚ ਦਿਨ ਪ੍ਰਤੀ ਦਿਨ ਪਰਿਵਰਤਨ ਆਣ ਲਗ ਪਿਆ। ਇਸ ਪਰਿਵਰਤਨ ਦਾ ਕਾਰਨ ਕੇਵਲ ਨਾਥੀ ਸੀ ਜਿਸ ਦੀ ਆਮਦ ਨੇ ਉਸ ਨੂੰ ਜੀਵਨ ਵਲ ਮੋੜ ਲਿਆਂਦਾ ਸੀ।

ਨਾਥੀ ਦੇ ਆਣ ਨਾਲ ਮਿਸ ਪ੍ਰੀਤਮ ਨੂੰ ਜ਼ਿੰਦਗੀ ਨਾਲ ਮੋਹ ਜਾਗ ਉਠਿਆ। ਉਸਦਾ ਮਨ ਜਦੋਂ ਵੀ ਢਹਿੰਦੀਆਂ ਕਲਾਂ ਵਲ ਜਾਣ ਲਗਦਾ, ਤਾਂ ਨਾਥੀ ਦੀ ਮਿਸਾਲ ਉਸ ਦੇ ਸਾਹਮਣੇ ਆ ਖਲ੍ਹਦੀ। 'ਮੇਰੇ ਵਲ ਵੇਖ ਨੀ ਥੋੜ ਦਿਲੀਏ."।

ਪਰ ਜਿਉਂ ਹੀ ਛੁੱਟੀਆਂ ਮੁਕਣ ਦਾ ਧਿਆਨ ਮਿਸ ਪ੍ਰੀਤਮ ਨੂੰ ਆਣ ਲਗਿਆ। ਉਸ ਦਾ ਸਾਹ ਸੱਤ, ਮੁਕ ਜਾਂਦਾ। ਉਹ ਖ਼ਿਆਲ ਵਾਰ ਵਾਰ ਉਸ ਨੂੰ ਆਣ ਘੇਰਾ ਪਾਂਦੇ।

ਦੂਜੇ ਪਾਸੇ, ਨਾਥੀ ਨੂੰ ਬਰੇਲ ਲਿਖਾਈ ਹੱਥੋਂ ਵਿਹਲ ਨਹੀਂ ਸੀ। ਉਸ ਦਾ ਇਕੋ ਇਕ ਸੁਪਨਾ ਸੀ ਕਿ ਉਹ ਕੁਝ ਪੈਸੇ ਜੋੜ ਕੇ ਬਰੇਲ ਦਾ ਟਾਈਪਰਾਈਟਰ ਖਰੀਦੇ ਤੇ ਬਰੇਲ ਦਾ ਸਕੂਲ ਖੋਲ੍ਹੇ। ਪਰ ਪੈਸੇ ਦੀ ਘਾਟ ਅੱਗੇ ਉਸ ਨੂੰ ਪੇਸ਼ ਜਾਂਦੀ ਨਾ ਦਿਸਦੀ। ਇਸ ਲਈ ਉਸ ਨੇ ਦਿਨ ਰਾਤ ਮਿਹਨਤ ਕਰਕੇ ਬਰੇਲ ਦੀ ਲਿਖਾਈ ਤੇ ਪੜ੍ਹਾਈ ਵਿਚ ਮੁਹਾਰਤ ਹਾਸਲ ਕੀਤੀ। ਕਈ ਥਾਵਾਂ ਤੇ ਉਸ ਨੇ ਨੌਕਰੀ ਲਈ ਅਰਜ਼ੀਆਂ ਦਿਤੀਆਂ ਹੋਈਆਂ ਸਨ।

ਮਿਸ ਪ੍ਰੀਤਮ ਇਹ ਸਭ ਕੁਝ ਨਾਥੀ ਦੀ ਆਪਣੀ ਜ਼ਬਾਨੀ ਜਾਣ ਕੇ ਬੜੀ ਹੈਰਾਨ ਹੋਈ। ਨਾਥੀ ਨੇ ਆਪਣੀ ਬੀਬੀ ਜੀ ਨੂੰ ਇਹ ਵੀ ਦਸਿਆ ਕਿ ਉਹ ਲੋਕਾਂ ਦਾ ਸਤਾਇਆ ਹੋਇਆ ਜ਼ਿੰਦਗੀ ਤੋਂ ਤੰਗ ਆ ਕੇ ਉਸ ਰਾਤ ਆਤਮ ਹਤਿਆ ਕਰਨ ਲਈ ਗਿਆ ਸੀ। ਪਰ ਇਕ ਹਨੇਰਾ, ਦੂਜਾ ਝੱਖੜ ਮੀਂਹ ਤੇ ਤੀਜਾ ਅੰਨ੍ਹਾ

ਹੋਣ ਕਾਰਨ ਉਸ ਨੂੰ ਖੂਹ ਨਾ ਲਭਿਆ ਤੇ ਉਸੀ ਹਾਲਤ ਵਿਚ ਉਹ ਰਾਹ ਵਿਚ ਡਿਗ ਪਿਆ। ਸਵੇਰੇ ਮਿਸ ਪ੍ਰੀਤਮ ਜਦੋਂ ਉਸ ਨੂੰ ਆਪਣੇ ਘਰ ਲੈ ਆਈ ਤਾਂ ਉਸਦੇ ਜੀਵਨ ਨੇ ਨਵਾਂ ਮੋੜ ਲਿਆ। ਕਿਸੇ ਦੀ ਹਮਦਰਦੀ, ਸੇਵਾ ਤੇ ਕੁਰਬਾਨੀ ਨੂੰ ਉਸ ਦਾ ਰੋਮ ਰੋਮ ਅਨੁਭਵ ਕਰ ਰਿਹਾ ਸੀ। ਇਸੇ ਕਰਕੇ ਉਹੀ ਛੇਤੀ ਤੋਂ ਛੇਤੀ ਆਪਣੇ ਪੈਰਾਂ ਤੇ ਖਲੋ ਕੇ ਆਪਣੀ ਦੇਵੀ ਬੀਬੀ ਜੀ ਦਾ ਭਾਰ ਵੰਡਾਣਾ ਚਾਹੁੰਦਾ ਸੀ।

ਮਿਸ ਪ੍ਰੀਤਮ ਨਾਥੀ ਦੀ ਜ਼ਬਾਨੀ ਇਹ ਸਭ ਕੁਝ ਜਾਣ ਕੇ ਹੈਰਾਨ ਰਹਿ ਗਈ। ਕੁਦਰਤ ਦਾ ਕਿਹਾ ਇਤਫ਼ਾਕ ਕਿ ਦੋਵੇਂ ਜੀਅ ਦੁਨੀਆਂ ਦੇ ਸਤਾਏ ਹੋਏ ਉਸੀ ਦਿਨ ਆਤਮ ਹੱਤਿਆ ਕਰਨ ਲਈ ਨਿਕਲੇ ਸਨ। ਕਿਤਨਾ ਅਚੰਭਿਤ ਇਤਫ਼ਾਕ ਸੀ ਇਹ ਕਿ ਆਪੋ ਆਪਣੇ ਜਿਸ ਰਹੱਸ ਨੂੰ ਦੋਵੇਂ ਇਕ ਦੂਜੇ ਪਾਸੋਂ ਲੁਕਾਈ ਚਲੇ ਜਾ ਰਹੇ ਸਨ, ਉਹ ਰਹੱਸ ਦੋਹਾਂ ਤੇ ਇਕੋ ਸਮੇਂ ਹੀ ਖੁਲਿਆ। ਏਸੇ ਲਈ ਸਿਆਣੇ ਕਹਿੰਦੇ ਨੇ, "ਦਿਲਾਂ ਨੂੰ ਦਿਲਾਂ ਦੀ ਰਾਹ ਹੁੰਦੀ ਹੈ।

ਮਿਸ ਪ੍ਰੀਤਮ ਨਾਥੀ ਦੀ ਹਿੰਮਤ ਦੀ ਦਾਦ ਦੇ ਰਹੀ ਸੀ, ਪਰ ਨਾਲ ਹੀ ਉਸ ਤੇ ਗਿਲਾ ਵੀ ਕਰ ਰਹੀ ਸੀ ਕਿ ਉਸ ਨੇ ਇਹ ਸਭ ਕੁਝ ਉਸਨੂੰ ਪਹਿਲਾਂ ਕਿਉਂ ਨਹੀਂ ਦਸਿਆ।

ਮੈਂ-ਮੈਂ ਸੋਚਿਆ, ਜੇ ਮੈਂ ਨੌਕਰੀ ਲਭਣ ਵਿਚ ਕਾਮਯਾਬ ਨਾ ਹੋ ਸਕਿਆ ਤਾਂ ਕਿਤੇ ਤੁਹਾਡੀਆਂ ਨਜ਼ਰਾਂ ਵਿਚ ਹੌਲਾ ਨਾ ਹੋ ਜਾਵਾਂ। ਜਿਸ ਦਿਨ ਮੈਂ ਤੁਹਾਡੇ ਘਰ ਵਿਚ ਆ ਟਿਕਿਆ ਸਾਂ ਉਦੂੰ ਅਗਲੇ ਦਿਨ ਮੈਨੂੰ ਭਰਮ ਹੋ ਗਿਆ ਸੀ ਜਿਵੇਂ ਤੁਸੀਂ ਕਿਸੇ ਦੇ ਹੱਥੋਂ ਸਤਾਏ ਹੋਏ ਜੇ। ਫਿਰ ਰਾਤੀਂ ਸੁਤਿਆਂ ਤੁਸੀਂ ਏਨਾ ਬਰੜਾਂਦੇ, ਜਿਸ ਨੂੰ ਸੁਣ ਕੇ ਮੈਂ ਫਾਵੀ ਹੋ ਉਠਦਾ ਹਾਂ। ਤਦ ਮੇਰਾ ਜੀ ਕਰਦਾ ਏ। ਮੈਂ ਆਪਣੀ ਜਾਨ ਦੇ ਕੇ ਵੀ ਤੁਹਾਡੇ ਕਿਸੇ ਕੰਮ ਆ ਸਕਾਂ। ਸੋ ਉਦੋਂ ਤੋਂ ਹੀ ਮੈਂ ਦਿਨ ਰਾਤ ਇਕ ਕਰਕੇ ਬਰੇਲ ਉਤੇ ਬਹੁਤ ਮਿਹਨਤ ਕੀਤੀ ਏ।

ਮਿਸ ਪ੍ਰੀਤਮ ਨੂੰ ਨਾਥੀ ਦੀਆਂ ਗੱਲਾਂ ਦਾ ਯਕੀਨ ਹੋ ਗਿਆ। ਉਸ ਨੂੰ ਵਿਸ਼ਵਾਸ ਹੋ ਗਿਆ ਕ ਜੇਕਰ ਉਸਦੀ ਨੌਕਰੀ ਛੁੱਟ ਗਈ ਤਾਂ ਨਾਥੀ ਆਪਣੀ ਯੋਗਤਾ ਅਨੁਸਾਰ ਮਿਸ ਪ੍ਰੀਤਮ ਦੇ ਭਵਿੱਖਤ = ਸੁਰੱਖਿਅਤ ਬਨਾਣ ਲਈ ਹੀ ਇਹ ਸਭ ਕੁਝ ਕਰ ਰਿਹਾ ਏ।

ਉਹ ਨਾਥੀ ਦੇ ਵਿਚਾਰਾਂ ਵਿਚ ਇੰਨੀ ਡੂੰਘੀ ਉਤਰ ਗਈ ਕਿ ਉਸ ਨੂੰ ਪਤਾ ਈ ਨਾ ਲਗਾ ਕਿ ਦੋਂ ਉਸ ਦੇ ਹੱਥ ਨਾਥੀ ਦੇ ਸਿਰ, ਮੂੰਹ ਮੱਥੇ ਉਤੇ ਫਿਰਨ ਲਗ ਪਏ।

*****

## 28.

ਭਲਕੇ ਸਕੂਲ ਖੁਲ੍ਹਣਾ ਹੈ। ਇਸ ਵਿਚਾਰ ਨੇ ਮਿਸ ਪ੍ਰੀਤਮ ਦਾ ਸਾਰਾ ਅਮਨ ਚੈਨ ਭੰਗ ਕਰ ਦਿੱਤਾ। ਜਿਵੇਂ ਕਲ੍ਹ ਫਿਰ ਉਸ ਨੂੰ ਉਸੇ ਦੋਜ਼ਖ ਦੀ ਭੱਠੀ ਵਿਚ ਝੁਕਣਾ ਪਵੇਗਾ ਜਿਸ ਦੇ ਸੇਕ ਨੇ ਉਸ ਦਾ ਤਨ ਮਨ ਝੁਲਸਾ ਰਖਿਆ ਹੈ। ਮੁੜ ਉਹੀ ਮਨਹੂਸ ਸ਼ਕਲ, ਮੁੜ ਉਹੀ ਤਿਉੜੀਆਂ ਚੜ੍ਹਾਂਦੇ ਮੱਥੇ ਤੇ ਵਿਅੰਗ ਉਛਾਲਦੇ ਚਿਹਰੇ।

ਰਾਤ ਉਸ ਜਾਗਦਿਆਂ ਹੀ ਅੱਖਾਂ ਵਿਚ ਕਟ ਦਿਤੀ। ਛੱਤ ਉਤੇ ਮੰਜੀ ਡਾਹ ਕੇ ਲੇਟੀ ਉਹ ਤਾਰਿਆਂ ਵਲ ਵੇਖਦੀ ਰਹੀ। ਪਰ ਇਹ ਤਾਰੇ ਇਸ ਵੇਲੇ ਉਸ ਦੇ ਸਾਹਮਣੇ ਵੱਖ ਵੱਖ ਸ਼ਕਲਾਂ ਬਣ ਕੇ ਪਾਤਰਾਂ ਦੇ ਰੂਪ ਵਿਚ ਉਭਰ ਰਹੇ ਸਨ ਤੇ ਉਹ ਹਰ ਪਾਤਰ ਉਤੇ ਪੜਚੋਲ ਤੇ ਟੀਕਾ-ਟਿਪਣੀ ਕਰ ਰਹੀ ਸੀ।

ਸਭ ਤੋਂ ਪਹਿਲਾਂ ਹੈਡਮਿਸਟ੍ਰੈਸ ਦਾ ਫਰੇਬੀ ਚਿਹਰਾ ਉਸਦੀਆਂ ਅੱਖਾਂ ਸਾਹਮਣੇ ਆਇਆ।

"ਪਾਖੰਡਾਂ ਪਿੱਟੀ! ਬਣੀ ਫਿਰਦੀ ਏ ਵਡੀ ਪੜ੍ਹਾਵੀ । ਨੌ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚਲੀ। ਜੂਠ ਚਾਰ ਜਹਾਨ ਦੀ। ਪਹਿਲਾਂ ਤਾਂ ਬੜਾ ਹੇਜ ਜਿਤਾਂਦੀ ਸੀ। ਹੁਣ ਭਠਿਆਰਨਾਂ ਵਾਂਗ ਮਿਹਣੇ ਦੇਣ ਲਗੀ ਏ। ਛੱਜ ਤਾਂ ਬੋਲੇ, ਛਾਨਣੀ ਕੀ ਬੋਲੇ, ਜਿਸ ਨੂੰ ਆਪ ਨੌਂ ਸੌ ਛੇਕ ਹੋਣ_ "

ਤੇ ਫੇਰ ਮਾਮੇ ਦਾ ਦੰਭੀ ਚਿਹਰਾ ਉਸ ਮੂਹਰੇ ਉਭਰ ਆਇਆ।

'ਮਾਮਾ! ਮਾਮਾ ਨਾ ਨਾਲੇ ਸੁਆਹ ਦਾ ਬੁੱਕ। ਇਹੋ ਜਿਹੇ ਰਿਸ਼ਤੇਦਾਰ ਨੂੰ ਕਿਸੇ ਨੇ ਵੱਢ ਕੇ ਨੀਂਹ ਹੇਠ ਦੇਣਾ ਹੋਇਆ। ਅਮੀਰ ਮਾਮੇ ਦੇ ਘਰ ਭਣੇਵੀਂ ਲਈ

ਖੰਨਾ ਚੁੱਪਾ ਟੁਕਰ ਵੀ ਨਹੀਂ। ਉਪਰੋਂ ਜਿਵੇਂ ਭਣੇਵੀਂ ਦੇ ਦੁੱਖ ਵਿਚ ਮਰਦਾ ਜਾਂਦਾ ਹੋਵੇ। ਆਪ ਵੱਡਾ ਇੱਜ਼ਤਦਾਰ। ਅਖੇ ਕਰਮੋਂ ਉਸਦੇ ਖ਼ਾਨਦਾਨ ਦੀ ਇੱਜ਼ਤ ਨੂੰ ਵੱਟਾ ਲਾ ਗਈ ਸੀ। ਤਾਹੀਓਂ ਸਾਰੀ ਉਮਰ ਭੈਣ ਨਾਲੋਂ ਸਾਂਝ ਤੋੜੀ ਰਖੀ ਤੇ ਅੰਦਰਲੀਆਂ ਕਰਤੂਤਾਂ! ਮੈਨੂੰ ਨਹੀਂ ਸੀ ਪਤਾ ਜੁ ਪਾਣੀ ਪੁਣ ਕੇ ਪੀਣ ਵਾਲੇ ਲਹੂ ਅਣਪੁਣਿਆਂ ਹੀ ਪੀ ਜਾਂਦੇ ਨੇ_

ਫਿਰ ਮਾਮੀ ਦੀਆਂ ਤੱਤੀਆਂ ਸੜੀਆਂ ਗੱਲਾਂ ਯਾਦ ਹੋ ਆਈਆਂ। ਪਰ ਇਸ ਵਿਚ ਵੀ ਉਸ ਨੂੰ ਆਪਣੇ ਮਾਮੇ ਦਾ ਦੋਸ਼ ਵਧੇਰੇ ਦਿਖਾਈ ਦਿੱਤਾ।

ਇਸ ਪਿਛੋਂ ਕਈ ਨਿੱਕੇ ਨਿੱਕੇ ਪਾਤਰ ਉਸ ਦੀ ਯਾਦ ਦੀ ਤਖਤੀ ਤੇ ਉਭਰ ਆਏ। ਦਿੱਤੂ ਕੂੰਜੜਾ, ਜੀਤੋ, ਸਕੂਲ ਦੀਆਂ ਸਹਿਪਾਠਣਾਂ। ਭੂੰਮੀ ਉਤੇ ਆਰੰਭ ਤੋਂ ਲੈ ਕੇ ਛੇਕੜ ਤੀਕ ਖੱਲ ਪਾਤਰਾਂ

ਦੀ ਹੀ ਭਰਮਾਰ ਸੀ-ਨਿਰੇ ਖੱਲ ਪਾਤਰਾਂ ਦੀ। ਕੇਵਲ 'ਨਿਹਾਲ' ਦਾ ਰੋਲ ਹੀ ਇਕ ਆਦਰਸ਼ ਪਾਤਰ ਸੀ, ਭਾਵੇਂ ਉਸ ਦਾ ਅਭਿਨਯ ਨਾ ਮਾਤਰ ਹੀ ਸੀ ਜਿਵੇਂ ਤਪਦੇ ਸਹਿਰਾ ਵਿਚ ਕੋਈ ਬਦਲੀ ਵਰ੍ਹ ਕੇ ਝਟ ਪਟ ਛਾਈ-ਮਾਈਂ ਹੋ ਗਈ ਤੇ ਸਹਿਮ ਦੀ ਤਪ ਓਵੇਂ ਜਿਵੇਂ ਬਣੀ ਰਹੀ।

ਡਾ ਹੀ ਸਖ਼ਤ ਕਿਸਮ ਦੀ ਤਲਮਲਾਹਟ ਵਚ ਮਿਸ ਪ੍ਰੀਤਮ ਦੀ ਰਾਤ ਲੰਘ ਰਹੀ ਸੀ। ਨਾ ਬੇਹੋਸ਼ੀ ਦੀ ਨਾ ਸਮਝਦਾਰੀ ਦੀ ਨਾ ਹੀ ਬੇਸਮਝੀ।

ਉਸੀ ਵੇਲੇ ਪੌੜੀਆਂ ਚੜ੍ਹਦੇ ਨਾਥੀ ਦੀ ਡੰਗਰੀ ਦੀ ਖਟ ਖਟ ਨੇ ਉਸ ਦੀਆਂ ਸੋਚਾਂ ਦਾ ਮੂੰਹ ਮੋੜ ਦਿੱਤਾ।

ਵੇ ਤੂੰ ਕਿਧਰ ਤੁਰਿਆ ਫਿਰਨਾ ਏ ਅੱਧੀ ਰਾਤੀਂ?

ਨਾਥੀ ਕੁਝ ਨਾ ਬੋਲਿਆ। ਉਹ ਭੁੰਜੇ ਬੈਠ ਗਿਆ। ਮਿਸ ਪ੍ਰੀਤਮ ਨੇ ਫਿਰ ਪ੍ਰਸ਼ਨ ਕੀਤਾ-

*ਕੀ ਗੱਲ ਸੀ ਬੀਬੀ ਜੀ ?" ਮਾਫ਼ੀ ਦੇਣੀ ਬੀਬੀ ਜੀ" ਨਾਥੀ ਜਿਵੇਂ ਦਾਨ ਮੰਗ ਰਿਹਾ ਹੋਵੇ— ਮੈਨੂੰ ਹੱਕ ਤਾਂ ਕੋਈ ਨਹੀਂ, ਪਰ ਕੀ ਕਰਾਂ? ਨਹੀਂ ਮੈਥੋਂ ਸਹਾਰਿਆ ਜਾਂਦਾ ਬੀਬੀ ਜੀ। ਡਾਢਾ ਹੀ ਥੋੜ੍ਹ-ਦਿਲਾ ਹਾਂ ਮੈਂ ।

ਤੇ ਇਹ ਕਹਿ ਨਾਥੀ ਦਾ ਸਿਰ ਉਸ ਦੇ ਗੋਡਿਆਂ ਉਤੇ ਟਿਕਿਆ ਹੋਇਆ ਸੀ। ਨਾਥੀ ਅੰਞਾਣੇ ਬਾਲਾਂ ਵਾਂਗ ਸਿਸਕੀਆਂ ਭਰ ਰਿਹਾ ਸੀ।

ਕੀ ਹੋਇਆ ਈ ਝੱਲਿਆ? ਤੂੰ ਕਿਉਂ ਨਹੱਕ ਆਪਣੀ ਨੀਂਦਰ ਖ਼ਰਾਬ ਕਰਨ ਲੱਗ ਪੈਨਾ ਏ।

ਮਿਸ ਪ੍ਰੀਤਮ ਨੂੰ ਪਤਾ ਸੀ ਕਿ ਉਸਨੂੰ ਮੂੰਹ ਵਿਚ ਬੋਲੀ ਜਾਣ ਦੀ ਆਦਤ ਹੈ। ਅਜੇਹੇ ਵੇਲੇ ਉਸ ਦੇ ਮੂੰਹੋਂ ਨਿਕਲਿਆ ਹਰ ਬੋਲ ਤੇ ਬੁੜਬੜਾਹਟ ਸੁਣਨੋ ਨਾਥੀ ਬਾਜ਼ ਨਹੀਂ ਸੀ ਆਉਂਦਾ। ਇਸ ਲਈ ਕੁਝ ਵੀ ਦੱਸਣ ਬੋਲਣ ਦੀ ਲੋੜ ਦੋਹਾਂ ਨੂੰ ਨਹੀਂ ਸੀ। ਨਾਥੀ ਰੋ ਰਿਹਾ ਸੀ। ਪੰਦਰਾਂ ਮਿੰਟ ਬੀਤ ਗਏ। ਨਾਥੀ ਦਾ ਚਿਹਰਾ ਹੰਝੂਆਂ ਨਾਲ ਭਿੱਜਾ ਹੋਇਆ ਸੀ। ਜਿਉਂ-ਜਿਉਂ ਮਿਸ ਪ੍ਰੀਤਮ ਉਸ ਦੇ ਹੰਝੂ ਪੂੰਝੀ ਜਾਂਦੀ, ਸਗੋਂ ਵਧੇਰੇ ਭਿੱਜੀ ਜਾਂਦਾ।

ਚਲ ਤੈਨੂੰ ਹੇਠਾਂ ਛੱਡ ਆਵਾਂ। ਛੋਕੜ ਮਿਸ ਪ੍ਰੀਤਮ ਨੇ ਮੋਨ ਨੂੰ ਤੋੜਿਆ ਤੇ ਨਾਥੀ ਨੂੰ ਬਾਹੋਂ ਫੜ ਕੇ ਉਹ ਪੌੜੀਆਂ ਵਲ ਤੁਰ ਪਈ।

ਨਾਥੀ ਨੂੰ ਲਿਟਾ ਕੇ ਜਦ ਮਿਸ ਪ੍ਰੀਤਮ ਮੁੜ ਕੋਨੇ ਤੇ ਪਹੁੰਚੀ ਤਾਂ ਉਸ ਦਾ ਮਨ ਕਾਫ਼ੀ ਸ਼ਾਂਤ ਤੇ ਨਰੋਆ ਸੀ।

*****

## 29.

ਅਜ ਮਿਸ ਪ੍ਰੀਤਮ ਨੇ ਸਕੂਲ ਜਾਣਾ ਸੀ। ਸਕੂਲ ਤੇ ਸਕੂਲ ਦਾ ਵਾਤਾਵਰਣ ਅਜ ਉਸਨੂੰ ਏਨਾ ਭਿਆਨਕ ਨਹੀਂ ਸੀ ਜਾਪ ਰਿਹਾ। ਉਸ ਦਾ ਮਨ ਹੁਣ ਕਾਫ਼ੀ ਟਿਕਾਓ ਵਿਚ ਸੀ।

"ਪਿਛੇ ਜੋ ਹੋ ਗਿਆ ਸੋ ਹੋ ਗਿਆ। ਅਗੇ ਲਈ ਮੈਂ ਸਿਆਣਪ ਤੋਂ ਕੰਮ ਲਵਾਂਗੀ। ਲਗਦੀ ਵਾਹ ਕਿਸੇ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਦਿਆਂਗੀ। ਹੈਡਮਿਸਟ੍ਰੈਸ ਜੇਕਰ ਕੁਪੱਤੀ ਹੈ ਤਾਂ ਮੈਨੂੰ ਕੀ? ਉਸਤਾਦਨੀਆਂ ਦੀ ਨੋਕ ਝੋਕ ਦੀ ਵੀ ਮੈਂ ਪਰਵਾਹ ਨਹੀਂ ਕਰਾਂਗੀ ਤੇ ਦਿਲ ਲਾ ਕੇ ਕੁੜੀਆਂ ਨੂੰ ਪੜ੍ਹਾਵਾਂਗੀ । ਉਨ੍ਹਾਂ ਨੂੰ ਧੌਲ ਧੱਪਾ ਤੇ ਰੰਡੀਏ ਕਲਿਹਣੀਏਂ ਆਖ ਆਖ ਕੇ ਡਾਂਟ ਡਪਟ ਵੀ ਨਹੀਂ ਕਰਾਂਗੀ।

ਚੌਂਕਾ ਭਾਂਡਾ ਕਰਕੇ ਉਹ ਸਕੂਲ ਲਈ ਤਿਆਰ ਹੋਈ। ਕੰਘੀ ਕਰਨ ਵੇਲੇ ਉਸ ਸ਼ੀਸ਼ੇ ਵਿਚੋਂ ਆਪਣਾ ਮੂੰਹ ਵੇਖਿਆ। ਪਹਿਲਾ ਸ਼ੀਸ਼ਾ ਜਿਥੇ ਉਸਨੂੰ ਆਪਣੀ ਕੁਰੂਪਤਾ ਦਾ ਅਹਿਸਾਸ ਕਰਵਾਂਦਾ ਸੀ। ਅਜ ਦੂਜਾ ਸ਼ੀਸ਼ਾ ਉਸ ਨੂੰ ਦੁਖੀ ਨਹੀਂ ਸੀ ਕਰ ਰਿਹਾ। ਉਹ ਚਾਹੁੰਦੀ ਸੀ ਕਿ ਕੋਈ ਆਖੇ ਕਿ ਉਸਦੇ ਚਿਹਰੇ ਦੀ ਪਿਲੱਤਣ ਪਹਿਲਾਂ ਨਾਲੋਂ ਘਟ ਗਈ ਸੀ-ਅੱਖਾਂ ਦੁਆਲੇ ਦੀ ਕਾਲੋਂ ਤੇ ਚਿਹਰੇ ਦੀਆਂ ਝੁਰੜੀਆਂ ਵੀ ਮੱਧਮ ਪੈ ਗਈਆਂ ਸਨ।

ਨਾਥੀ ਤੋਂ ਛੁੱਟ ਹੋਰ ਕੌਣ ਇੰਝ ਮਹਿਸੂਸ ਕਰ ਸਕਦਾ ਸੀ। ਪਰ ਨਾਥੀ ਕੋਲ ਉਸਨੂੰ ਦੇਖਣ ਲਈ ਅੱਖਾਂ ਹੀ ਕਿਥੇ ਸਨ? ਉਹ ਇਕ ਦਿਨ ਸਹਿ ਸੁਭਾ ਹੀ ਉਸ ਨੂੰ ਪੁੱਛ ਬੈਠੀ ਸੀ-

"ਨਾਥੀ! ਅੱਖਾਂ ਦੀ ਅਣਹੋਂਦ ਤੈਨੂੰ ਬੜੀ ਸਤਾਂਦੀ ਹੋਵੇਗੀ? ਤੇ ਨਾਥੀ ਨੇ ਜਵਾਬ ਵਿਚ ਕੁਝ ਐਸੇ ਵਾਕ ਕਹਿ ਦਿੱਤੇ ਕਿ ਮੁੜ ਏਸ ਬਾਰੇ ਕੁਝ ਕਹਿਣ ਸੁਣਨ ਦਾ ਸਾਹਸ ਨਹੀਂ ਸੀ ਹੋਇਆ-

'ਅੱਖਾਂ ਬੜੀ ਨਿਆਮਤ ਨੇ ਬੀਬੀ ਜੀ। ਕੌਣ ਇਨ੍ਹਾਂ ਦੀ ਅਣਹੋਂਦ ਨੂੰ ਮਹਿਸੂਸ ਨਹੀਂ ਕਰਦਾ ਹੋਣਾ। ਦਿਲ ਦਾ ਕਾਫ਼ੀ ਤਕੜਾ, ਹੱਡਾਂ ਵਲੋਂ ਮਜ਼ਬੂਤ ਤੇ ਦਿਮਾਗੀ ਤੌਰ ਤੇ ਵੀ ਚੇਤੰਨ ਹਾਂ। ਪਰ ਅੱਖਾਂ ਦੀ ਅਣਹੋਂਦ ਕਰਕੇ ਹੀ ਮੇਰਾ ਸਭੋ ਕੁਝ ਅੰਤਰ ਜਾ ਰਿਹਾ ਏ। ਪਰ ਜਦੋਂ ਦਾ ਮੈਂ ਬੀਬੀ ਜੀ ਤੁਹਾਡੇ ਘਰ ਆਇਆ ਹਾਂ।

ਮੈਨੂੰ ਲਗਦੈ, ਜਿਕਣ ਮੈਂ ਤੁਹਾਡੀਆਂ ਅੱਖਾਂ ਨਾਲ ਸਭੋ ਕੁਝ ਵੇਖ ਸਕਦਾ ਹਾਂ। ਫੇਰ ਵੀ ਦਿਲ ਕਰਦਾ ਏ ਕਦੀ ਮੈਂ ਦੋ ਘੜੀਆਂ ਲਈ ਹੀ ਆਪਣੀ ਬੀਬੀ ਜੀ ਨੂੰ ਵੇਖ ਸਕਦਾ_

ਸ਼ੀਸ਼ੇ ਅਗੋਂ ਹੱਟ ਕੇ ਮਿਸ ਪ੍ਰੀਤਮ ਨੇ ਨਾਥੀ ਨੂੰ ਰੋਟੀ ਖਵਾਈ ਤੇ ਘਰ ਦੀ ਸੌਂਪਣਾ ਕਰਕੇ ਆਪ ਸਕੂਲ ਚਲੀ ਗਈ।

ਛੁੱਟੀਆਂ ਪਿਛੋਂ ਮਿਸ ਪ੍ਰੀਤਮ ਨੂੰ ਸਕੂਲ ਦਾ ਸਾਰਾ ਵਾਤਾਵਰਨ ਖ਼ੁਸ਼ਗਵਾਰ ਲਗਾ। ਵੱਡੇ ਭੈਣ ਜੀ ਦਾ ਰਵੱਈਆ ਵੀ ਮਾੜਾ ਨਹੀਂ ਸੀ।

ਸਭ ਤੋਂ ਵਧ ਕੇ ਦਿਲ ਵਧਾਉ ਗੱਲ ਉਸ ਲਈ ਇਹ ਸਾਬਤ ਹੋਈ ਜਦੋਂ ਇਕ ਉਸਤਾਦਨੀ ਨੇ ਉਸ ਨੂੰ ਕਿਹਾ—ਮਿਸ ਪ੍ਰੀਤਮ! ਕਸ਼ਮੀਰ ਗਈ ਮੈਂ? ਬੜੀ ਚੰਗੀ ਸਿਹਤ ਹੋ ਗਈ ਏ ਤੇਰੀ'

ਕੁੜੀਆਂ ਵੀ ਏਸ ਮਾਮਲੇ ਵਿਚ ਚੁੱਪ ਨਾ ਰਹੀਆਂ, 'ਭੈਣ ਜੀ! ਸੱਚੀ ਕੋਡੇ ਸੋਹਣੇ ਲਗਣ ਲਗ ਪਏ ਜੇ ਤੁਸੀਂ "

ਮਿਸ ਪ੍ਰੀਤਮ ਆਪਣੇ ਬਾਰੇ ਸੋਚਣ ਲਗੀ-"ਇਤਨੇ ਥੋੜ੍ਹੇ ਸਮੇਂ ਵਿਚ ਇਤਨੀ ਚੰਗੀ ਹੋ ਗਈ

ਏ ਮੇਰੀ ਸਿਹਤ। ਆਖ਼ਰ ਇਸ ਦਾ ਸੱਬਬ?"

ਤੇ ਉਸ ਦੀ ਚੰਗੀ ਸਿਹਤ ਦਾ ਸੱਬਬ ਉਸ ਦੇ ਘਰ ਵਿਚ ਨਾਥੀ ਦੀ ਆਮਦ ਸੀ। ਇਸ ਦਾ ਸਭ ਤੋਂ ਵੱਡਾ ਪ੍ਰਮਾਣ ਉਸਦੀ ਦ੍ਰਿਸ਼ਟੀ ਗੋਚਰ ਹੋਇਆ ਸੀ।

ਜੇਹੜਾ ਵਿਅਕਤੀ ਕਿਸੇ ਦੀ ਮੌਤ ਨੂੰ ਜ਼ਿੰਦਗੀ ਵਿਚ ਬਦਲ ਸਕਦਾ ਹੈ ਉਹ ਹੋਰ ਕੀ ਨਹੀਂ ਕਰ ਸਕਦਾ। ਉਸ ਨਾਥੀ ਨੇ ਉਸ ਦੇ ਦਿਲ ਅੰਦਰੋਂ ਨਫਰਤ ਨੂੰ ਸਾਫ਼ ਕਰਕੇ ਆਪਣੀ ਅਹਿਮੀਅਤ ਤੇ ਆਪਣੀ ਚੰਗਿਆਈ ਦਾ ਸਿੱਕਾ ਵੀ ਬਿਠਾ ਦਿੱਤਾ। ਤੇ ਇਸੇ ਦਾ ਪ੍ਰਤਿਕਰਮ ਸੀ ਕਿ ਅਜ ਉਸ ਨੂੰ ਸਕੂਲ ਦਾ ਸਾਰਾ ਮਾਹੌਲ ਚੰਗਾ ਲਗਣ ਲਗ ਪਿਆ ਸੀ।

ਕੇਡੀ ਖ਼ੁਸ਼ ਸੀ ਅਜ ਮਿਸ ਪ੍ਰੀਤਮ-ਕੇਡੀ ਸੰਤੁਸ਼ਟ।

******

## 30.

ਮਿਸ ਪ੍ਰੀਤਮ ਦੀ ਉਮਰ ਕੇਵਲ ਅਠਾਰਾਂ ਵੀਹਾਂ ਵਿਚਕਾਰ ਹੋਵੇਗੀ। ਪਰ ਇਕ ਸਾਲ ਉਸਦਾ ਚਾਰ ਜੁਗਾਂ ਬਰਾਬਰ ਬੀਤਿਆ। ਜ਼ਿੰਦਗੀ ਮਾਨੋ ਇਕੋ ਪਹੀਏ (ਦੁਖ) ਦੇ ਸਹਾਰੇ ਹੀ ਚਲੀ ਆ ਰਹੀ ਸੀ। ਸੁਖ ਦੀ ਘੜੀ ਸ਼ਾਇਦ ਭੁਲੀ ਵਿਸਰੀ ਯਾਦ ਵਾਂਗ ਹੀ ਉਸ ਦੇ ਜੀਵਨ ਵਿਚ ਕਦੀ ਆਈ ਹੋਵੇ।

ਪਰ ਡਿੰਗੂ ਡਿੰਗੂ ਕਰਦੀ ਮਿਸ ਪ੍ਰੀਤਮ ਦੀ ਜੀਵਨ ਗੱਡੀ ਨੂੰ ਸਹਾਰਾ ਕੀ ਮਿਲਿਆ, ਮਾਨੋ ਉਸਦੀ ਜ਼ਿੰਦਗੀ ਹੀ ਬਦਲ ਗਈ। ਉਸ ਦੀ ਸਿਹਤ, ਉਸ ਦਾ ਰੰਗ ਰੂਪ ਨਕਸ਼ਾਂ ਵਿਚ ਨਿਖਾਰ-ਇਸ ਗੱਲ ਦੀ ਜਿਊਂਦੀ ਜਾਗਦੀ ਗਵਾਹੀ ਭਰਦੇ ਸਨ, ਜਿਨ੍ਹਾਂ ਦੀ ਤਾਈਦ ਛੁੱਟੀਆਂ ਪਿਛੋਂ ਉਸਤਾਨੀਆਂ ਤੇ ਸ਼ਗਿਰਦਣਾਂ ਨੇ ਵੀ ਕਰ ਦਿੱਤੀ ਸੀ।

ਸਕੂਲ ਦੀ ਡਿਊਟੀ ਪਿਛੋਂ ਜਦੋਂ ਮਿਸ ਪ੍ਰੀਤਮ ਘਰ ਪਹੁੰਚੀ ਤਾਂ ਡਾਕੀਏ ਨੇ ਨਾਥੀ ਦੇ ਨਾਂ ਇਕ ਚਿਠੀ ਉਸਨੂੰ ਫੜਾਈ। ਇਹ ਦੀਨਾ ਨਾਥ ਦੀ ਅੰਮ੍ਰਿਤਸਰ ਅੰਧ ਵਿਦਿਆਲੇ ਤੋਂ ਆਈ ਇੰਟਰਵਿਊ ਲੈਟਰ ਸੀ।

ਨਾਥੀ ਨੂੰ ਜਿਵੇਂ ਚੰਨ ਚੜ੍ਹ ਗਿਆ। ਪਹਿਲੀ ਸਤੰਬਰ ਨੂੰ ਉਸਦੀ ਇੰਟਰਵਿਊ ਸੀ। ਅਜ ਤੋਂ ਇਕ ਹਫ਼ਤਾ ਬਾਅਦ। ਮਿਸ ਪ੍ਰੀਤਮ ਦੀ ਖ਼ੁਸ਼ੀ ਦੀ ਕੋਈ ਸੀਮਾ ਨਹੀਂ ਸੀ। ਉਹ ਸੋਚ ਰਹੀ ਸੀ-ਅਜ 'ਕੇਹੜਾ ਭਗਵਾਨ ਮੱਥੇ ਲੱਗਾ ਹੈ ਵਡੇ ਵੇਲੇ ?

'ਕੀਹ ਖ਼ਿਆਲ ਏ ਤੇਰਾ ਨਾਥੀ? ਉਸ ਪੁਛਿਆ- ਨੌਂਕਰੀ ਮਿਲ ਜਾਏਗੀ ਤੈਨੂੰ ?

'ਮੇਰਾ ਤਾਂ ਦਿਲ ਕਹਿੰਦਾ ਏ ਬੀਬੀ ਜੀ। ਜ਼ਰੂਰ ਮਿਲ ਜਾਏਗੀ। ਮੈਨੂੰ ਪੂਰਾ ਯਕੀਨ ਏ। ਤੁਹਾਡਾ ਵੀ ਭਾਗੀ ਭਰਿਆ ਪੋਖਾ ਸੀ ਜਿਸ ਮੈਨੂੰ ਪਸ਼ੂ ਤੋਂ ਆਦਮੀ ਬਣਾ ਦਿੱਤਾ। ਤੁਹਾਡੇ ਈ ਸਾਏ ਹੇਠ ਆ ਕੇ ਮੈਨੂੰ ਇਹ ਦਰਖ਼ਾਸਤਾਂ ਭੇਜਣ ਦੀ ਗੱਲ ਸੁਝੀ।"

"ਬਸ ਵੀ ਕਰ। ਤੈਨੂੰ ਤਾਂ ਹਰ ਵੇਲੇ ਅੱਲਵੱਲਲੀਆਂ ਹੀ ਸੁਝਦੀਆਂ ਨੇ। ਪਰ ਹਾਂ ਸੱਚ ਇੰਟਰਵਿਊ ਲਈ ਤੂੰ ਜਾਏਗਾ ਕੀਕਣ ?

"ਜਾਣਾ ਕਿਹੜਾ ਔਖਾ ਕੰਮ ਏ ਬੀਬੀ ਜੀ। ਸੋਟੀ ਜੁ ਹੈ ਮੇਰੇ ਕੋਲ। ਏਥੋਂ ਰੇਲ ਤੇ ਸਵਾਰ ਹੋ ਜਾਵਾਂਗਾ, ਅਗੋਂ ਰਿਕਸ਼ਾ ਮੈਨੂੰ ਵਿਦਿਆਲੇ ਵਿਚ ਪਹੁੰਚਾ ਦੇਵੇਗਾ।

ਪਰ ਮਿਸ ਪ੍ਰੀਤਮ ਨੇ ਉਸ ਨਾਲ ਜਾਣ ਦਾ ਮਨ ਬਣਾ ਲਿਆ।

******

## 31.

'ਕੀ ਸੱਚ ਮੁੱਚ ਹੀ ਹੁਣ ਤੀਕ ਰਾਈ ਓਹਲੇ ਪਹਾੜ ਲੁਕਿਆ ਰਿਹਾ ਸੀ?

ਤਿੰਨਾਂ ਦਿਨਾਂ ਵਿਚ ਹੀ ਉਸ ਨੇ ਸਕੂਲ ਵਿਚ ਆਪਣੇ ਪ੍ਰਤੀ ਹਰ ਕਿਸੇ ਦਾ ਰਵੱਈਆ ਬਦਲਿਆ ਹੋਇਆ ਵੇਖਿਆ। ਉਹ ਮਨ ਹੀ ਮਨ ਵਿਚ ਸੋਚਣ ਲਗੀ ਜੇਕਰ ਪਹਿਲਾਂ ਹੀ ਉਹ ਆਪਣੇ ਅੰਦਰੋਂ ਘਟੀਆ ਪਣੇ ਦੇ ਇਹਸਾਸਾਂ ਨੂੰ ਮਾਰ ਭਜਾਂਦੀ ਤਾਂ ਕਿਉਂ ਉਸਦੀ ਸਿਹਤ ਦਾ, ਉਸਦੀ ਜਵਾਨੀ ਦਾ ਦਿਵਾਲਾ ਨਿਕਲਦਾ।

ਸਕੂਲ ਵਿਚ ਉਸ ਦੇ ਛੇ ਸੱਤ ਘੰਟੇ ਬੜੇ ਇਤਮੀਨਾਨ ਵਿਚ ਬੀਤਦੇ। ਕੁੜੀਆਂ ਨੂੰ ਵੀ ਉਹ ਦਿਲ ਲਾ ਕੇ ਪੜ੍ਹਾਂਦੀ। ਕਿਸੇ ਉਸਤਾਦਨੀ ਦੀ ਕਹੀ ਮਾੜੀ ਮੋਟੀ ਗੱਲ ਨੂੰ ਅਣਗੋਲਿਆ ਕਰ ਛਡਦੀ।

ਏਸੋ ਪ੍ਰਕਾਰ ਦੀ ਤਬਦੀਲੀ ਮਿਸ ਪ੍ਰੀਤਮ ਦੇ ਘਰ ਵਿਚ ਵੀ ਪੈਦਾ ਹੋ ਰਹੀ ਸੀ। ਨਾਥੀ ਦੇ ਆਣ ਤੋਂ ਪਹਿਲਾਂ ਕਦੀ ਉਸ ਵੇਲੇ ਸਿਰ ਰੋਟੀ ਨਾ ਪਕਾਈ। ਕਈ ਕਈ ਦਿਨ ਘਰ ਨਾ ਸੰਭਰਿਆ। ਤੇ ਕਿਥੇ ਹੁਣ ਬਾਕਾਇਦਾ ਦੋਵੇਂ ਵੇਲੇ ਚੁਲ੍ਹਾ ਮਘਣ ਲਗ ਪਿਆ। ਘਰ ਵੀ ਸਾਫ਼ ਸੁਥਰਾ।

ਏਧਰ ਨਾਥੀ ਵੀ ਪਹਿਲਾਂ ਵਾਲਾ ਨਾਥੀ ਨਹੀਂ ਸੀ ਰਿਹਾ। ਵੇਲੇ ਸਿਰ ਅਸ਼ਨਾਨ ਕਰਨਾ, ਕੱਪੜੇ ਧੋਣੇ, ਹਜਾਮਤ ਕਰਾਣੀ। ਹਰ ਕੰਮ ਘੜੀ ਦੀ ਸੂਈ ਵਾਂਗ ਬਕਾਇਦਗੀ ਨਾਲ ਕਰਦਾ। ਘਰ ਦਾ ਜ਼ਰੂਰੀ ਸਾਮਾਨ ਵੀ ਖਰੀਦ ਲਿਆਉਂਦਾ। ਇਸ ਤੋਂ ਛੁਟ ਬਜ਼ਾਰ ਦੇ ਸਾਰੇ ਕੰਮ, ਨਲਕਾ ਗੇੜ ਕੇ ਪਾਣੀ ਭਰਨਾ ਤੇ ਬਿਸਤਰੇ ਸਾਂਭਣੇ ਉਸ ਦੇ ਜ਼ਿੰਮੇ ਸੀ। ਹਰ ਕੰਮ ਉਹ ਬੜੀ ਸੁੱਚਜਤਾ ਨਾਲ ਕਰਦਾ।

ਦੂਜੇ ਪਾਸੇ, ਮਿਸ ਪ੍ਰੀਤਮ ਵੀ ਨਾਥੀ ਦੀਆਂ ਲੋੜਾਂ ਦਾ ਪੂਰਾ ਪੂਰਾ ਧਿਆਨ ਰਖਦੀ। ਫੇਰ ਵੀ ਕਦੀ ਕਦਾਈਂ ਦੋਹਾਂ ਵਿਚ ਕਿਸੇ ਗੱਲੋਂ ਖੁੜਬਾ ਖੁੜਬੀ ਹੋ ਹੀ ਪੈਂਦੀ। ਖਾਸ ਤੌਰ ਤੇ ਜਦੋਂ ਮਿਸ ਪ੍ਰੀਤਮ ਨਾਥੀ ਦੇ ਕੱਪੜੇ ਧੋ ਦੇਂਦੀ ਜਾਂ ਨਾਥੀ ਆਪਣੇ ਪੈਸਿਆਂ ਦਾ ਸੌਦਾ ਲੈ ਆਂਦਾ ਆਦਿ।

ਕਿਤਨਾ ਮਿਠਾਸ ਭਰਿਆ ਇਹ ਝਗੜਾ ਸੀ-ਕਿੰਨੀ ਆਤਮ ਸੰਤੁਸ਼ਟਤਾ ਸੀ ਏਸ ਦੋਵੱਲੀ ਟੋਕਾ ਟਾਕੀ ਵਿਚ ਸ਼ੈਦ ਇਹੋ ਟੋਕਾ ਟਾਕੀ ਦੁਹਾਂ ਨੂੰ ਇਕ ਦੂਜੇ ਦੇ ਨੇੜੇ ਲਈ ਆ ਰਹੀ ਸੀ।

ਪਰ ਵਿਧਾਤਾ ਦੇ ਰੰਗ ਨਿਆਰੇ ਨੇ। ਜਿਸ ਦੇ ਕਾਰਖ਼ਾਨੇ ਵਿਚ ਕਦੋਂ ਕੀ ਘੜੀਂਦਾ ਤੇ ਕਦੋਂ ਕੀ ਭੰਨੀਦਾ ਰਹਿੰਦਾ ਹੈ।

ਏਧਰ ਮਿਸ ਪ੍ਰੀਤਮ ਆਪਣੇ ਜੀਵਨ ਵਿਚ ਆਤਮ ਵਿਭੋਰ ਹੁੰਦੀ ਜਾ ਰਹੀ ਸੀ। ਪਰ ਦੂਜੇ ਪਾਸੇ ਵਿਧਾਤਾ ਦੀ ਵਰਕਸ਼ਾਪ ਵਿਚ ਉਸ ਲਈ ਇਕ ਅਜਿਹੀ ਚੰਦਰੀ ਘਾੜਤ ਘੜੀ ਜਾਣ ਲਗੀ ਜਿਸ ਬਾਰੇ ਉਸ ਨੂੰ ਚਿਤ ਚੇਤਾ ਵੀ ਨਹੀਂ ਸੀ। ਇਕ ਦਿਨ ਜਦ ਚਾਣਚੀਕ ਸਕੂਲ ਜਾਂਦਿਆਂ ਹੀ ਉਸ ਨੇ ਜ਼ਹਿਰੀਲਾ ਮਾਹੌਲ ਮਹਿਸੂਸ ਕੀਤਾ। ਸ਼ਾਇਦ ਹੋਣੀ ਦੀ ਈਰਖੀ ਅੱਖਾਂ ਨੂੰ ਅਭਾਗਣੀ ਦਾ ਏਨਾ ਸੁਖ ਵੀ ਨਹੀਂ ਸੀ ਸੁਖਾਇਆ।

ਅਜ ਕੁੜੀਆਂ ਚੋਰ ਅੱਖੀ ਉਸ ਵੱਲ ਸਹਿਮੀਆਂ ਨਜ਼ਰਾਂ ਨਾਲ ਵੇਖ ਰਹੀਆਂ ਸਨ। ਉਸਤਾਦਨੀਆਂ ਦਾ ਰਵੱਈਆ ਵੀ ਉਸ ਨੂੰ ਕਾਫ਼ੀ ਬਦਲਿਆ ਦਿਖਾਈ ਦੇ ਰਿਹਾ ਸੀ।

'ਕਿਤੇ ਮੈਨੂੰ ਹੀ ਤਾਂ ਫੇਰ ਵਹਿਮ ਦੀ ਬੀਮਾਰੀ ਨਹੀਂ ਆ ਚੰਬੜੀ ?

ਤੀਜੇ ਪੀਰੀਅਡ ਪਿਛੋਂ ਜਦੋਂ ਉਹ ਕਲਾਸ ਵਿਚੋਂ ਬਾਹਰ ਨਿਕਲੀ ਤਾਂ ਬਾਹਰੋਂ ਲੰਘਦੇ ਕਿਸੇ ਵਿਅਕਤੀ ਦੀ ਗੁਣ-ਗੁਣਾਹਟ ਉਸ ਦੇ ਕੰਨੀ ਆ ਪਈ- ਰੱਬ ਮਿਲਾਈ ਜੋੜੀ ਇਕ ਅੰਨ੍ਹਾ ਤੇ ਇਕ ਕੋਹੜੀ।" ਸੁਣਦਿਆਂ ਸਾਰ ਉਹ ਇੰਝ ਉਠ ਕੇ ਬਾਹਰ ਵਲ ਲਪਕੀ ਜਿਵੇਂ ਲੰਘਣ ਵਾਲੇ ਦੀ ਗਿੱਚੀ ਮਰੋੜ ਕੇ ਰਖ ਦੇਣੀ ਚਾਹੁੰਦੀ ਹੋਵੇ।

ਕਚੀਚੀਆਂ ਖਾਂਦੀ ਤੇ ਮੁਠਾਂ ਮੀਟਦੀ ਹੋਈ ਉਹ ਕਮਰੇ ਵਿਚ ਮੁੜ ਆਈ। ਉਸ ਤੋਂ ਬਾਅਦ ਉਹ ਪੜ੍ਹਾਈ ਨਾ ਕਰਾ ਸਕੀ ਤੇ ਅੱਧੇ ਦਿਨ ਦੀ ਛੁੱਟੀ ਲੈ ਕੇ ਘਰ ਆ ਗਈ।

ਮਿਸ ਪ੍ਰੀਤਮ ਨੂੰ ਡਰ ਸੀ ਮਤੇ ਨਾਥੀ ਨੂੰ ਇਸ ਗੱਲ ਦਾ ਪਤਾ ਲਗ ਗਿਆ ਤਾਂ ਉਸ ਵਿਚਾਰੇ ਦਾ ਕੀ ਹਾਲ ਹੋਵੇਗਾ। ਉਸ ਨੂੰ ਅਪਾਹਜ ਨਾਥੀ ਦੀ ਬਦ-ਨਸੀਬੀ ਉਤੇ ਡਾਢਾ ਤਰਸ ਆ ਰਿਹਾ ਸੀ, ਜਿਸ ਨੂੰ ਬਿਨਾਂ ਕਸੂਰੋਂ ਕੇਵਲ ਏਨੇ ਕੁ ਦੋਸ਼ ਦੀ ਸਜ਼ਾਅ ਮਿਲੇ ਕਿ ਮਿਸ ਪ੍ਰੀਤਮ ਨੇ ਉਸਨੂੰ ਆਪਣੇ ਘਰ ਵਿਚ ਪਨਾਹ ਦਿੱਤੀ ਸੀ। ਉਸ ਦੀਆਂ ਨਜ਼ਰਾਂ ਵਿਚ ਜੇ ਕੋਈ ਸੱਚੇ ਅਰਥਾਂ ਵਿਚ ਇਨਸਾਨ ਸੀ, ਜਿਸ ਨਾਲ ਉਸ ਦਾ ਵਾਹ ਪਿਆ ਸੀ ਤਾਂ ਉਹ ਨਾਥੀ ਸੀ। ਜਿਸ ਵਿਚ ਅਜੇ ਤੀਕ ਕਿਤੇ ਨਾ ਮਾਤਰ ਵੀ ਕੋਈ ਪਾਪ ਜਾਂ ਕਿਸੇ ਕਿਸਮ ਦੇ ਸਵਾਰਥ ਦਾ ਚਿੰਨ੍ਹ ਉਹਨੂੰ ਦਿਖਾਈਹੀਂ ਦਿੱਤਾ।

"ਫੇਰ ਮੈਨੂੰ ਸਹਿਸਾ ਕਿਸ ਗੱਲ ਦਾ? ਮੈਨੂੰ ਕਿਸੇ ਦੀ ਕੀ ਪਰਵਾਹ ਹੈ। ਉਸ ਸੋਚਿਆ।

ਪਰ ਮਨ ਦੀ ਤੜਪ ਕਾਰਨ ਅਜ ਉਸਦਾ ਸਰੀਰ ਝੁਲਸਿਆ ਪਿਆ ਸੀ। ਉਸ ਅੰਦਰਲੇ ਈਰਖਾ, ਹਿੰਸਾ ਤੇ ਘ੍ਰਿਣਾ ਆਦਿ ਮਨੋਵਿਕਾਰ ਫਿਰ ਸਿਰ ਕੱਢਣ ਲਗੇ। ਇਸ ਅਸਲੋਂ ਹੀ ਤੁਛ ਘਟਨਾ ਨੇ ਉਸ ਲਈ ਓਹੀ ਕੰਮ ਕੀਤਾ ਜੇਹੜਾ ਭਰੇ ਹੋਏ ਫੋੜੇ ਲਈ ਤਿਖੇ ਸੂਏ ਦੀ ਚੋਭ ਕਰਦੀ ਏ।

ਘਰ ਦੇ ਨੇੜੇ ਪਹੁੰਚਿਦਿਆਂ ਉਸ ਨੂੰ ਨਾਥੀ ਦਾ ਫਿਕਰ ਪੈ ਗਿਆ। ਜੇ ਕਿਸੇ ਰਾਹ ਜਾਂਦੇ ਨੇ ਨਾਥੀ ਦੇ ਨਾਲ ਇਕ ਅਧਿਆਪਕ ਦਾ ਨਾਂ ਜੋੜਦਿਆਂ ਕੁਝ ਬੇਤੁਕੀਆਂ ਵਾਹ ਦਿੱਤੀਆਂ, ਫੇਰ ਤਾਂ ਵਿਚਾਰਾ ਬਦ-ਨਸੀਬ ਭੁੰਜੇ ਹੀ ਲੱਥ ਜਾਏਗਾ।

ਵਾਪਰਨ ਵਾਲੇ ਏਸ ਖਤਰੇ ਦੇ ਬਚਾਓ ਲਈ ਮਿਸ ਪ੍ਰੀਤਮ ਨੇ ਆਪਣੀ ਸਾਰੀ ਸ਼ਕਤੀ ਇੱਕਠੀ ਕੀਤੀ ਤਾਂ ਜੁ ਘਰ ਪਹੁੰਚ ਕੇ ਉਹ ਆਪਣੇ ਅੰਦਰ ਉਠ

ਰਹੇ ਭਾਂਬੜਾਂ ਨੂੰ ਬਨਾਵਟੀ ਪ੍ਰਸੰਨਤਾ ਦੀ ਸੁਆਹ ਹੇਠ ਦੱਬਣ ਵਿਚ ਸਫਲ ਹੋ ਸਕੇ। ਨਾਥੀ ਦੇ ਪੁਛਣ ਤੇ ਉਸ ਏਨਾ ਹੀ ਆਖਿਆ ਕਿ ਉਸਦੀ 'ਤਬੀਅਤ ਕੁਝ ਠੀਕ ਨਹੀਂ।

*****

## 32.

ਐਤਵਾਰ ਸੀ ਅਜ। ਨਾਥੀ ਧੁੱਪਾਂ ਚੜ੍ਹੇ ਤਕ ਸੁੱਤਾ ਪਿਆ ਸੀ। ਮਿਸ ਪ੍ਰੀਤਮ ਨੇ ਘਰ ਦਾ ਸਾਰਾ ਕੰਮ ਮੁਕਾ ਲਿਆ। ਫਿਰ ਨਾਥੀ ਨੂੰ ਕਈ ਆਵਾਜ਼ਾਂ ਮਾਰੀਆਂ। ਮਸਾਂ ਕਿਤੇ ਉਹ ਉਠਿਆ। ਮਿਸ ਪ੍ਰੀਤਮ ਨੇ ਉਸਨੂੰ ਪੁਛਿਆ ਕਿ ਕੀ ਗੱਲ ਹੈ 'ਤਬੀਅਤ ਤਾਂ ਠੀਕ ਹੈ।

"ਠੀਕ ਏ ਬੀਬੀ ਜੀ ਤਬੀਅਤ। ਐਵੇਂ ਰਤਾ ਸਿਰ ਪੀੜ ਹੁੰਦੀ ਏ।"

ਮਿਸ ਪ੍ਰੀਤਮ ਨੇ ਟੋਕ ਦਿੱਤਾ—'ਬਹਾਨੇ ਨਾ ਸਾੜ ਬਹੁਤੇ। ਸਚੋਂ ਸੱਚ ਦਸ ਮੈਨੂੰ।

ਸਿਰ ਪੀੜ ਦਾ ਬਹਾਨਾ ਨਾਥੀ ਨੇ ਮਿਸ ਪ੍ਰੀਤਮ ਕੋਲੋਂ ਹੀ ਸਿਖਿਆ ਸੀ। ਇਸ ਲਈ ਉਹ ਬਹੁਤੀ ਦੇਰ ਗੱਲ ਨੂੰ ਦਿਲ ਵਿਚ ਨਹੀਂ ਰੱਖ ਸਕਿਆ।

"ਤੁਸਾਂ ਪੁਛਿਆ ਬੀਬੀ ਜੀ ਕਿ ਮੈਂ ਸਿਰ ਪੀੜ ਦਾ ਬਹਾਨਾ ਕਿਉਂ ਕੀਤਾ-ਝੂਠ ਕਿਉਂ ਬੋਲਿਆ? ਜੇ ਗੁਸਤਾਖ਼ੀ ਮਾਫ਼ ਕਰੋ ਤਾਂ ਇਹੋ ਗੱਲ ਮੈਂ ਤੁਹਾਥੋਂ ਪੁਛਣੀ ਚਾਹੁਨਾ ਕਿ ਤੁਸਾਂ ਕਿਉਂ ਝੂਠ ਬੋਲਿਆ ਸੀ?

"ਮੈਂ? ਕਿਹੜਾ—ਕਦੋਂ?

'ਰਾਤੀਂ ਜਿਸ ਵੇਲੇ ਮੈਂ ਤੁਹਾਥੋਂ ਤੁਹਾਡੀ ਉਦਾਸੀ ਦਾ ਸੱਬਬ ਪੁਛਿਆ ਸੀ, ਉਦੋਂ ਤੁਸੀਂ ਝੂਠ ਬੋਲਿਆ ਸੀ। ਮੂੰਹ ਛੋਟਾ ਤੇ ਗੱਲ ਵੱਡੀ ਏ ਬੀਬੀ ਜੀ। ਪਰ ਕੀ ਕਰਾਂ-ਕਿਥੋਂ ਲਿਆਵਾਂ ਏਡਾ ਜੇਰਾ ਕਿ ਮੇਰੀ ਬੀਬੀ ਜੀ ਦੇ ਚਲਣ ਉਤੇ ਝੂਠੀ ਉਜ ਲਗੇ ਤੇ ਮੈਂ ਅਰਾਸਤ ਰਹਾਂ।"

ਸੁਣ ਕੇ ਮਿਸ ਪ੍ਰੀਤਮ ਪੈਰੋਂ ਨਿਕਲ ਗਈ- ਤੂੰ ਤੈਨੂੰ ਤੈਨੂੰ ਕਿਸ ਕਿਹਾ ਏ? ਸਾਫ਼ ਸਾਫ਼ ਦਸ?

ਮਿਸ ਪ੍ਰੀਤਮ ਲਈ ਹੁਣ ਮੁਕਰਨ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਸੀ।

"ਕੀ ਪਏ ਸੋਚਦੇ ਜੇ ਬੀਬੀ ਜੀ, ਕਿ ਨਾਥੀ ਨੂੰ ਕਿਕਣ ਪਤਾ ਲਗ ਗਿਆ ਰਾਤੋ ਰਾਤ ਏਸ ਗੱਲ ਦਾ? ਖੁਦ ਤੁਹਾਡੀ ਜ਼ਬਾਨੀ ਲਗਾ ਏ ਬੀਬੀ ਜੀ। ਤੁਸਾਂ ਸੁੱਤੇ ਪਏ ਜਾਂ ਜਾਗਦੇ ਹੋਏ ਵੀ ਮੂੰਹ ਵਿਚ ਗੱਲਾਂ ਕਰਦੇ ਰਹਿੰਦੇ ਜੇ। ਜਦੋਂ ਤੁਹਾਡੇ ਦਿਲ ਤੇ ਕੋਈ ਸੱਟ ਵੱਜਦੀ ਏ ਤਾਂ ਰਾਤੀ ਸੁਤੇ ਜਾਂ ਕਈ ਵੇਰ ਜਾਗਦੇ ਹੋਏ ਵੀ ਉਸੇ ਗੱਲ ਨੂੰ ਲੈ ਕੇ ਬੜਬੜਾਣ ਲੱਗ ਪੈਂਦੇ ਹੋ। ਰਾਤੀਂ ਵੀ ਇਹੋ ਹੋਇਆ। ਘੜੀ ਮੁੜੀ ਤੁਸੀਂ ਏਸ ਅਖਾਣ ਨੂੰ ਦੁਹਰਾਈ ਜਾਂਦੇ ਸਾਓ, 'ਰੱਬ ਮਿਲਾਈ ਜੋੜੀ, ਇਕ ਅੰਨ੍ਹਾ ਤੇ ਇਕ ਕੋਹੜੀ। ਕਦੀ ਤੁਸੀਂ ਕਿਸੇ ਨੂੰ ਮਾਰ ਸੁਟਣ ਦੀਆਂ ਗੱਲਾਂ ਕਰਨ ਲਗਦੇ, ਕਦੀ ਨੌਕਰੀ ਛੱਡਣ ਦੀਆਂ। ਫੇਰ ਕਿੱਕਣ ਮੈਂ ਸੋ ਸਕਦਾ ਭਲਾ? ਕਈ ਵਾਰੀ ਦਿਲ ਨਾਲ ਸਲਾਹ ਕੀਤੀ ਜੁ ਚੁਪ ਕਰੀ ਤਾ ਕਿਤੇ ਚਲਾ ਜਾਵਾਂਗਾ। ਪਰ ਏਡਾ ਜੇਰਾ ਕਿਥੋਂ ਲਿਆਉਂਦਾ ਜੁ ਤੁਹਾਨੂੰ ਏਸ ਹਾਲਤ ਵਿਚ ਛੱਡ ਕੇ ਪਤਰਾ ਵਾਚ ਜਾਵਾਂ। ਕੁਝ ਹੋਰ ਗੱਲਾਂ ਵੀ ਰਾਤੀਂ ਤੁਹਾਡੇ ਮੂੰਹੋਂ ਸੁਣ ਚੁਕਾ ਹਾਂ ਜਿਨ੍ਹਾਂ ਦਾ ਮੇਰੇ ਦਿਲ ਤੇ ਡੂੰਘਾ ਅਸਰ ਹੋਇਆ, ਦਸ ਨਹੀਂ ਸਕਦਾ। "ਉਹ ਕੀ ਗੱਲਾਂ ਸਨ ਨਾਥੀ?

“ਤੁਸੀਂ ਕਹਿ ਰਹੇ ਸਾਓ-ਭਾਵੇਂ ਸਾਰੀ ਦੁਨੀਆਂ ਦੀਆਂ ਉਜਾਂ ਮੇਰੇ ਸਿਰ ਤੇ ਥੱਪ ਦਿਤੀਆਂ ਜਾਣ, ਨਾਥੀ ਨੂੰ ਮੈਂ ਧਕਾ ਨਹੀਂ ਦਿਆਂਗੀ।" ਕਹਿੰਦਿਆਂ ਕਹਿੰਦਿਆਂ ਨਾਥੀ ਦੀਆਂ ਅੱਖਾਂ ਦੇ ਟੋਇਆਂ ਵਿਚ ਨਮੀ ਸਿਮ ਆਈ।

ਮਿਸ ਪ੍ਰੀਤਮ ਨੂੰ ਨਾਥੀ ਅਜ ਹੋਰ ਦਿਨਾਂ ਨਾਲੋਂ ਵਧ ਚੰਗਾ ਲਗ ਰਿਹਾ ਸੀ। ਚੰਗੇ ਤੋਂ ਛੁਟ ਪਿਆਰਾ ਵੀ। ਉਸ ਦੇ ਦੁਖ ਸੁਖ ਦਾ ਉਹ ਇਤਨਾ ਧਿਆਨ ਰਖਦਾ ਹੈ ਕਿ ਆਪਣੀ ਨੀਂਦਰ ਤੇ ਆਰਾਮ ਤਕ ਦੀ ਪਰਵਾਹ ਨਹੀਂ ਕਰਦਾ।

ਜ਼ਿੰਦਗੀ ਦੇ ਹਰ ਪੱਖ ਤੋਂ ਠੁਕਰਾਈ ਹੋਈ ਏਸ ਨਾਚੀਜ਼ ਦੀ ਏਨੀ ਕੀਮਤ ਹੈ ਨਾਥੀ ਦੀਆਂ ਨਜ਼ਰਾਂ ਵਿਚ।

"ਤੂੰ ਬੜਾ ਈ ਮੂਰਖ ਏ ਨਾਥੀ। ਉਸ ਦੇ ਮੋਢੇ ਤੇ ਕੋਮਲ ਜਿਹਾ ਧੱਪਾ ਮਾਰ ਕੇ ਉਹ ਬੋਲੀ—ਇੰਝ ਵੀ ਕੋਈ ਕਰਦਾ ਏ ਸੁਦਾਈਆ?"

ਮਿਸ ਪ੍ਰੀਤਮ ਦਾ ਇਹ ਸ਼ਿਕਵਾ ਨਾਥੀ ਨੂੰ ਵਰਦਾਨ ਵਰਗਾ ਜਾਪਿਆ। ਨਾਥੀ ਦੀਆਂ ਅੱਖਾਂ ਤੇ ਕਿਸੇ ਦੀਆਂ ਉਂਗਲਾਂ ਦੇ ਪੋਟੇ ਰੁਲਕ ਰਹੇ ਸਨ।

******

# 33.

ਐਤਵਾਰ ਦੀ ਦਿਹਾੜੀ ਵਾਹਵਾ ਗੁਜ਼ਾਰੀ ਸੀ ਮਿਸ ਪ੍ਰੀਤਮ ਦੀ। ਅਜ ਉਸ ਨੇ ਬਹੁਤਾ ਵਕਤ ਨਾਥੀ ਨਾਲ ਬਿਤਾਇਆ ਸੀ। ਖਾਸ ਤੌਰ ਤੇ ਉਸ ਦੀ ਬਰੇਲ ਲਿਪੀ ਨੂੰ ਵਾਚਦਿਆਂ।

ਸੋਮਵਾਰ ਉਹ ਤਿਆਰ ਹੋ ਕੇ ਸਵੇਰੇ ਸਕੂਲ ਗਈ। ਸਕੂਲ ਦੇ ਅਹਾਤੇ ਵਿਚ ਵੜਦਿਆਂ ਹੀ ਸਨੀਚਰਵਾਰ ਹੋਈ ਘਟਨਾ ਦਾ ਜ਼ਖ਼ਮ ਮੁੜ ਉਸ ਅੰਦਰ ਰਿਸਣ ਲੱਗਾ। ਬੇਦਿਲਿਆਂ ਜਿਹੇ ਉਹ ਆਪਣੀ ਕਲਾਸ ਨੂੰ ਪੜ੍ਹਾ ਰਹੀ ਸੀ ਕਿ ਚਪੜਾਸਣ ਹੈਡਮਿਸਟ੍ਰੈਸ ਦਾ ਰੁੱਕਾ ਲੈ ਕੇ ਆਈ।

ਹੈਡਮਿਸਟ੍ਰੈਸ ਦੇ ਦਫ਼ਤਰ ਵਿਚ ਵੜਦਿਆਂ ਹੀ ਉਸ ਦੀ ਨਜ਼ਰ ਉਸ ਦੇ ਗੁਸੈਲੇ ਚਿਹਰੇ ਤੇ ਪਈ। ਮਿਸ ਪ੍ਰੀਤਮ ਵਲ ਉਹ ਘੂਰੀ ਪਾ ਕੇ ਤਕੀ। ਜਿਵੇਂ ਮਿਸ ਪ੍ਰੀਤਮ ਅਧਿਆਪਕਾ ਨਾ ਹੋ ਕੇ ਕੋਈ ਮੁਜ਼ਰਮ ਹੋਵੇ-

"ਮਿਸ ਪ੍ਰੀਤਮ! ਇਹ ਮੈਂ ਕੀ ਸੁਣ ਰਹੀ ਹਾਂ ?"

-"ਕੀ ਗੱਲ ਸੁਣੀ ਜੇ ਭੈਣ ਜੀ ?"

ਹੂੰ ਨਾਲੇ ਚੋਰ ਨਾਲੇ ਚਤੁਰ। ਨਿੱਖਟੜੀਏ ਛੇਕੜ ਓਹੋ ਗੱਲ ਕੀਤੀ ਉ, ਅਖੇ ਭੁੱਖੇ ਦੀ ਧੀ ਰੱਜੀ ਤੇ ਖੇਹ ਉਡਾਵਣ ਲੱਗੀ? ਜੇ ਏਡੀ ਓ ਅੱਗ ਲਗ ਪਈ ਸੀ ਤਾਂ ਕਿਸੇ ਚੱਜ ਦੇ ਬੰਦੇ ਨਾਲ ਖੇਹ ਖਾਂਦੀਓ। ਅੰਨ੍ਹੇ ਅਪਾਹਜ ਹੀ ਰਹਿ ਗਏ ਸਨ ਤੇਰੇ ਜੋਗੇ। ਫਿਟੇ-ਏ-ਏ ਮੂੰਹ ਤੇਰੀ ਉਕਾਤ ਦਾ।

ਮਿਸ ਪ੍ਰੀਤਮ ਡਿਗਣ ਦੇ ਡਰੋਂ ਧੱਮ ਕਰਕੇ ਕੁਰਸੀ ਉਤੇ ਬੈਠ ਗਈ। ਓਧਰ ਵਡੇ ਭੈਣ ਜੀ ਦੇ ਬੋਲ ਜ਼ਹਿਰ ਉਗਲ ਰਹੇ ਸਨ—

"-ਨਾਮੁਰਾਦੇ! ਕੰਜ ਕੁਆਰੀਆਂ ਨੂੰ ਇਹ ਤਾਲੀਮ ਦਏਂਗੀ ? ਕੀ ਤੂੰ ਚਾਹੁੰਨੀ ਏ ਜੁ ਤੇਰੇ ਵਾਂਗ ਹੀ ਉਹ ਦੁਰਚਾਰਨਾਂ ਬਣ ਕੇ ਮੇਰੇ ਸਕੂਲ ਨੂੰ ਕੋਠੀ ਖਾਨਾ ਬਣਾ ਦੇਣ। ਆਖਰ ਮਾਂ ਉਤੇ ਹੀ ਗਈਓਂ।

ਤੇ ਮਿਸ ਪ੍ਰੀਤਮ ਅੰਦਰੋਂ ਓਹੀ ਦੂਸਰੀ ਮਿਸ ਪ੍ਰੀਤਮ ਕੜਕ ਉਠੀ—

"ਭੈਣ ਜੀ! ਜੋ ਕੁਝ ਆਖ ਦਿੱਤਾ ਜੇ, ਏਦੂੰ ਅਗਾਂਹ ਕੋਈ ਸ਼ਬਦ ਜ਼ਬਾਨ ਤੇ ਨਾ ਲਿਆਉਣਾ।"

'ਬੱਲੇ ਨੀ ਵਡੀ ਸਤਵੰਤੀ ਦੀਏ ਧੀਏ। ਕਿਆ ਰੀਸਾਂ ਨੇ ਤੇਰੀ ਮਾਂ ਦੀਆਂ, ਸੁਣ ਚੁਕੀ ਆਂ ਉਸ ਦੀਆਂ ਕਰਤੂਤਾਂ ਵੀ। ਜਿਹੜੀ ਖ਼ਸਮ ਦੀ ਮੜ੍ਹੀ ਨੂੰ ਲੱਤ ਮਾਰ ਕੇ ਕੂੰਜੜੇ ਦੀ ਛੇਜੇ ਜਾ ਚੜ੍ਹੀ ਸੀ। ਸਚੋਂ ਹੀ ਇਹੋ ਜਿਹੀਆਂ ਬਦਚਲਣਾਂ- "
ਮਿਸ ਪ੍ਰੀਤਮ ਦੇ ਸਿਰ ਤੇ ਜਿਵੇਂ ਭੂਤ ਸਵਾਰ ਹੋ ਗਿਆ ਤੇ ਉਹ ਇਹ ਕਹਿੰਦੀ ਹੋਈ ਉਠ ਖਲੋਤੀ-

ਬਸ ਵੀ ਕਰੋ ਭੈਣ ਜੀ। ਨਾ ਸਚ ਫੁਲਾਓ ਮੈਥੋਂ। ਮੇਰੀ ਮਾਂ ਨੇ ਰੰਡੀ ਹੋਣ ਤੋਂ ਬਾਅਦ ਦੂਜਾ ਖ਼ਸਮ ਕੀਤਾ ਸੀ। ਪਰ ਜ਼ਰਾ ਆਪਣੀ ਪੀਹੜੀ ਹੇਠਾਂ ਵੀ ਸੋਟਾ ਫੇਰੇ ਖਾਂ ਤੁਸੀਂ। ਜਿਉਂਦਾ ਖ਼ਸਮ ਛੱਡਕੇ ਮੇਰੇ ਮਾਮੇ ਦੀ ਛੇਜੇ ਨਹੀਂ ਸਾਓ-

'ਖ਼ਾਮੋਸ਼ ਬਦਜ਼ਾਤੇ!" ਤੇ ਨਾਲ ਹੀ ਮੂੰਹ ਉਤੇ ਦੋਹਾਂ ਪਾਸੇ ਥੱਪੜਾਂ ਦੀ ਬੁਛਾੜ ਸ਼ੁਰੂ ਹੋ ਗਈ। ਦਫ਼ਾ ਹੋ ਜਾ ਏਥੋਂ ਬਦਕਾਰੇ। ਮੈਂ ਤਾਂ ਗੰਦਗੀ ਢੱਕੀ ਸੀ। ਪਰ ਕੁੱਤੇ ਨੂੰ ਖੀਰ ਕਾਹਨੂੰ ਪਚਦੀ ਏ?

ਕੁਚਲੀ ਹੋਈ ਸੱਪਣੀ ਵਾਂਗ ਵਿੱਸ ਘੋਲਦੀ ਹੋਈ ਮਿਸ ਪ੍ਰੀਤਮ ਕਮਰੇ 'ਚੋਂ ਬਾਹਰ ਨਿਕਲੀ ਤਾਂ ਅਧਿਆਪਕਾਵਾਂ, ਜਿਹੜੀਆਂ ਬਾਹਰ ਖਲੋਤੀਆਂ ਸਾਰਾ ਤਮਾਸ਼ਾ ਵੇਖ ਰਹੀਆਂ ਸਨ, ਨੇ ਮਿਸ ਪ੍ਰੀਤਮ ਦੀ ਲਾਹ ਪਾਹ ਸ਼ੁਰੂ ਕਰ ਦਿੱਤੀ- ਮੁੱਕਿਆਂ ਠੁੱਡਿਆਂ ਤੇ ਚਪੇੜਾਂ ਨਾਲ।

ਅਧੀ ਹੋਸ਼ ਤੇ ਅੱਧੀ ਬੇਹੋਸ਼ੀ ਦੀ ਹਾਲਤ ਵਿਚ ਪਾਟੇ, ਰੱਤ ਚੋਂਦੇ ਕੱਪੜਿਆਂ ਤੇ ਸੁੱਜੇ ਹੋਏ ਮੂੰਹ ਨਾਲ ਉਹ ਘਰ ਵਲ ਤੁਰੀ ਜਾ ਰਹੀ ਸੀ। 'ਘਰ' ਘਰ ਜਾ ਕੇ ਕੀ ਕਰਾਂਗੀ? ਓਹ! ਕਿਤਨੀ ਢੀਠ ਹਾਂ ਮੈਂ—ਕੇਡੀ ਬੇਗ਼ੈਰਤ, ਜੇਹੜੀ ਏਸ ਹਾਲ ਨੂੰ ਪਹੁੰਚ ਕੀ ਵੀ ਜਾਨ ਦਾ ਮੋਹ ਨਹੀਂ ਛੱਡਦੀ। ਇਹ ਜੋ ਕੁਝ ਮੇਰੇ ਨਾਲ ਅਜ ਵਾਪਰੀ ਹੈ, ਮੌਤ ਕੀ ਏਦੂੰ ਵੀ ਵਧ ਡਰਾਉਣੀ ਹੁੰਦੀ ਹੋਵੇਗੀ_?

ਤੇ ਘਰ ਵਲ ਜਾਣ ਦੀ ਥਾਂ ਉਹ ਮਰਨ ਦੇ ਢੰਗ ਸੋਚਣ ਲਗ ਪਈ। ਉਸ ਵੇਲੇ ਉਸ ਨੂੰ ਵਿਚਾਰੇ ਅਪਾਹਜ ਨਾਥੀ ਦਾ ਖ਼ਿਆਲ ਆਇਆ। “ਆਹ! ਵਿਚਾਰਾ ਬਦਨਸੀਬ? ਕੀ ਮੈਂ ਏਸੇ ਲਈ ਓਦਨ ਉਸ ਨੂੰ ਬਾਹਰੋਂ ਘਸੀਟ ਕੇ ਘਰ ਲਿਆਂਦਾ ਸੀ ਜੁ।”

ਤੇ ਫੇਰ ਉਹ ਘਰ ਪਰਤ ਆਈ। ਘਰ ਦੇ ਬੂਹੇ ਨੂੰ ਠਕੋਰਦਿਆਂ ਜਿਵੇਂ ਉਹ ਨਹੀਂ, ਕੋਈ ਹੋਰ ਇਹ ਸਭ ਕੁਝ ਕਰਵਾ ਰਿਹਾ ਹੋਵੇ ਉਸ ਤੋਂ।

*****

# 34.

ਨਾਥੀ ਪਾਸ ਭਾਵੇਂ ਘੜੀ ਨਹੀਂ ਸੀ। ਪਰ ਮਿਸ ਪ੍ਰੀਤਮ ਦੀ ਉਡੀਕ ਵਿਚ ਘੜੀ ਦੀ ਥਾਂ ਉਹ ਦੂਰਬੀਨ ਵਾਂਗ ਕੰਮ ਕਰਦਾ ਸੀ। ਹੁਣ ਬੀਬੀ ਜੀ ਸਕੂਲ ਦੇ ਹਾਤੇ ਵਿਚੋਂ ਨਿਕਲ ਕੇ ਘਰ ਵਲ ਤੁਰ ਪਏ ਹੋਣਗੇ।

ਨਾਥੀ ਮਿਸ ਪ੍ਰੀਤਮ ਦੀ ਗ਼ੈਰ ਹਾਜ਼ਰੀ ਵਿਚ ਘਰ ਦੇ ਸਾਰੇ ਕੰਮ ਮੁਕਾ ਲੈਂਦਾ। ਅਜ ਉਹ ਬਜ਼ਾਰ ਜਾ ਕੇ ਸਬਜ਼ੀ ਵੀ ਲੈ ਆਇਆ ਸੀ। ਉਸ ਨੂੰ ਅਹਿਸਾਸ ਸੀ ਕਿ ਪਰਸੋਂ ਵਾਲੀ ਘਟਨਾ ਕਾਰਨ ਮਿਸ ਪ੍ਰੀਤਮ ਉਖੜੀ ਉਖੜੀ ਸੀ।

ਜਿਉਂ ਹੀ ਉਸ ਨੂੰ ਬੂਹਾ ਠਕੋਰਨ ਦੀ ਆਵਾਜ਼ ਸੁਣਾਈ ਦਿਤੀ ਕਿ ਉਹ ਬੂਹੇ ਵਲ ਬਿਨਾਂ ਡੰਗੋਰੀ ਤੋਂ ਨਸਾ ਗਿਆ। ਮਿਸ ਪ੍ਰੀਤਮ ਬਿਨਾਂ ਕੁਝ ਕਿਹਾਂ ਮੰਜੀ ਉਤੇ ਆਣ ਡਿੱਗੀ। ਨਾਥੀ ਦੇ ਸੋਤਰ ਹੀ ਤਾਂ ਸੁਕ ਗਏ। ਉਂਜ ਤਾਂ ਪਰਸੋਂ ਵਾਲੀ ਗੱਲ 'ਰੱਬ ਮਿਲਾਈ- ਵਾਲੀ ਘਟਨਾ ਦਾ ਅਸਰ ਅਜੇ ਬਾਕੀ ਸੀ' 'ਤਾਂ ਕੀ ਅਜ ਕੋਈ ਨਵਾਂ ਭਾਣਾ ਵਾਪਰ ਗਿਆ?"

'ਬੀਬੀ ਜੀ, ਕੀ ਹੋਇਆ?" ਚਿਲਾਂਦਾ ਹੋਇਆ ਨਾਥੀ ਉਸਦੀ ਮੰਜੀ ਤੇ ਜਾ ਬੈਠਾ। ਮਿਸ ਪ੍ਰੀਤਮ ਨੇ ਬਿਨਾਂ ਕੁਝ ਲੁਕਾਣ ਦੇ ਨਾਥੀ ਦਾ ਹੱਥ ਆਪਣੀ ਗਲ ਉਤੇ ਰੱਖ ਦਿੱਤਾ।

"ਨਾਥੀ!_ ਮੈਨੂੰ ਮਾਰ ਕੁਟ ਕੇ। ਮੇਰੀ ਬੇਇਜ਼ਤੀ ਕਰਕੇ ਹੈੱਡ ਮਿ-' ਤੇ ਇਸ ਤੋਂ ਅੱਗੇ ਭੁੱਬਾਂ-ਹਟਕੋਰੇ_ ਸਿਸਕੀਆਂ।

ਨਾਥੀ ਦਾ ਸਾਹ ਸਤ ਮੁਕੀ ਜਾ ਰਿਹਾ ਸੀ । ਸੰਭਵ ਸੀ ਕਿ ਉਹ ਨਿਢਾਲ ਹੋ ਕੇ ਮਿਸ ਪ੍ਰੀਤਮ ਦੇ ਸਰੀਰ ਉਤੇ ਢਹਿ ਹੀ ਪੈਂਦਾ ਜੇ ਏਸੇ ਵੇਲੇ ਹੁਕਮੀ ਲਹਿਜੇ ਵਿਚ ਉਸ ਨੂੰ ਮਿਸ ਪ੍ਰੀਤਮ ਦੇ ਇਹ ਸ਼ਬਦ ਨਾ ਸੁਣਾਈ ਦੇ ਜਾਂਦੇ—

'ਨਾਥੀ! ਅਜ ਮੈਂ ਨਹੀਂ ਆਪਣਾ ਆਪ ਤੈਥੋਂ ਲੁਕਾ ਸਕਦੀ। ਤੈਨੂੰ ਰੱਬ ਦਾ ਵਾਸਤਾ ਈ ਨਾਥੀ। ਆਪਣੇ ਦਿਲ ਨੂੰ ਖਲਿਹਾਰ ਜੇ ਮੈਨੂੰ ਜਿਊਦੀ ਵੇਖਣਾ ਈ।

ਏਸ ਹਾਲਤ ਵਿਚ ਨਾਥੀ ਲਈ ਹੋਰ ਕੁਝ ਪੁਛਣ ਦੀ ਗੁਜਾਇੰਸ਼ ਨਹੀਂ ਸੀ। ਮਿਸ ਪ੍ਰੀਤਮ ਨੇ ਸਭ ਕੁਝ ਆਪੇ ਹੀ ਉਸ ਨੂੰ ਦੱਸ ਦਿੱਤਾ ਸੀ। ਨਾਥੀ ਦਾ ਇਹ ਸਭ ਸੁਣਕੇ ਕੀ ਹਾਲ ਹੋਇਆ? ਜਿਉਂ ਜਿਉਂ ਉਹ ਸੁਣਾਂਦੀ ਗਈ ਤਿਵੇਂ ਤਿਵੇਂ ਉਸ ਦੇ ਹਟਕੋਰੇ ਉਚੇ ਤੋਂ ਉਚੇ ਹੋਈ ਗਏ ਤੇ ਨਾਥੀ ਦੇ ਹੱਥਾਂ ਉਤੇ ਉਸ ਦੇ ਹੱਥਾਂ ਦਾ ਦਬਾਓ ਵਧਦਾ ਗਿਆ।

ਪਰ ਕੀ ਨਾਥੀ ਲਈ ਏਸ ਭੁਚਾਲ ਦੇ ਝਟਕੇ ਤੋਂ ਆਪਣੇ ਆਪ ਨੂੰ ਸੁਰੱਖਿਅਤ ਰਖਣਾ ਸੰਭਵ ਸੀ?'

******

# 35.

ਦਿਲ ਤੇ ਸਰੀਰ ਉਤੇ ਚੋਟਾਂ ਦੀ ਤਾਬ ਨਾ ਝਲਦਿਆਂ ਹੋਇਆਂ ਮਿਸ ਪ੍ਰੀਤਮ ਨੂੰ ਜ਼ੋਰ ਦਾ ਬੁਖ਼ਾਰ ਚੜ੍ਹ ਗਿਆ। ਕਲ੍ਹ ਮੁੱਕਲਾ ਨਾਥੀ, ਨਾ ਹੋਈ ਆਂਢ ਨਾ ਗੁਆਂਢ ਤੇ ਉਤੋਂ ਕਾਲੀ ਬੋਲੀ ਰਾਤ। ਡਾਕਟਰ ਹਕੀਮ ਵਲ ਜਾਵੇ ਤਾਂ ਬੀਬੀ ਜੀ ਨੂੰ ਇਸ ਦੇ ਆਸਰੇ ਛਡ ਕੇ ਜਾਵੇ। ਉਸ ਦੀ ਹਾਲਤ ਮਿਸ ਪ੍ਰੀਤਮ ਨਾਲੋਂ ਵੀ ਵਧੇਰੇ ਤਰਸਯੋਗ ਸੀ। ਏਸ ਹਾਲਤ ਵਿਚ ਉਹ ਕਿਸ ਨੂੰ ਪੁਕਾਰੇ।

ਕੁਝ ਵੀ ਸਹੀ, ਪਰ ਏਸ ਅਸਹਿ ਕਿਸਮ ਦੇ ਸੰਕੋਚ ਅਗੇ ਨਾਥੀ ਗੋਡੇ ਟੇਕਣ ਨੂੰ ਤਿਆਰ ਨਹੀਂ ਸੀ। ਸਿਰ ਮੱਥਾ ਘੁਟ, ਪੈਰਾਂ ਦੀਆਂ ਤਲੀਆਂ ਤੱਸ, ਪੁੜਪੁੜੀਆਂ ਨੂੰ ਦੱਬ। ਨਾਲੋਂ ਨਾਲ ਉਹ ਦਿਲ ਚੀਰਵੀਆਂ ਅਰਜੋਈਆਂ ਕਰੀ ਜਾ ਰਿਹਾ ਸੀ। ਬੁਖ਼ਾਰ ਘਟਾਣ ਲਈ ਠੰਡੇ ਪਾਣੀ ਦੀਆਂ ਪੱਟੀਆਂ ਰੱਖਣ ਲੱਗਾ। ਸਾਰੀ ਰਾਤ ਉਸ ਰੱਬ ਅੱਗੇ ਅਰਦਾਸਾਂ ਕਰਦਿਆਂ ਲੰਘਾ ਦਿਤੀ। ਮਿਸ ਪ੍ਰੀਤਮ ਦਾ ਬੁਖ਼ਾਰ ਕੁਝ ਘਟਿਆ। ਉਸ ਨਾਥੀ ਨੂੰ ਵਾਜ ਮਾਰੀ।

"ਨਾਥੀ! ਤੂੰ ਕਿਥੇ ਐਂ?

ਬੀਬੀ ਜੀ-ਮੈਂ ਵੇਖਾਂ ਤੁਹਾਡੇ ਕੋਲ ਬੈਠਾਂ ਹਾਂ"

ਬੇਹੋਸ਼ੀ ਤੋਂ ਬਾਅਦ ਜਦੋਂ ਆਦਮੀ ਨੂੰ ਹੋਸ਼ ਪਰਤਣੀ ਸ਼ੁਰੂ ਹੁੰਦੀ ਹੈ ਤਾਂ ਇਸ ਨਾਲ ਹੀ ਕਈ ਭੁਲੀਆਂ ਵਿਸਰੀਆਂ ਗੱਲਾਂ ਮੁੜ ਨਵੇਂ ਸਿਰੇ ਉਸ ਦੇ ਮਨ ਉਤੇ ਉਭਰਨ ਲਗ ਪੈਂਦੀਆਂ ਨੇ। ਮਿਸ ਪ੍ਰੀਤਮ ਇਸ ਵੇਲੇ ਲਗ ਪਗ ਓਸੇ ਹਾਲਤ ਵਿਚੋਂ ਲੰਘ ਰਹੀ ਸੀ।

"ਤੂੰ_ ਤੂੰ ਨਾਥੀ, ਉਥੋਂ ਚੁਕ ਕੇ ਲਿਆਇਆ ਸੀ ਮੈਨੂੰ?_ ਨਹੀਂ ਸਚ। ਮੈਂ ਆਪੀ ਆ ਗਈ ਸਾਂ ਕਿ ਨਾਥੀ। ਮੇਰੀਆਂ ਗਲ੍ਹਾਂ ਨੂੰ ਕੇਡੀ ਪੀੜ ਪਈ ਹੁੰਦੀ ਏ। ਰਤਾ ਸੇਕ ਕਰ ਦੇਹ ਖਾਂL" ਪਰ ਨਹੀਂ, " ਠਹਿਰ ਜਾ। ਕਹਿੰਦਿਆਂ ਉਸ ਨੇ ਨਾਥੀ ਦੇ ਦੋਵੇਂ ਹੱਥ ਫੜ ਕੇ ਇੰਝ ਆਪਣੀਆਂ ਦੁਹਾਂ ਗੱਲਾਂ ਉਤੇ ਟਿਕਾ ਲਏ ਜਿਵੇਂ ਹੱਥ ਨਹੀਂ ਇਹ ਨਿੱਘੇ ਰੂੰ ਦੇ ਫਹੇ ਹੋਣ। ਫੇਰ ਆਪਣਾ ਹੱਥ ਮੱਥੇ ਦੇ ਵਾਲਾਂ ਉਤੇ ' ਫੇਰਦੀ ਹੋਈ ਪੁਛਣ ਲੱਗੀ-ਇਹ ਗਿਲੇ ਕਿਉਂ ਹੋ ਗਏ ਨੇ?

'ਤੁਹਾਡੇ ਮਥੇ ਉਤੇ ਪਾਣੀ ਦੀ ਟਕੋਰ ਜੁ ਕਰਦਾ ਰਿਹਾ ਸਾਂ ਬੀਬੀ ਜੀ"

"ਤਰੇਹ ਲਗੀ ਏ ਮੈਨੂੰ ਨਾਥੀ।"

'ਮੈਂ ਲਿਆਇਆ ਪਾਣੀ। ਕਹਿ ਕੇ ਨਾਥੀ ਰਸੋਈ ਚੋਂ ਪਾਣੀ ਲੈ ਆਇਆ। ਪਾਣੀ ਪੀਣ ਨਾਲ ਮਿਸ ਪ੍ਰੀਤਮ ਦੀ ਚੇਤਨਤਾ ਜ਼ਰਾ ਹੋਰ ਨਰੋਈ ਹੋ ਗਈ।

'ਤੂੰ ਨਾ ਦਿਲ ਤੇ ਲਾਈਂ ਨਾਥੀ। ਤੈਨੂੰ ਮੇਰੀ ਸਹੁੰ ਈ। ਨਾਥੀ! ਸੁਣਨਾ ਪਿਆਂ ਏ ਮੇਰੀਆਂ ਗੱਲਾਂ? ਤੈਨੂੰ ਰੱਬ ਦਾ ਵਾਸਤਾ ਈ।

'ਤੁਸੀਂ ਮੇਰੀ ਚਿੰਤਾ ਨਾ ਕਰੋ ਬੀਬੀ ਜੀ। ਮੈਂ ਬਿਲਕੁਲ ਨਵਾਂ ਨਰੋਆ ਹਾਂ। ਪਰ ਮੇਰੀ ਇਕ ਅਰਜ਼ ਮੰਨੋ। ਇਹ ਜਿਹੜੀ ਤੁਹਾਡੇ ਨਾਲ ਵਾਪਰੀ ਏ ਇਸ ਨੂੰ ਭੁਲ ਜਾਓ?

ਭੁਲ ਜਾਵਾਂਗੀ, ਨਾਥੀ! ਸਿਰਫ਼ ਤੇਰੀ ਖ਼ਾਤਰ ਮੈਨੂੰ ਭੁਲਣਾ ਪਵੇਗਾ। ਸੱਚ ਪੁਛੌਂ ਤਾਂ ਇਕ ਵੇਰ ਨਹੀਂ ਸੌ ਵਾਰੀ ਤੂੰ ਮੈਨੂੰ ਮੌਤ ਦੇ ਮੂੰਹੋਂ ਬਚਾਇਆ ਏ। ਨਹੀਂ ਤਾਂ ਹੁਣ ਤੀਕ ਮੇਰੀ ਲੋਥ ਕਿਸੇ ਖੂਹ ਵਿਚ ਤਰਦੀ ਹੁੰਦੀ।"

ਨਾਥੀ ਨਹੀਂ ਜੇਰਾ ਕਰ ਸਕਿਆ। ਉਸਦਾ ਸਿਰ ਮਿਸ ਪ੍ਰੀਤਮ ਦੀ ਹਿੱਕ ਨਾਲ ਜਾ ਲੱਗਾ। ਨਾਲ ਹੀ ਅੱਖਾਂ ਥਾਣੀ ਗੰਗਾ ਜਮਨਾ ਦਾ ਬਹਾਓ। 'ਤੇ ਮੇਰੀ ਲਾਸ਼ ਹੁਣ ਤੀਕ ਕਿਥੇ ਹੁੰਦੀ? ਉਹ ਮੂਕ ਭਾਸ਼ਾ ਵਿਚ ਕਹਿ ਰਿਹਾ ਸੀ।

'ਮੈਂ ਕਿਹਾ ਤੇਰਾ ਇੰਟਰਵਿਊ ਕਦੋਂ ਏ? ਮੈਨੂੰ ਤਾਂ ਭੁਲ ਹੀ ਗਿਆ ਸੀ।'

'ਪਰਸੋਂ ਬੀਬੀ ਜੀ!"

'ਪਰਸੋਂ? ਜ਼ਰਾ ਰੁਕ ਕੇ ਉਹ ਬੋਲੀ-ਚਲੋ, ਭਲਾ ਹੋਇਆ ਮੇਰਾ ਚਰਖ਼ਾ ਟੁਟਾ ਜਿੰਦ ਅਜ਼ਾਬੋਂ ਛੁੱਟੀ। ਹੁਣ ਤਾਂ ਸਕੂਲੋਂ ਵੀ ਛੁੱਟੀ ਨਹੀਂ ਲੈਣੀ ਪਵੇਗੀ।

ਨਾਥੀ ਜ਼ਿੱਦੀ ਬੱਚੇ ਵਰਗੇ ਵਿਰੋਧ ਵਿਚ ਬੋਲਿਆ-ਬੀਬੀ ਜੀ, ਤੁਹਾਨੂੰ ਨਹੀਂ ਜੇ ਨਾਲ ਲੈ ਜਾਣਾ ਮੈਂ। ਵੇਖਦੇ ਨਹੀਂ ਕਿੰਨਾ ਬੁਖ਼ਾਰ ਚੜ੍ਹਿਆ ਰਿਹਾ ਏ ਤੁ ।

'ਸ਼ੁਦਾਈ, ਏਨੇ ਜਿੰਨੇ ਬੁਖ਼ਾਰ ਨਾਲ ਕੀ ਵਿਗੜ ਗਿਆ ਏ ਮੇਰਾ। ਮਿਸ ਪ੍ਰੀਤਮ ਤੇ ਨਾਥੀ ਵਿਚਕਾਰ ਵਾਦ-ਵਿਵਾਦ ਚਲਦਾ ਰਿਹਾ।

*****

## 36.

ਮਿਸ ਪ੍ਰੀਤਮ ਦਾ ਬੁਖ਼ਾਰ ਨਾ ਮਲੇਰੀਏ ਜਾਂ ਸਨ-ਸਟੋਰਕ ਕਿਸਮ ਦਾ ਸੀ। ਇਹ ਤਾਂ ਮਾਨਸਿਕ ਸਦਮੇਂ ਨਾਲ ਸੰਬੰਧਤ ਸੀ। ਜਿਸ ਦੀ ਦਵਾਈ ਕੇਵਲ ਨਾਥੀ ਕੋਲ ਸੀ। ਉਸ ਨੇ ਸੇਵਾ ਵਿਚ ਜਗਰਾਤੇ ਕਟ ਕੇ ਆਪਣੇ ਬੀਬੀ ਜੀ ਨੂੰ ਰਾਜੀ ਕਰ ਲਿਆ।

ਕਲ੍ਹ ਵਾਲੇ ਭਾਂਬੜ ਦੇ ਲਾਂਬੂ ਹੁਣ ਨੀਵੇਂ ਜਾਪ ਰਹੇ ਸਨ। ਪਰ ਸਰੀਰਕ ਕਮਜ਼ੋਰੀ ਅਜੇ ਬਾਕੀ ਸੀ। ਫਿਰ ਵੀ ਉਹ ਹਿੰਮਤ ਕਰਕੇ ਰਸੋਈ ਵਲ ਗਈ। ਨਾਥੀ ਵਿਚਾਰਾ ਕਲ੍ਹ ਦਾ ਭੁੱਖਾ ਹੋਵੇਗਾ ਪਰ ਨਾਥੀ ਤਾਂ ਘਰ ਵਿਚ ਕਿਤੇ ਨਹੀਂ ਸੀ। ਉਹ ਕਈ ਪ੍ਰਕਾਰ ਦੇ ਅਨੁਮਾਨ ਲਾ ਰਹੀ ਸੀ। "ਕਿਤੇ ਡਾਕਟਰ ਨੂੰ ਲੈਣ ਤਾਂ ਨਹੀਂ ਚਲਾ ਗਿਆ। ਪਰ ਹੁਣ ਤਾਂ ਮੈਂ ਚੰਗੀ ਭਲੀ ਹਾਂ।

ਛੇਕੜ ਜਦੋਂ ਨਾਥੀ ਘਰ ਆਇਆ ਤਾਂ ਉਸ ਦੱਸਿਆ ਕਿ ਉਹ ਰਤਾ ਬਜ਼ਾਰ ਗਿਆ ਸੀ। ਇਹ ਕਹਿੰਦਿਆਂ ਉਸ ਆਪਣੀ ਜਿਹਬ ਵਿਚ ਕਾਗ਼ਜ਼ ਦੀ ਇਕ ਪੁੜੀ ਮਿਸ ਪ੍ਰੀਤਮ ਦੇ ਹੱਥ ਤੇ ਰਖਦਿਆਂ ਕਿਹਾ-ਮੈਂ ਤੁਹਾਨੂੰ ਦਸਿਆ ਸੀ ਨਾ ਬੀਬੀ ਜੀ ਕਿ ਕੰਮ ਧੰਦਾ ਚਾਲੂ ਰੱਖਣ ਖਾਤਰ ਮੈਂ ਕੁਝ ਰਕਮ ਇਕ ਦੁਕਾਨਦਾਰ ਪਾਸ ਜੋੜਦਾ ਰਹਿੰਦਾ ਹਾਂ।"

'ਆਹੋ, ਪਰ ਇਸ ਦੀ ਕੀ ਲੋੜ ਪੈ ਗਈ ਅਜ ਤੈਨੂੰ? ਹੁਣ ਮੇਰੀ ਨੌਕਰੀ ਛੁਟ ਗਈ ਏ, ਇਸ ਕਰਕੇ ?

"ਨਾਥੀ ਅਜੇ ਵੀ ਚੁੱਪ ਸੀ ।

ਨੋਟਾਂ ਦੀ ਥੱਬੀ ਰੱਖ ਲਵੇ ਕਿ ਨਾਥੀ ਦੇ ਹੱਥ ਫੜਾ ਦੇਵੇ? ਨਾਥੀ ਦਾ ਦਿਲ ਵਧਾਣਾ ਚਾਹੀਦਾ ਹੈ ਕਿ ਉਸ ਨੂੰ ਤੋੜਨਾ ਚਾਹੀਦਾ ਹੈ? ਮਿਸ ਪ੍ਰੀਤਮ ਦੇ ਕੁਝ ਸਮਝ ਨਹੀਂ ਸੀ ਆ ਰਿਹਾ।

ਤੇ ਨਾਥੀ ਕਿਸੇ ਅਣਦਿਸਦੀ ਚੀਜ਼ ਨੂੰ ਆਪਣੀਆਂ ਅੰਦਰਲੀਆਂ ਅੱਖਾਂ ਨਾਲ ਦੇਖਣ ਦਾ ਜਤਨ ਕਰ ਰਿਹਾ ਸੀ।

'ਬੀਬੀ ਜੀ! ਮੋੜਨਾ ਨਾ, ਜੇ ਮੇਰਾ ਦਿਲ ਸਾਬਤ ਰਖਣਾ ਲੋੜਦੇ ਜੇ। ਮੇਰਾ ਇਸ ਦੁਨੀਆਂ ਵਿਚ ਕੌਣ ਹੈ। ਤੇ ਜੇ ਤੁਸੀਂ- ਜੇ ਤੁਸੀਂ ਵੀ.' ਤੇ ਥੋੜ ਦਿਲਾ ਨਾਥੀ ਬੋਲਦਾ ਬੋਲਦਾ ਫਿੱਸ ਹੀ ਤਾਂ ਪਿਆ।

"ਤੂੰ ਮੈਨੂੰ ਏਡੀ ਪੱਥਰ ਸਮਝ ਰਖਿਆ ਨਾਥੀ! ਬੰਦ ਕਰ ਅਥਰੂਆਂ ਨੂੰ। ਵੇਖ ਹੁਣ ਮੈਂ ਬਿਲਕੁਲ ਠੀਕ ਹਾਂ। ਮੈਂ ਸਮਝਿਆ ਸੀ ਤੂੰ ਕਿਤੇ ਡਾਕਟਰ ਵਲ ਨਾ ਭੱਜਾ ਗਿਆ ਹੋਵੇਂ।"

'ਭਲਾ ਮੈਨੂੰ ਏਨੀ ਵੀ ਸਮਝ ਨਹੀਂ ਬੀਬੀ ਜੀ? ਮੈਂ ਤੁਹਾਡੇ ਸਾਹ ਲੈਣ ਤੋਂ ਹੀ ਪਛਾਣ ਗਿਆ ਸਾਂ ਕਿ ਹੁਣ ਤੁਸੀਂ ਠੀਕ ਹੈ।

"ਨਾਥੀ ਇਹ ਕਿੰਨੀ ਰਕਮ ਏ ਜਿਹੜੀ ਤੂੰ ਮੈਨੂੰ ਫੜਾਈ ਏ?

'ਪੰਜ ਸੌ ਤੋਂ ਉਪਰ ਬੀਬੀ ਜੀ।

'ਯਾਨੀ ਸਾਢੇ ਪੰਜ ਸੌ।' ਮਿਸ ਪ੍ਰੀਤਮ ਰਕਮ ਬਾਰੇ ਸੋਚਦੀ ਡੂੰਘੀਆਂ ਸੋਚਾਂ ਵਿਚ ਪੈ ਗਈ।

ਕੀ ਪਏ ਸੋਚਦੇ ਜੇ ਬੀਬੀ ਜੀ?"

ਮੈਂ ਇਕ ਵਾਰੀ ਅਖ਼ਬਾਰ ਵਿਚ ਪੜ੍ਹਿਆ ਸੀ ਕਿ ਕਈਆਂ ਮੁਲਕਾਂ ਵਿਚ ਅੱਖਾਂ ਦੇ ਬੈਂਕ ਹੁੰਦੇ ਨੇ। ਮਤਲਬ ਇਹ ਕਿ ਕਿਸੇ ਮੁਰਦੇ ਦੀਆਂ ਅੱਖਾਂ ਕਢ ਕੇ ਸਾਇੰਸ ਦੀ ਮਦਦ ਨਾਲ ਕਿਸੇ ਜਿਉਂਦੇ ਨੂੰ ਅੰਨ੍ਹੇ ਤੋਂ ਸੁਜਾਖਾ ਬਣਾ ਦਿੱਤਾ ਜਾਂਦਾ ਏ। ਸਾਡੇ ਦੇਸ ਵਿਚ ਵੀ ਕਈ ਨਾਬੀ ਨਿਆਂ ਨੂੰ ਏਸ ਇਲਾਜ ਦਾ ਲਾਭ ਪਹੁੰਚਿਆ ਏ "

ਛੱਡੋ ਬੀਬੀ ਜੀ ਏਹਨਾਂ ਵਿਹਲੀਆਂ ਗੱਲਾਂ ਨੂੰ। ਮੈਨੂੰ ਨਹੀਂ ਹੁਣ ਲੋੜ ਅੱਖਾਂ ਉਖਾਂ ਦੀ। ਤੁਹਾਡੀਆਂ ਅੱਖਾਂ ਨਾਲ ਹੀ ਮੈਂ ਸਭ ਕੁਝ ਵੇਖ ਸਕਨਾ ਆਂ।

"ਠੀਕ ਕਹਿਨਾਂ ਏਂ ਤੂੰ ਨਾਥੀ।' ਮਿਸ ਪ੍ਰੀਤਮ ਨੇ ਲੰਮਾ ਹਉਕਾ ਭਰਿਆ। 'ਅਜ ਦੇ ਜ਼ਮਾਨੇ ਵਿਚ ਗ਼ਰੀਬਾਂ ਦੀ ਕੀਹ ਵੜੀਂਦੀ ਏ। ਸਾਡੇ ਕੋਲ ਇਲਾਜ ਜੋਗੀ ਏਨੀ ਰਕਮ ਵੀ ਤਾਂ ਨਹੀਂ।

ਬੀਬੀ ਜੀ" ਨਾਥੀ ਬੋਲਿਆ।

ਪਰ ਮਿਸ ਪ੍ਰੀਤਮ ਨੇ ਕੋਈ ਉੱਤਰ ਨਾ ਦਿੱਤਾ। ਉਸਦਾ ਧਿਆਨ ਕਿਤੇ ਹੋਰਥੇ ਸੀ।

ਮੈਂ ਪੁਛਿਆ, "ਕੇਹੜੇ ਪਾਸੇ ਗਿਆ ਏ ਤੁਹਾਡਾ ਧਿਆਨ ?"

"ਸੱਚ ਨਾਥੀ ਅਸੀਂ ਅੰਮ੍ਰਿਤਸਰ ਜਾਣਾ ਏ ਨਾ?"

"ਜੀ ਹਾਂ। ਪਰ ਉਥੇ ਮੈਂ ਇੱਕਲਾ ਹੀ ਜਾਵਾਂਗਾ ਬੀਬੀ ਜੀ।

ਤੂੰ ਸਕੂਲ ਵਾਲੀਆਂ ਗੱਲਾਂ ਤੋਂ ਪਿਆ ਘਬਰਾਨਾ ਏ ?

ਚੰਨ ਉਤੇ ਜੇਹੜਾ ਥੁਕੇਗਾ, ਥੁੱਕਾਂ ਉਸ ਦੇ ਮੂੰਹ ਤੇ ਪੈਣਗੀਆਂ। ਨਿੰਮੋਝੂਣਾ ਜਿਹਾ ਉਹ ਬੋਲਿਆ-"ਇਹ ਤਾਂ ਠੀਕ ਏ ਤੁਹਾਡੀ ਗੱਲ। ਪਰ_

"ਦੂਰ ਕਰ ਨਾਥੀ ਡਰਪੋਕਾਂ ਵਾਲੀਆਂ ਗੱਲਾਂ ਨੂੰ। ਮੈਂ ਜ਼ਰੂਰ ਜਾਵਾਂਗੀ ਤੇਰੇ ਨਾਲ।"

ਨਾਥੀ ਨਿਰੰਤਰ ਹੋ ਗਿਆ।

******

## 37.

ਅਗਲੇ ਦਿਨ ਮਿਸ ਪ੍ਰੀਤਮ ਤੇ ਨਾਥੀ ਰੇਲਵੇ ਸਟੇਸ਼ਨ ਲਈ ਰਵਾਨਾ ਹੋਏ। ਘਰੋਂ ਨਿਕਲਣ ਵੇਲੇ ਮਿਸ ਪ੍ਰੀਤਮ ਦੇ ਮਨ ਵਿਚ ਇਕ ਝਿੱਜਕ ਸੀ। ਪਰ ਸਟੇਸ਼ਨ ਤਕ ਪਹੁੰਚਦਿਆਂ ਉਹ ਸੰਭਲ ਗਈ। ਫਿਰ ਵੀ ਮਰਦਾਵੇਂ ਡੱਬੇ ਵਿਚ ਨਾਲੋ ਨਾਲ ਬੈਠਿਆਂ ਉਹ ਸੋਚਣ ਲੱਗੀ ਕਿ ਜੇ ਕਿਸੇ ਨੇ ਪੁੱਛ ਲਿਆ- ਇਹ ਅੰਨ੍ਹਾ ਤੇਰਾ ਕੀ ਲਗਦਾ ਹੈ? ਜਾਂ ਨਾਥੀ ਨੂੰ ਹੀ ਕਿਸੇ ਮੁਸਾਫ਼ਰ ਨੇ ਪੁਛਿਆ ਕਿ "ਇਹ ਕੁੜੀ ਤੇਰੀ ਕੀ ਲਗਦੀ ਹੈ?"

ਪਰ ਭੀੜ ਕਾਰਨ ਕਿਸੇ ਦਾ ਧਿਆਨ ਇਸ ਪਾਸੇ ਨਾ ਗਿਆ। ਜਿਸ ਕਰਕੇ ਚੁੱਪ ਬੈਠੇ ਦੋਵੇਂ ਦਿਲਾਂ ਦੀ ਹੀ ਭਾਸ਼ਾ ਵਿਚ ਗੱਲਾਂ ਕਰੀ ਜਾ ਰਹੇ ਸਨ-ਸੁਣੀ ਜਾ ਰਹੇ ਸਨ।

ਰੇਲ ਦਾ ਸਫ਼ਰ ਖ਼ਤਮ ਹੋਇਆ। ਰਿਕਸ਼ੇ ਵਿਚ ਉਹ ਦੁਰਗਿਆਨਾ ਮੰਦਰ ਕੋਲ ਸਥਿੱਤ ਅੰਧ-ਵਿਦਿਆਲੇ ਦੀ ਵਿਸ਼ਾਲ ਇਮਾਰਤ ਵਿਚ ਦਾਖ਼ਲ ਹੋਏ। ਮਿਸ ਪ੍ਰੀਤਮ ਨਾਥੀ ਦੀ ਅਗਵਾਈ ਕਰ ਰਹੀ ਸੀ।

ਮਿਸ ਪ੍ਰੀਤਮ ਨੇ ਮੈਨੇਜਰ ਨੂੰ ਨਾਥੀ ਦੀ ਰਿਸ਼ਤੇਦਾਰ ਦੱਸ ਕੇ 'ਜਾਣ-ਪਹਿਚਾਣ' ਕਰਵਾਈ।

ਨਾਥੀ ਦਾ ਇੰਟਰਵਿਊ ਚੰਗਾ ਹੋ ਗਿਆ। ਘੰਟਾ ਸਵਾ ਘੰਟਾ ਲਿਖਣ ਪੜ੍ਹਨ ਦਾ ਕੰਮ ਜਾਰੀ ਰਿਹਾ। ਹੁਣ ਇੰਟਰਵਿਊ ਦਾ ਨਤੀਜਾ ਬਾਕੀ ਸੀ।

"ਮਿਸਟਰ ਨਾਥ, ਤੁਹਾਡਾ ਕੰਮ ਤਾਂ ਸ਼ਲਾਘਾਯੋਗ ਹੈ ਪਰ ਨੇਤਰ ਹੀਣਾਂ ਨੂੰ ਪੜ੍ਹਾਨ ਲਈ ਅੱਖਾਂ ਦਾ ਹੋਣਾ ਜ਼ਰੂਰੀ ਹੈ।"

ਸੁਣ ਕੇ ਨਾਥੀ ਦਾ ਜੋ ਹਾਲ ਹੋਇਆ। ਮਿਸ ਪ੍ਰੀਤਮ ਦਾ ਤਾਂ ਜਿਵੇਂ ਇਨ੍ਹਾਂ ਵਾਕਾਂ ਨੇ ਸੱਬਰ ਹੀ ਲਾਹ ਦਿੱਤਾ।

"ਸਾਡੇ ਦੇਸ਼ ਵਿਚ ਅੱਖਾਂ ਵਾਲੇ ਬਰੇਲ ਮਾਸਟਰਾਂ ਦੀ ਕਾਫ਼ੀ ਥੁੜ ਹੋਣ ਕਾਰਨ ਅਜੇ ਅਸੀਂ ਇਸ ਅਸਾਮੀ ਉਤੇ ਮਿਸਟਰ ਨਾਥ ਨੂੰ ਰੱਖ ਲੈਂਦੇ ਹਾਂ। ਯੋਗ ਪ੍ਰਬੰਧ ਹੋਣ ਪਿਛੋਂ ਤਾਂ ਤੁਹਾਨੂੰ ਵਾਪਸ ਜਾਣਾ ਪਵੇਗਾ।

"ਸਾਨੂੰ ਤੁਹਾਡਾ ਫੈਸਲਾ ਮਨਜੂਰ ਹੈ" ਨਾਥੀ ਦੇ ਥਾਂ ਮਿਸ ਪ੍ਰੀਤਮ ਵਿਚੋਂ ਹੀ ਬੋਲ ਉਠੀ।

'ਤਾਂ ਫਿਰ ਬੀਬੀ, ਪਰਸੋਂ ਤੋਂ ਹੀ ਇਹ ਆਪਣੀ ਡਿਊਟੀ ਸੰਭਾਲ ਸਕਦੇ ਨੇ। ਅਰੰਭਕ ਤਨਖਾਹ ਅੱਸੀ ਰੁਪਏ ਤੇ ਵੀਹ ਰੁਪਏ ਮਹਿੰਗਾਈ ਭੱਤਾ। ਕੁਆਰਟਰ ਤੇ ਬਿਜਲੀ ਪਾਣੀ ਵੀ । ਇਸ ਤੋਂ ਛੁਟ ਘਰ ਦੇ ਕੰਮ ਲਈ ਇਕ ਸੇਵਾਦਾਰ ਵੀ ਮਿਲੇਗਾ।

'ਮਨਜੂਰ ਹੈ ਮੈਨੇਜਰ ਸਾਹਿਬ। ਪੂਰੇ ਚਾ ਵਿਚ ਭਰ ਕੇ ਮਿਸ ਪ੍ਰੀਤਮ ਨੇ ਕਿਹਾ।

ਤੇ ਅਗਲੇ ਦਿਨ ਤੋਂ ਨਾਥੀ ਮਾਸਟਰ ਦੀਨਾ ਨਾਥ ਬਣ ਕੇ ਅੰਧ-ਵਿਦਿਆਲੇ ਵਿਚ 'ਬਰੇਲ ਮਾਸਟਰ' ਨਿਯੁੱਕਤ ਹੋ ਗਿਆ।

ਰਾਤ ਦੋਹਾਂ ਨੇ ਮੁਸਾਫ਼ਰਖਾਨੇ ਵਿਚ ਕਟੀ। ਅਗਲੇ ਦਿਨ ਮਿਸ ਪ੍ਰੀਤਮ ਸਾਮਾਨ ਲੈਣ ਚਲੀ ਗਈ। ਨਾਥੀ ਆਪਣੇ ਕੁਆਟਰ ਵਿਚ ਇੱਕਲਾ ਰਹਿ ਗਿਆ। ਬੜਾ ਹੀ ਓਪਰਾ ਲਗ ਰਿਹਾ ਸੀ ਨਾਥੀ ਨੂੰ। ਜਿਵੇਂ ਰਾਤੋ ਰਾਤ ਕਿਸੇ ਕਰਾਮਾਤੀ ਹੱਥ ਨੇ ਉਸ ਨੂੰ ਇਕ ਜੂਨ ਵਿਚੋਂ ਕੱਢ ਕੇ ਦੂਸਰੀ ਜੂਨ ਵਿਚ ਪਾ ਦਿੱਤਾ ਹੋਵੇ। ਨਵਾਂ ਠਿਕਾਣਾ, ਨਵੇਂ ਲੋਕ, ਨਵਾਂ ਧੰਦਾ, ਸਭੋ ਕੁਝ ਨਵਾਂ ਤੇ ਓਪਰਾ। ਕਿਵੇਂ ਉਹ ਕਲ੍ਹ ਤੋਂ ਇਕ ਇਕ ਵਿਦਿਆਰਥੀ ਨੂੰ ਪੁਆਇੰਟਾਂ ਬਾਰੇ ਜਾਣਕਾਰੀ ਦੇ ਸਕੇਗਾ?

ਨਾਥੀ ਨਾ ਤਾਂ ਬੂੰਨਾ ਹੈ ਨਾ ਹੀ ਗੱਲ ਕਥ ਵਜੋਂ ਮਿੱਟੀ ਦਾ ਮਾਧੋ। ਬਲਕਿ ਏਸੇ ਗੱਲ ਬਾਤੀ ਹੁਨਰ ਦੀ ਸਹਾਇਤਾ ਨਾਲ ਹੀ ਤਾਂ ਲੋਕਾਂ ਨੂੰ ਹਸਾ ਹਸਾ ਕੇ ਉਹ ਢਿਡੀ ਪੀੜਾਂ ਪਾ ਦਿਆ ਕਰਦਾ ਸੀ। ਪਹਿਲਾਂ ਜੇ ਉਹ ਨਿਰਾ ਤਨ ਪੇਟ ਦੀ ਖ਼ਾਤਰ ਏਸ ਹੁਨਰ ਦੀ ਵਰਤੋਂ ਕਰਦਾ ਸੀ ਤਾਂ ਹੁਣ ਤਨ ਪੇਟ ਤੋਂ ਛੁਟ ਵਕਾਰ ਲਈ ਤੇ ਸਨਮਾਨ ਲਈ ਉਸਨੂੰ ਉਸ ਹੁਨਰ ਦੀ ਵਰਤੋਂ ਕਰਨੀ ਕੇਹੜੀ ਮੁਸ਼ਕਲ ਹੈ।

ਨੌਕਰੀ ਛੁੱਟ ਜਾਣ ਦਾ ਡਰ ਵੀ ਮਨ ਵਿਚ ਸਮਾਇਆ ਹੋਇਆ ਸੀ। 'ਕਾਸ਼ ਮੇਰੀਆਂ ਅੱਖਾਂ ਹੁੰਦੀਆਂ।' ਤਾਂ ਕੀ ਬੀਬੀ ਜੀ ਲਈ ਕੁਝ ਕਰ ਸਕਣ ਦੀ ਜਿਹੜੀ ਆਸ ਬੱਝੀ ਹੈ, ਇਹ ਛੇਤੀ ਹੀ ਖ਼ਤਮ ਹੋ ਜਾਏਗੀ? ਨਾਥੀ ਸਾਰੀ ਰਾਤ ਸੋਚਦਾ ਰਿਹਾ।

ਦੂਸਰੇ ਦਿਨ ਮਿਸ ਪ੍ਰੀਤਮ ਆਪਣਾ ਤੇ ਨਾਥੀ ਦਾ ਸਾਮਾਨ ਲੈ ਕੇ ਮੁੜ ਆਈ। ਸਾਰਾ ਸਾਮਾਨ ਥਾਂ ਸਿਰ ਜੋੜਿਆ ਕੁਆਰਟਰ ਕਾਫ਼ੀ ਚੰਗਾ ਸੀ। ਬਾਥਰੂਮ ਤੇ ਰਸੋਈ ਵਿਚ ਪਾਣੀ ਦੇ ਨਲਕੇ ਮੌਜੂਦ ਸਨ। ਨਾਥੀ ਵਾਂਗ ਹੀ ਮਿਸ ਪ੍ਰੀਤਮ ਵੀ ਅਜ ਆਪਣੇ ਅੰਦਰ ਕੁਝ ਪਰਿਵਰਤਨ ਜਿਹਾ ਮਹਿਸੂਸ ਕਰ ਰਹੀ ਸੀ। ਉਸ ਅੰਦਰ ਉਮਾਹ, ਉਤਸਾਹ ਤੇ ਆਤਮ ਤ੍ਰਿਪਤੀ ਵੀ ਸੀ। ਪਰ ਨਾਥੀ ਦੀ ਇਹ ਨਿਯੁਕਤੀ ਉਸਨੂੰ ਹੋਰ ਵੀ ਬੜਾ ਕੁਝ ਯਾਦ ਕਰਵਾ ਰਹੀ ਸੀ, ਜਦੋਂ ਉਹ ਪ੍ਰੀਤੋ ਤੋਂ ਮਿਸ ਪ੍ਰੀਤਮ ਬਣੀ ਸੀ। ਏਸੇ ਤਰ੍ਹਾਂ ਜਿਵੇਂ ਅੱਜ ਨਾਥੀ 'ਨਾਥੀ ਤੋਂ ਮਾਸਟਰ ਦੀਨਾ ਨਾਥ ਬਣਕੇ। ਨਾਲੇ ਉਹ ਦਿਨ ਵੀ ਜਿਸ ਦਿਨ ਨਾਥੀ ਉਸ ਦੇ ਘਰ ਵਿਚ ਇਕ ਸ਼ਰਨਾਰਥੀ ਬਣ ਕੇ ਆਣ ਟਿਕਿਆ ਸੀ। ਅਜ ਉਹ ਆਪ ਨਾਥੀ ਦੇ ਘਰ ਵਿਚ ਸ਼ਰਨਾਰਥੀ ਬਣ ਕੇ ਆਣ ਟਿਕੀ ਹੈ। ਇਕ ਓਪਰੇ ਮਰਦ ਦੇ ਘਰ ਵਿਚ ਪਨਾਹ ਲੈਣ ਪਿਛੋਂ ਉਹ ਸੋਚ ਰਹੀ ਸੀ। ਆਖ਼ਰ ਕੀਹ ਲਗਦਾ ਹੈ ਨਾਥੀ ਉਸਦਾ? ਕੁਝ ਵੀ ਤਾਂ ਨਹੀਂ। ਜੇ ਲੋਕੀ। ਤੇ ਪੁਰਾਣੀ ਯਾਦ ਉਸਨੂੰ ਬਿੱਛੂ ਬਣ ਕੇ ਡੰਗ ਰਹੀ ਸੀ। 'ਰੱਬ ਮਿਲਾਈ ਜੋੜ-' ਵਾਲੀ ਉਹ ਕਾਲਜਾ ਚੀਰਵੀਂ ਕਹਾਵਤ। ਕਦੀ ਉਤਸ਼ਾਹ ਕਦੀ ਸਿਥਲਤਾ-ਕਦੀ ਚੜਦੀ ਕਲਾ ਕਦੀ ਢਹਿੰਦੀ ਕਲਾ ਕਦੀ ਖੇੜਾ ਕਦੀ ਮੁਰਝਾਹਟ। ਪਰ ਏ ਦੁਬਧਾ ਦੀ ਬਾਵਜੂਦ ਵੀ ਨਾਥੀ ਨੂੰ ਉਸ ਨੇ ਖਵਾਇਆ

ਪਿਆਇਆ, ਨਾਥੀ ਨੂੰ ਸਾਫ਼ ਸੁਥਰੇ ਕੱਪੜੇ ਪਹਿਨਣ ਲਈ ਦਿਤੇ। ਨਾਥੀ ਕਲਾਸ ਲੈਣ ਲਈ ਚਲਾ ਗਿਆ।

ਇਸ ਵਿਚਾਲੇ ਇਕ ਅਜੀਬ ਕਿਸਮ ਦੀ ਗੰਭੀਰਤਾ ਛਾਈ ਹੋਈ ਸੀ ਆਪੋ ਆਪਣੀ ਥਾਂ ਦੁਹਾਂ ਉਤੇ।

*****

## 38.

ਨਾਥੀ ਨੇ ਆਪਣਾ ਕੰਮ ਸੰਭਾਲਿਆ। ਬਾਹਰ ਅੰਦਰ ਜਾਣ ਲਈ ਸਵਾਰੀ ਤੇ ਘਰ ਦੇ ਕੰਮ ਧੰਦੇ ਲਈ ਸੇਵਾਦਾਰ ਮੌਜੂਦ ਸੀ। ਰੋਟੀ ਚਾਹ ਸਾਂਝੇ ਲੰਗਰ ਵਿਚੋਂ ਹੀ ਦੋਹਾਂ ਲਈ ਆ ਜਾਂਦੀ। ਮਿਸ ਪ੍ਰੀਤਮ ਦੇ ਕਰਨ ਲਈ ਕੋਈ ਬਹੁਤ ਕੰਮ ਨਹੀਂ ਸੀ। ਫਿਰ ਵੀ ਘਰ ਦੀ ਸਾਂਭ ਸਿਕਰ ਅਤੇ ਨਾਥੀ ਦੇ ਤੇ ਆਪਣੇ ਕੱਪੜੇ ਲਤੇ ਦਾ ਉਹ ਉਚੇਚਾ ਧਿਆਨ ਰਖਦੀ। ਦਿਨ ਵਿਚ ਦੋ ਕੁ ਘੰਟੇ ਉਹ ਵਿਦਿਆਲੇ ਚੋਂ ਬਾਹਰ ਵੀ ਹੋ ਆਉਂਦੀ।

ਮਿਸ ਪ੍ਰੀਤਮ ਨਾਥੀ ਨੂੰ ਕਹਿੰਦੀ ਕਿ ਉਸ ਦੀ ਆਰਜ਼ੀ ਤੌਰ ਤੇ ਨਿਯੁਕਤੀ ਕਾਰਨ ਉਹ ਆਪ ਵੀ ਕਿਸੇ ਸਕੂਲ ਵਿਚੋਂ ਨੌਕਰੀ ਪ੍ਰਾਪਤ ਕਰਨ ਦਾ ਜਤਨ ਕਰ ਰਹੀ ਹੈ।

ਪਰ ਨਾਥੀ ਜਾਣਦਾ ਸੀ ਕਿ ਨੌਕਰੀ ਕੋਈ ਅਜੇਹੀ ਚੀਜ਼ ਨਹੀਂ ਜਿਹੜੀ ਅਗਲੇ ਥਾਲੀ ਵਿਚ ਪ੍ਰੋਸ ਕੇ ਦੇ ਦੇਣਗੇ। ਦਸਵੀਂ ਪੜ੍ਹੀ ਦੀ ਅਜ ਦੇ ਸਮੇਂ ਕੀ ਵੁੱਕਤ। ਉਹ ਚਾਹੁੰਦਾ ਜੇਕਰ ਬੀਬੀ ਜੀ ਵੀ 'ਬਰੇਲ' ਸਿੱਖ ਲੈਣ ਤਾਂ ਇਹ ਨੌਕਰੀ ਬਣੀ ਰਹਿ ਸਕਦੀ ਹੈ। ਫਿਰ ਉਹ ਸੋਚਦਾ, ਇਹ ਤਾਂ ਸ਼ੇਖਚਿਲੀਆਂ ਵਾਲੀ ਗੱਲ ਹੋਈ। ਏਨੀ ਛੇਤੀ ਇਹ ਕਿਵੇਂ ਹੋ ਸਕਦਾ ਹੈ ?

ਸਭ ਕੁਝ ਠੀਕ ਚਲ ਰਿਹਾ ਸੀ। ਫਿਰ ਵੀ ਨਾਥੀ ਮਹਿਸੂਸ ਕਰਦਾ ਕਿ ਸ਼ਾਇਦ ਉਸ ਦੇ ਬੀਬੀ ਜੀ ਉਸ ਤੋਂ ਦੂਰ ਹੁੰਦੇ ਜਾ ਰਹੇ ਨੇ । ਹੁਣ ਪਹਿਲਾਂ ਵਾਂਗ ਉਸ ਨੂੰ ਕਦੀ ਆਪਣੇ ਗੋਡਿਆਂ ਉਤੇ ਸਿਰ ਰਖ ਕੇ ਰਾਹਤ ਨਹੀਂ ਲੈਣ ਦਿੰਦੇ। ਜੇ. ਜੇ ਸਚੋ ਹੀ ਇਹੋ ਗੱਲ ਹੈ ਫੇਰ ਤਾਂ ਸਭ ਕੁਝ ਸੁਆਹ ! ਸਾਰੀ ਦੁਨੀਆਂ ਖਤਮ।"

ਨਾਥੀ ਆਪਣੀ ਸੋਚ ਉਤੇ ਆਪਣੇ ਆਪ ਨੂੰ ਹੀ ਲਾਹਨਤਾਂ ਪਾਉਂਦਾ। ਇਕ ਦਿਨ ਉਸ ਨੇ ਮਿਸ ਪ੍ਰੀਤਮ ਨੂੰ ਕਹਿ ਹੀ ਦਿੱਤਾ :

"ਮੇਰੀ ਸਲਾਹ ਏ ਬੀਬੀ ਜੀ, ਜੇ ਕਦੀ ਤੁਸੀਂ ਬਰੇਲ ਸਿਖ ਲਓ ਫੇਰ ਤਾਂ ਭਾਵੇਂ ਇਹ ਨੌਕਰੀ ਨਾ ਹੀ ਹੱਥੋਂ ਨਿਕਲੇ।

"ਠੀਕ ਏ ਤੇਰਾ ਖ਼ਿਆਲ। ਹੁਨਰ ਕੋਈ ਵੀ ਮਾੜਾ ਨਹੀਂ। ਪਰ

"ਫੇਰ ਹੋਰ ਕੀ ਗੱਲ ਏ ?

"ਉਤਾਵਲਾ ਨਾ ਹੋ?" ਮਿਸ ਪ੍ਰੀਤਮ ਬੋਲੀ- ਤੂੰ ਖ਼ਿਆਲ ਕਰਦਾ ਹੋਵੇਂਗਾ ਕਿ ਨਿਰਾ ਨੌਕਰੀ ਖ਼ਾਤਰ ਹੀ ਮੈਂ, ਦਿਨ ਰਾਤ ਭੱਜੀ ਫਿਰਦੀ ਹਾਂ। ਪਰ ਅਸਲ ਵਿਚ ਬਹੁਤੇ ਫੇਰੇ ਮੈਂ ਡਾਕਟਰ ਨਿਰੰਕਾਰੀ ਦੀ ਕੋਠੀ ਦੇ ਪਾਂਦੀ ਹਾਂ। ਤੈਨੂੰ ਯਾਦ ਏ ਨਾ ਨਾਥੀ! ਇਕ ਵਾਰੀ ਅੱਖਾਂ ਦੇ ਬੈਂਕ ਦਾ ਜ਼ਿਕਰ ਚਲਿਆ ਸੀ ਤੇ ਮੈਂ ਤੈਨੂੰ ਦੱਸਿਆ ਸੀ ਕਿ ਸਾਇੰਸਦਾਨਾਂ ਨੇ ਇਕ ਨਵੀਂ ਕਾਢ ਕਢੀ ਏ, ਜਿਸ ਨਾਲ ਮੁਰਦੇ ਦੀਆਂ ਅੱਖਾਂ ਕਦ ਕੇ ਜਿਉਂਦੇ ਆਦਮੀ ਨੂੰ ਲਾ ਦਿੱਤੀਆਂ ਜਾਂਦੀਆਂ ਨੇ -

'ਆਹੋ ਬੀਬੀ ਜੀ '

ਤੇਰੀ ਇੰਟਰਵਿਊ ਤੋਂ ਬਾਅਦ ਮੈਨੇਜਰ ਕੋਲੋਂ ਡਾਕਟਰ ਨਿੰਰਕਾਰੀ ਦਾ ਪਤਾ ਪੁੱਛਿਆ। ਉਸ ਨੇ ਦਸਿਆ ਕਿ ਏਸ ਕਿਸਮ ਦੇ ਓਪਰੇਸ਼ਨ ਸਾਡੇ ਦੇਸ ਵਿਚ ਵੀ ਹੋਣ ਲਗ ਪਏ ਨੇ ਤੇ ਡਾ. ਨਿਰੰਕਾਰੀ ਨੇ ਕਈ ਅਜੇਹੇ ਸਫ਼ਲ ਓਪਰੇਸ਼ਨ ਕਰਕੇ ਨਾਮਣਾ ਖਟਿਆ ਹੈ। ਉਹ ਹਜ਼ਾਰਾਂ ਬੇਨੈਣਿਆਂ ਨੂੰ ਅੱਖਾਂ ਦੇ ਚੁਕਾ ਏ। ਜਮਾਂਦਰੂ ਅੰਨ੍ਹਿਆਂ ਦੇ ਮੱਥੇ ਵਿਚ ਦੂਸਰਿਆਂ ਦੀਆਂ ਅੱਖਾਂ ਫਿੱਟ ਕੀਤੀਆਂ ਨੇ।

ਹੱਛਾ ਫੇਰ ਤੁਸੀਂ ਮਿਲੇ ਡਾਕਟਰ ਨਿਰੰਕਾਰੀ ਨੂੰ ?"

ਮੈਂ ਕਈ ਵਾਰੀ ਉਸਦੀ ਕੋਠੀ ਜਾ ਆਈ ਹਾਂ। ਉਹ ਇਕ ਨੇਕ ਦਿਲ ਇਨਸਾਨ ਵੀ ਏ। ਮੈਨੂੰ ਆਪਣੀਆਂ ਧੀਆਂ ਵਾਂਗ ਜਾਣਦਾ ਏ। ਮੈਂ ਉਸ ਅਗੇ ਦਿਲ ਦੀਆਂ ਚਾਰੇ ਕੰਨੀਆਂ ਖੋਲ੍ਹ ਕੇ ਰੱਖ ਦਿੱਤੀਆਂ।

ਨਾਲੇ ਤੇਰੀ ਬਾਬਤ ਰਤੀ ਰਵਾਲ ਸਭੋ ਕੁਝ

'ਪਰ ਬੀਬੀ ਜੀ, ਜਿਸ ਮਤਲਬ ਲਈ ਤੁਸੀਂ ਗਏ ਸਓ, ਉਸ ਬਾਰੇ ਵੀ ਕੁਝ ਆਸ ਬੱਝੀ ਤੁਹਾਨੂੰ?

ਕੁਝ ਕਿਉਂ? ਬਲਕਿ ਬਹੁਤ ਸਾਰੀ। ਜੇ ਨਾ ਬਝਦੀ ਤਾਂ ਘੜੀ ਮੁੜੀ ਜਾਣ ਦੀ ਕੀ ਲੋੜ ਸੀ?

ਨਾਥੀ ਵਿਚ ਪੂਰੀ ਗੱਲ ਸੁਣਨ ਜੋਗਾ ਸਬਰ ਵੀ ਨਹੀਂ ਰਿਹਾ। ਉਸ ਨੇ ਇਹ ਕਹਿੰਦਿਆਂ ਹੋਇਆਂ ਹੱਥ ਵਧਾ ਕੇ ਮਿਸ ਪ੍ਰੀਤਮ ਦੇ ਦੋਵੇਂ ਹੱਥ ਫੜ ਲਏ—

'ਸਚਮੁਚ ਬੀਬੀ ਜੀ? ਕਿਤੇ ਸੁਪਨੇ ਦੀਆਂ ਗੱਲਾਂ ਤਾਂ ਨਹੀਂ ਪਏ ਕਰਦੇ ਤੁਸੀਂ?

'ਝਲ ਨਾ ਖਿਲਾਰਿਆ ਕਰ? ਮਿਠੀ ਜਿਹੀ ਤਾੜਨਾ ਦੇ ਲਹਿਜੇ ਵਿਚ ਮਿਸ ਪ੍ਰੀਤਮ ਨੇ ਆਪਣੇ ਹੱਥ ਉਸਦੇ ਹੱਥਾਂ ਵਿਚੋਂ ਖਿਚ ਲਏ। ਉਹ ਗਹਿਰੀ ਮਮਤਾ ਦੇ ਰੰਗ ਵਿਚ ਬੋਲੀ-

'ਘਬਰਾ ਨਾ। ਕਿਸੇ ਨਹੀਂ ਤਕਿਆ। ਸਿਆਣਿਆਂ ਦਾ ਕਹਿਣਾ ਏ ਜਹਾਨ ਦੇ ਕੰਢੇ ਤਾਂ ਨਹੀਂ ਹੂੰਝੇ ਜਾ ਸਕਦੇ, ਬੰਦੇ ਨੂੰ ਆਪਣੇ ਪੈਰੀਂ ਜੁੱਤੀ ਰਖਣੀ ਚਾਹੀਦੀ ਏ '

"ਚਲ ਹੁਣ ਚਲੀਏ, ਹਨੇਰਾ ਹੋ ਗਿਆ ਏ।" ਕਹਿੰਦਿਆਂ ਜਦ ਮਿਸ ਪ੍ਰੀਤਮ ਉਠ ਖੜ੍ਹੋਤੀ ਤਾਂ ਨਾਥੀ ਨੂੰ ਲਗਾ ਜਿਵੇਂ ਅੰਮ੍ਰਿਤ ਦੀ ਨੈਂ ਵਿਚ ਤਾਰੀਆਂ ਲਾਂਦਿਆਂ ਕਿਸੇ ਨੇ ਉਸ ਨੂੰ ਕੰਢੇ ਵਲ ਆਉਣ ਦਾ ਆਦੇਸ਼ ਦਿੱਤਾ ਹੋਵੇ ਤੇ ਫੇਰ ਇਕ ਹੱਥ ਵਿਚ ਸੋਟੀ ਫੜੀ ਤੇ ਦੂਜਾ ਹੱਥ ਮਿਸ ਪ੍ਰੀਤਮ ਦੇ ਮੋਢੇ ਤੇ ਟਿਕਾਈ ਉਹ ਕੁਆਰਟਰ ਵਲ ਤੁਰਿਆ ਤਾਂ ਉਸ ਨੂੰ ਲਗਾ ਜਿਵੇਂ ਉਸ ਦੇ ਜੁਗਾਂ ਜੁਗਾਂਤਰਾਂ ਤੋਂ ਚਲੇ ਆ ਰਹੇ ਅੰਧਕਾਰਮਈ ਸੰਸਾਰ ਨੂੰ ਪ੍ਰਕਾਸ਼ਮਾਨ ਕਰਨ ਲਈ 'ਡਾਕਟਰ ਨਿਰੰਕਾਰੀ' ਨਾਉਂ ਦਾ ਕੋਈ ਨੂਰੀ ਫਰਿਸ਼ਤਾ ਚੰਨ ਜਾਂ ਸੂਰਜ ਨਾਲੋਂ ਇਕ ਵਡਾ ਸਾਰਾ ਟੁਕੜਾ ਤੋੜ ਕੇ ਧਰਤੀ ਤੇ ਉਤਰਿਆ ਆ ਰਿਹਾ ਹੈ।

## 39.

ਭਵਿਖ ਦੇ ਓਹਲੇ ਲੁਕੀ ਹੋਈ ਏਡੀ ਮਹਾਨ ਖ਼ੁਸ਼ੀ ਨੂੰ ਪਚਾ ਸਕਣ ਦੀ ਸ਼ਕਤੀ ਨਹੀਂ ਸੀ ਨਾਥੀ ਕੋਲ। ਸ਼ਾਇਦ ਕਿਸੇ ਵਿਅਕਤੀ ਪਾਸ ਵੀ ਨਹੀਂ ਹੁੰਦੀ ਹੋਣੀ ਜਿਸ ਕਿਸੇ ਨੂੰ ਨਾਥੀ ਵਾਲੀ ਮਨੋਂ ਸਥਿਤੀ ਵਿਚੋਂ ਲੰਘਣਾ ਪੈ ਰਿਹਾ ਹੋਵੇ। ਸੱਚ ਤਾਂ ਇਹ ਹੈ ਕਿ ਮਿਸ ਪ੍ਰੀਤਮ ਦੇ ਥਾਂ ਜੇ ਹੋਰ ਕੋਈ ਆ ਕੇ ਉਸ ਨੂੰ ਇਹ ਗੱਲ ਕਹਿੰਦਾ ਤਾਂ ਸ਼ਾਇਦ ਉਹ ਏਸ ਨੂੰ 'ਝੂਠੀ ਗੱਪ ਤੋਂ ਵਧ ਅਹਿਮੀਅਤ ਹੀ ਨਾ ਦੇਂਦਾ।

ਕੀ ਸਚਮੁਚ ? ਕਿਤਨੀ ਬੇਸਬਰੀ ਨਾਲ ਨਾਥੀ ਉਸ ਸੁਭਾਗੀ ਘੜੀ ਦੀ ਉਡੀਕ ਕਰ ਰਿਹਾ ਸੀ।

'ਫੇਰ ਤਾਂ ਮੈਂ ਸੋਟੀ ਦੀ ਮਦਦ ਤੋਂ ਬਗ਼ੈਰ ਹੀ ਜਿਥੇ ਜੀ ਕਰੇਗਾ ਜਾ ਸਕਾਂਗਾ। ਹਰ ਰੀਜ਼ ਨੂੰ ਵੇਖ ਕੇ ਸਮਝ ਜਾਇਆ ਕਰਾਂਗਾ। ਨਾਲੇ ਸਭਨਾਂ ਚੀਜ਼ਾਂ ਦੇ ਰੰਗ ਵੀਹਰਾ ਰੰਗ ਪੀਲਾ ਰੰਗ, ਲਾਲ ਰੰਗ, ਕਾਲਾ ਰੰਗ। ਤੇ ਮੈਂ ਆਪਣੀ ਬੀਬੀ ਜੀ ਨੂੰ ਵੀ ਅੱਖਾਂ ਨਾਲ ਵੇਖ ਸਕਾਂਗਾ ।"

ਨਾਥੀ ਦਾ ਜੀ ਕਰਦਾ ਕਿ ਹਰ ਵੇਲੇ ਮਿਸ ਪ੍ਰੀਤਮ ਪਾਸੋਂ ਏਸੇ ਵਿਸ਼ੇ ਉਤੇ ਪੁੱਛ ਗਿੱਛ ਕਰੀ ਜਾਵੇ। ਉਹ ਮਿਸ ਪ੍ਰੀਤਮ ਦੇ ਇਕ ਇਕ ਲਫਜ਼ ਨੂੰ ਇੰਝ ਸੁਣਦਾ ਜਿਵੇਂ ਬਾਣੀ ਹੋਵੇ।

"ਨਾਥੀ।"

"ਹਾਂ ਜੀ।"

"ਤੂੰ ਡਾਢਾ ਹੀ ਉਤਾਵਲਾ ਮਲੂਮ ਹੁੰਨਾ ਏ ਅੱਖਾਂ ਲਈ ਸ਼ੈਦ।"

"ਕੀ ਕਿਹਾ ਜੇ ਬੀਬੀ ਜੀ "

"ਮਚਲਾ ਨਾ ਬਣ। ਕੀ ਮੈਂ ਗਲਤ ਕਹਿ ਰਹੀ ਹਾਂ?"

ਨਾਥੀ ਤੋਂ ਬੋਲਿਆ ਨਹੀਂ ਗਿਆ।

'ਅਜ ਫੇਰ ਗਈ ਸਾਂ ਡਾਕਟਰ ਨਿਰੰਕਾਰੀ ਵਲ। ਕਹਿੰਦਾ ਸੀ ਫ਼ਿਲਹਾਲ ਇਕ ਅੱਖ ਦਾ ਇੰਤਜ਼ਾਮ ਹੋ ਗਿਆ ਏ।'

ਖ਼ੁਸ਼ੀ ਦੇ ਮਾਰੇ ਨਾਥੀ ਦੇ ਸਰੀਰ ਵਿਚ ਝੁਣਝੂਣੀ ਹੋਣ ਲਗੀ-"ਹੱਛਾ ਜੀ? ਜੇ ਇਕ ਵੀ ਮਿਲ ਜਾਏ ਤਾਂ ਬੜੀ ਗਨੀਮਤ ਏ ਬੀਬੀ ਜੀ'

"ਨਾਲੇ ਕਹਿੰਦਾ ਸੀ ਇਹ ਅਪਰੈਸ਼ਨ ਆਮ ਨਾਲੋਂ ਕਾਫ਼ੀ ਸਖ਼ਤ ਹੁੰਦਾ ਏ, ਜਿਸ ਕਰਕੇ ਵਾਰੀ ਵਾਰੀ ਇਕ ਅੱਖ ਦਾ ਹੀ ਕਰਨਾ ਪੈਂਦਾ ਏ।

ਕਦੋਂ ਹੋਵੇਗਾ ਅਪਰੇਸ਼ਨ ਕਿੰਨਾ ਕੁ ਚਿਰ ਹਸਪਤਾਲ ਵਿਚ ਰਹਿਣਾ ਪਵੇਗਾ? ਨਾਥੀ ਦੇਰ ਸਾਰੇ ਪ੍ਰਸ਼ਨ ਪੁਛਣਾ ਚਾਹੁੰਦਾ ਸੀ। ਪਰ ਮਿਸ ਪ੍ਰੀਤਮ ਨੇ ਗੱਲ ਬਦਲ ਦਿੱਤੀ।

"ਇਕ ਗੱਲ ਪੁੱਛਾਂ ਨਾਥੀ। ਜੇ ਤੈਨੂੰ ਦਿਖਾਈ ਦੇਣ ਲਗ ਪਿਆ ਤਾਂ ਸਭ ਤੋਂ ਪਹਿਲਾਂ ਤੂੰ ਕੇਹੜੀ ਚੀਜ਼ ਦੇਖਣੀ ਪਸੰਦ ਕਰੇਗਾ?'

'ਭਲਾ ਇਹ ਵੀ ਕੋਈ ਪੁੱਛਣ ਵਾਲੀ ਗੱਲ ਏ? ਸਭੋ ਕੁਝ ਜਾਣਦੇ ਹੋਏ ਵੀ ਕਿਉਂ ਪੀਠੇ ਨੂੰ ਪੀਂਹਦੇ ਪਏ ਜੇ ਬੀਬੀ ਜੀ!

"ਤੇਰਾ ਮਤਲਬ ਏ ਕਿ ਅੱਖਾਂ ਦੀ ਜੋਤ ਮਿਲਣ ਤੋਂ ਬਾਅਦ ਸਭ ਤੋਂ ਪਹਿਲਾਂ ਤੂੰ ਮੈਨੂੰ ਵੇਖਣਾ ਚਾਹੇਂਗਾ।"

ਨਾਥੀ ਮੂੰਹੋਂ ਕੁਝ ਨਹੀਂ ਬੋਲਿਆ।

'ਪਰ ਨਾਥੀ! ਸ਼ੈਦ ਤੂੰ ਨਹੀਂ ਜਾਣਦਾ ਕਿ ਮੇਰਾ ਮੂੰਹ-ਮੁਹਾਂਦਰਾ ਤਾਂ ਡਾਢਾ ਹੀ ਕਸੋਹਣਾ ਏ।

"ਬਸ ਕਰੋ ਬੀਬੀ ਜੀ। ਰੱਬ ਦਾ ਵਾਸਤਾ ਜੇ, ਹੋਰ ਨਾ ਕੁਝ ਮੂੰਹੋਂ ਕਢਣਾ। ਜਿਨ੍ਹਾਂ ਅੱਖਾਂ ਨੂੰ ਦੇਵੀ ਦੇਵਤਿਆਂ ਦਾ ਦਰਸ਼ਨ ਨਾ ਭਾਉਂਦਾ ਹੋਵੇ ਇਹੋ ਜਿਹੀਆਂ ਨਹਿਸ਼ ਅੱਖਾਂ ਵਿਚ ਸੂਏ ਨਾ ਪਰੋ ਦੇਈਏ।

ਮਿਸ ਪ੍ਰੀਤਮ ਨੇ ਗੱਲ ਬਦਲਣ ਲਈ ਆਖਿਆ-

"ਸਚ ਇਕ ਗੱਲ ਦੱਸਣ ਦਾ ਮੈਨੂੰ ਚੇਤਾ ਹੀ ਭੁਲ ਗਿਆ। ਮੈਨੂੰ ਸ਼ਾਇਦ ਭਲਕੇ ਪਰਸੋਂ ਇੰਟਰਵਿਊ ਲਈ ਜਾਣਾ ਪਵੇ।"

ਨਾਥੀ ਨੂੰ ਇਹ ਖ਼ੁਸ਼ਖਬਰੀ ਸੁਣ ਕੇ ਬਹੁਤ ਖ਼ੁਸ਼ੀ ਹੋਈ। "ਹਾਂ ਸਚ ਤੁਸੀਂ ਡਾਕਟਰ ਨਿਰੰਕਾਰੀ ਦੀ ਕੋਠੀ ਗਏ ਸੋ। ਫਿਰ ਕੀ ਕੁਝ ਕਿਹਾ ਉਸ ਨੇ ?”

ਲਕੇ ਆਵੇਗਾ ਉਹ। ਸਾਰਾ ਕੁਝ ਉਸਦੀ ਜ਼ਬਾਨੀ ਸੁਣ ਲਈ '

ਅਗਲੇ ਦਿਨ ਡਾਕਟਰ ਨਿਰੰਕਾਰੀ ਨਾਥੀ ਦੀਆਂ ਅੱਖਾਂ ਦਾ ਮੁਲਾਹਜ਼ਾ ਕਰਨ ਲਈ ਅੰਧ ਵਿਦਿਆਲੇ ਆਇਆ। ਨਾਲ ਹੀ ਨਾਥੀ ਨੂੰ ਹਸਪਤਾਲ ਵਿਚ ਦਾਖ਼ਲਾ ਵੀ ਮਿਲ ਗਿਆ।

ਉਸ ਤੋਂ ਅਗਲੇ ਦਿਨ ਨਾਥੀ ਨੂੰ ਅੱਖਾਂ ਦੇ ਹਸਪਤਾਲ ਵਿਚ ਦਾਖਲ ਕਰਾਇਆ ਗਿਆ। ਡਾਕਟਰ ਨਿਰੰਕਾਰੀ ਨੇ ਉਸਨੂੰ ਵਿਸ਼ਵਾਸ ਦਿਵਾਇਆ ਕਿ ਪੂਰੇ ਤੀਹ ਦਿਨਾਂ ਬਾਅਦ ਉਸਦੀ ਸੱਜੀ ਅੱਖ ਵਿਚ ਜੋਤ ਆ ਜਾਵੇਗੀ।

ਨਾਥੀ ਨੂੰ ਜਦੋਂ ਮਿਸ ਪ੍ਰੀਤਮ ਰਿਕਸ਼ਾ ਚੋਂ ਉਤਾਰ ਕੇ ਹਸਪਤਾਲ ਦੇ ਕਮਰੇ ਵੱਲ ਲਿਜਾ ਰਹੀ ਸੀ ਤੇ ਇਹ ਪੁੱਛਦੀ ਹੋਈ-ਭਲਾ ਅਜੇ ਵੀ ਤੈਨੂੰ ਯਕੀਨ ਆਇਐ ਕਿ ਨਹੀਂ ਨਾਥੀ ਕਿ ਮਹੀਨੇ ਬਾਅਦ ਤੂੰ ਵੇਖਣ ਲਗ ਪਏਗਾ?

"ਜਦ ਤੁਸੀਂ ਪਏ ਕਹਿੰਦੇ ਹੋ ਤਾਂ ਯਕੀਨ ਕਿਵੇਂ ਨਹੀਂ ਆਏਗਾ।'

"ਹੈਲੋ! ਮਾਸਟਰ ਜੀ, ਆ ਪਹੁੰਚੇ ? ਪਰਸੋਂ ਤੁਹਾਡਾ ਅਪਰੇਸ਼ਨ ਹੋਵੇਗਾ ਤੇ ਉਚਰ ਤੀਕ ਲਗਾਤਾਰ ਟੀਕੇ ਲਗਦੇ ਰਹਿਣਗੇ ਤੁਹਾਨੂੰ। ਘਬਰਾਣਾ ਨਾ। ਤੁਹਾਨੂੰ ਕਿਸੇ ਕਿਸਮ ਦੀ ਤਕਲੀਫ਼ ਨਹੀਂ ਹੋਵੇਗੀ।"

ਡਾਕਟਰ ਨਿਰੰਕਾਰੀ ਚਲਾ ਗਿਆ।

"ਹੁਣ ਮੈਂ ਜਾਵਾਂ ਨਾਥੀ। ਮੈਂ ਜੇ ਹਰ ਵੇਲੇ ਤੇਰੇ ਨਾਲ ਬੱਝੀ ਰਹੀ ਤਾਂ ਕੰਮ ਕੀਕਣ ਚਲੇਗਾ। ਮੈਨੂੰ ਇੰਟਰਵਿਊ ਲਈ ਬਾਹਰ ਜਾਣਾ ਪੈ ਰਿਹਾ ਏ। ਤੂੰ ਨਿਸਚਿੰਤ ਰਹੀਂ। ਮੇਰੇ ਪਿਛੋਂ ਤੈਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਨਹੀਂ ਹੋਵੇਗੀ। ਮੈਂ ਸ਼ਾਇਦ ਅਜ ਹੀ ਚਲੀ ਜਾਵਾਂ।

ਪਰ- ਪਰ ਅਪਰੇਸ਼ਨ ਵੇਲੇ ਤੁਸਾਂ ਜ਼ਰੂਰ ਮੇਰੇ ਕੋਲ ਹੋਣਾ ਬੀਬੀ ਜੀ।

ਕੋਸ਼ਸ਼ ਤਾਂ ਕਰਾਂਗੀ, ਪਰ ਜੇ ਨਾ ਵੀ ਪਹੁੰਚ ਸਕੀ ਤਾਂ ਚਿੰਤਾ ਵਾਲੀ ਕੋਈ ਗੱਲ ਨਹੀਂ।

'ਚੰਗਾ ਬੀਬੀ ਜੀ"

"ਰੱਬ ਰਾਖਾ ਮੇਰੇ ਨਾਥੀ ਦਾ।"

*****

## 40.

ਦਿਨ ਚੜ੍ਹਦਿਆਂ ਡਾਕਟਰ ਨੇ ਉਸ ਦੇ ਕਮਰੇ ਵਿਚ ਪ੍ਰਵੇਸ਼ ਕੀਤਾ।

'ਸੁਣਾਓ ਮਾਸਟਰ ਜੀ, ਕੀ ਹਾਲ ਚਾਲ ਏ? ਦਿਲ ਤਕੜਾ ਰਖੋਗੇ ਨਾ ਅਪਰੇਸ਼ਨ ਵੇਲੇ?

ਕੋਈ ਫ਼ਿਕਰ ਨਾ ਕਰੋ ਡਾਕਟਰ ਜੀ?

'ਸ਼ਾਬਾਸ਼! ਹਾਂ ਕੁਝ ਜ਼ਰੂਰੀ ਚਿਤਾਵਨੀਆਂ ਕਰਨ ਵਾਲੀਆਂ ਨੇ, ਜਿਨ੍ਹਾਂ ਦੀ ਪਾਬੰਦੀ ਬੜੀ ਸਖ਼ਤੀ ਨਾਲ ਕਰਨੀ ਹੋਵੇਗੀ ਤੁਹਾਨੂੰ। ਖਾਸ ਤੌਰ ਤੇ ਪਹਿਲਾ ਹਫ਼ਤਾ ਜ਼ਰਾ ਔਖਾ ਹੋਵੇਗਾ ਤੁਸਾਂ ਲਈ। ਉਸ ਤੋਂ ਬਾਅਦ ਉਤਨੀਆਂ ਬੰਦਸ਼ਾਂ ਨਹੀਂ ਝਲਣੀਆਂ ਪੈਣਗੀਆਂ ਤੁਹਾਨੂੰ। ਪਰ ਇਕ ਗੱਲ ਦਾ ਖਾਸ ਖ਼ਿਆਲ ਰਖਣਾ ਕਿ ਕਿਸੇ ਕਿਸਮ ਦੇ ਜਜ਼ਬੇ ਵਿਚ ਨਾ ਆਉਣਾ। ਇਸ ਤੋਂ ਛੁੱਟ ਅਪਰੇਸ਼ਨ ਵਾਲੀ ਅੱਖ ਨੂੰ ਘੁਟਣਾ, ਛੁਹਣਾ ਜਾਂ ਖੁਰਕਣਾ ਬੜਾ ਹੀ ਖ਼ਤਰਨਾਕ ਹੈ-

"ਹਾਂ ਤੁਹਾਡੀ ਬੀਬੀ ਨੂੰ ਇਕ ਚੰਗੀ ਨੌਕਰੀ ਮਿਲ ਗਈ ਏ ਪਰ ਤਾਂ ਜੇ ਉਹ ਕੁਝ ਚਿਰ ਟਰੇਨਿੰਗ ਲੈ ਸਕੇ। ਸੋ ਤਿੰਨ ਚਾਰ ਹਫ਼ਤਿਆਂ ਲਈ ਉਸ ਨੂੰ ਦਿੱਲੀ ਜਾਣਾ ਪੈ ਰਿਹਾ ਏ। ਓਧਰ ਉਸ ਨੂੰ ਨੌਕਰੀ ਮਿਲ ਜਾਏਗੀ ਏਧਰ ਤੁਹਾਨੂੰ ਨਜ਼ਰ / ਡਾਕਟਰ ਨਿਰੰਕਾਰੀ ਨੇ ਬੜੇ ਪਿਆਰ ਨਾਲ ਨਾਥੀ ਨੂੰ ਸਮਝਾਇਆ।

'ਫੇਰ ਤਾਂ ਸਮਝਾਂਗਾ ਕਿ ਰੱਬ ਛੱਤ ਪਾੜ ਕੇ ਬਹੁੜ ਪਿਆ ਏ। ਦਿਲ ਦੀ ਗੱਲ ਮੈਂ ਲੁਕਾਂਦਾ ਨਹੀਂ ਡਾਕਟਰ ਜੀ। ਮੈਨੂੰ ਆਪਣੇ ਨਾਲੋਂ ਵੀ ਬੀਬੀ ਜੀ ਦੀ ਬਾਹਲੀ ਚਿੰਤਾ ਏ।

'ਪਰ ਤੁਸੀਂ ਕੋਈ ਚਿੰਤਾ ਨਹੀਂ ਲਾਣੀ। ਇਹੀ ਮੇਰੀ ਤਾਕੀਦ ਹੈ। "ਇਹ ਕਹਿ ਕੇ ਡਾਕਟਰ ਨਿਰੰਕਾਰੀ ਨਾਥੀ ਦੀ ਪਿੱਠ ਪਿਆਰ ਨਾਲ ਥਾਪੜ ਕੇ ਚਲਾ ਗਿਆ।

*****

## 41.

ਨਾਥੀ ਮੂੰਹ ਉਤਾਣੇ ਹਸਪਤਾਲੀ ਵਿਛੋਣੇ ਉਤੇ ਲੇਟਿਆ ਹੋਇਆ ਸੀ। ਉਸ ਦੀਆਂ ਅੱਖਾਂ ਅਤੇ ਮੱਥਾ ਪੱਟੀਆਂ ਵਿਚ ਮੜ੍ਹਿਆ ਹੋਇਆ ਸੀ । ਅਪਰੇਸ਼ਨ ਹੋਏ ਨੂੰ ਕਈ ਘੰਟੇ ਬੀਤ ਚੁੱਕੇ ਸਨ ਤੇ ਇਹ ਸਾਰਾ ਵਕਤ ਨਾਥੀ ਨੇ ਗੂਹੜੀ ਨੀਂਦ ਵਿਚ ਬਿਤਾਇਆ ਸੀ ਤਾਂ ਕਿ ਸਜਰੇ ਜ਼ਖ਼ਮ ਦੀ ਪੀੜ ਉਸ ਨੂੰ ਮਹਿਸੂਸ ਨਾ ਹੋਵੇ।

ਲੇਟਿਆਂ ਹੀ ਲੇਟਿਆਂ ਨਾਥੀ ਆਪਣੇ ਸਦੀਵੀ ਵੇਖਣ ਢੰਗ ਅਨੁਸਾਰ ਅੱਖਾਂ ਦਾ ਕੰਮ ਕੰਨਾਂ ਪਾਸੋਂ ਲੈਂਦਾ ਹੋਇਆ ਵੇਖ ਰਿਹਾ ਸੀ। ਰਾਤ ਭਰ ਨਾਥੀ ਦੇ ਕਮਰੇ ਵਿਚ ਨਰਸਾਂ ਤੇ ਡਿਊਟੀ ਵਾਲੇ ਡਾਕਟਰਾਂ ਦਾ ਤਾਣਾ ਬਾਣਾ ਤਣੀਂਦਾ ਰਿਹਾ। ਜ਼ਖ਼ਮ ਕਾਰਨ ਬੁਖ਼ਾਰ ਵੀ ਹੋ ਗਿਆ। ਥੋੜ੍ਹੀ ਥੋੜ੍ਹੀ ਦੇਰ ਬਾਅਦ ਟੀਕਿਆਂ, ਮਿਕਸਚਰਾਂ ਆਦਿ ਦਾ ਪ੍ਰਯੋਗ ਕੀਤਾ ਜਾ ਰਿਹਾ ਸੀ। ਹੌਲੀ ਹੌਲੀ ਉਸ ਦੀ ਹਾਲਤ ਵਿਚ ਸੁਧਾਰ ਹੋ ਰਿਹਾ ਸੀ।

ਡਾਕਟਰ ਨਿਰੰਕਾਰੀ ਨੇ ਇਕ ਚਿੱਠੀ ਮਿਸ ਪ੍ਰੀਤਮ ਵਲੋਂ ਆਈ ਦਸ ਕੇ ਉਸ ਨੂੰ ਸੁਣਾਈ ਸੀ—ਮੇਰੇ ਪਿਆਰੇ ਨਾਥੀ। ਘਬਰਾਣਾ ਬਿਲਕੁਲ ਨਾ। ਮੇਰੀ ਉਡੀਕ ਤੁਹਾਨੂੰ ਦੋ ਹਫ਼ਤੇ ਹੋਰ ਕਰਨੀ ਪਵੇਗੀ।

"ਕੇਡੀ ਲੰਮੀ ਤਰੀਕ ਦਿੱਤੀ ਹੈ ਬੀਬੀ ਜੀ ਨੇ। ਕੀ ਇਸ ਤੋਂ ਪਹਿਲਾਂ ਨਹੀਂ ਆ ਸਕਦੇ ?"

"ਹੁਣ ਤਾਂ ਮਾਸਟਰ ਜੀ, ਗਿਣਤੀ ਦੇ ਦਿਨ ਰਹਿ ਗਏ ਨੇ ਤੁਹਾਡੀ ਖਲਾਸੀ ਹੋਣ ਵਿਚ ਫੇਰ ਤੁਸੀਂ ਓਦਾਂ ਹੀ ਮੈਨੂੰ ਤੇ ਮੇਰੇ ਸਾਰੇ ਅੰਗਾਂ ਨੂੰ ਵੇਖ ਸਕੋਗੇ ਜਿਕਣ ਮੈਂ ਇਸ ਵੇਲੇ ਤੁਹਾਨੂੰ ਵੇਖ ਰਿਹਾ ਹਾਂ।"

ਸ਼ੁਕਰ ਗੁਜ਼ਾਰੀ ਵਿਚ ਗੁਧੇ ਹੋਏ ਕ੍ਰਿਤਗਯਤਾ ਦੇ ਸ਼ਬਦ ਨਾਥੀ ਦੇ ਮੂੰਹੋਂ ਨਿਕਲੇ।

'ਮੇਰੇ ਦਾਤਾ, ਸੱਤਾਂ ਜਨਮਾਂ ਵਿਚ ਵੀ ਮੈਂ ਤੁਹਾਡੇ ਇਹਸਾਨਾਂ ਦਾ ਬਦਲਾ ਨਹੀਂ ਚੁੱਕਾ ਸਕਾਂਗਾ।

"ਤੁਸੀਂ ਆਪਣੇ ਦਿਲ ਦਿਮਾਗ਼ ਨੂੰ ਨਾਰਮਲ ਹਾਲਤ ਵਿਚ ਰਖੋ, ਨਹੀਂ ਤਾਂ ਦਵਾਈਆਂ ਦਾ ਅਸਰ ਨਹੀਂ ਹੋਣਾ। ਮੇਰੀ ਵਲੋਂ ਤਸੱਲੀ ਰਖੋ। ਮਾਸਟਰ ਜੀ । ਪਰ ਤੁਸੀਂ ਜੇਹੜਾ ਹਰ ਵੇਲੇ ਬੀਬੀ ਬਾਰੇ ਪਰੇਸ਼ਾਨੀ ਸਹੇੜੀ ਰਖਦੇ ਜੇ, ਤੁਸੀਂ ਯਕੀਨ ਰਖੋ ਕਿ ਤੁਹਾਡੀ ਬੀਬੀ ਬੜੀ ਉੱਚੀ ਪੁਜੀਸ਼ਨ ਹਾਸਲ ਕਰਨ ਵਾਲੀ ਹੈ "

"ਫੇਰ ਵੀ ਕਦੋਂ ਕੁ ਤਕ ਬੀਬੀ ਜੀ ਆਉਣਗੇ, ਡਾਕਟਰ ਜੀ ?"

"ਮੇਰਾ ਖ਼ਿਆਲ ਹੈ ਜਲਦੀ ਹੀ' ਤੇ ਇਹ ਕਹਿ ਕੇ ਡਾਕਟਰ ਚਲਾ ਗਿਆ।

******

# 42.

ਜਿਉਂਦੇ ਮਨੁੱਖ ਨੂੰ ਜਦੋਂ ਮੌਤ ਦਾ ਸੱਦਾ ਆ ਜਾਵੇ ਤਾਂ ਉਸ ਨੂੰ ਮਰਨਾ ਹੀ ਪੈਂਦਾ ਹੈ। ਮੌਤ ਦੇ ਮੂੰਹ ਜਾ ਰਹੇ ਮਨੁੱਖ ਨੂੰ ਕਿਸੇ ਵਰਦਾਨ ਵਜੋਂ ਮੁੜ ਜ਼ਿੰਦਗੀ ਪ੍ਰਾਪਤ ਹੋ ਜਾਵੇ ਤਾਂ ਆਪਣੀ ਭਾਗਸ਼ਾਲਤਾ ਉਤੇ ਉਸ ਨੂੰ ਗੌਰਵ ਹੋਵੇਗਾ ਹੀ। ਪਰ ਨਾਥੀ ਦੀ ਮਨੋ ਸਥਿਤੀ ਏਨੀ ਡਾਵਾਂਡੋਲ ਸੀ ਕਿ ਇਕ ਪਾਸੇ ਆਸ ਦੀ ਪੂਰਤੀ ਤੇ ਦੂਜੇ ਪਾਸੇ, ਆਪਣੀ ਬੀਬੀ ਜੀ ਦੇ ਕਠੋਰ ਰਵੱਈਏ ਪਖੋਂ ਉਹ ਬਹੁਤ ਪਰੇਸ਼ਾਨ ਸੀ।

ਕੀ ਹੋ ਗਿਆ ਬੀਬੀ ਜੀ ਨੂੰ ? ਬੀਬੀ ਜੀ ਕੀ ਆਖ ਤੇ ਏਨਾ ਸਖ਼ਤ ਜੇਰਾ ਕੀ ਆਖ? ਉਹ ਤਾਂ ਮੇਰੀ ਰਤਾ ਰਤਾ ਤਕਲੀਫ਼ ਦਾ ਖ਼ਿਆਲ ਰਖਦੇ ਸਨ। "ਨਾਥੀ ਦਾ ਦਿਲ ਬੜਾ ਹੌਲਾ ਹੈ, ਮਤੇ ਨਾਥੀ ਦਿਲ ਤੇ ਲਾ ਲਵੇ ਕੋਈ ਗੱਲ।"

'ਨਾਥੀ! ਰੋਟੀ ਖਾ ਲਈ ਸੀ ? "

"ਹੇ ਰੱਬਾ ਜੁਗ ਜਿਡਾ ਸਮਾਂ ਲੰਘ ਗਿਆ ਤੇ ਬੀਬੀ ਜੀ ਇਕ ਵਾਰੀ ਨ ਆ ਸਕੇ। ਅਖੇ ਟ੍ਰੇਨਿੰਗ ਹੱਥੋਂ ਤੇਰੀ ਬੀਬੀ ਨੂੰ ਵਿਹਲ ਨਹੀਂ ਮਿਲ ਰਹੀ। ਜ਼ਰੂਰ ਕੋਈ ਭਾਣਾ ਵਰਤ ਗਿਆ ਹੋਣਾ।

ਛੇਕੜ ਤੰਗ ਆ ਕੇ ਉਹ ਛਿੱਥਾ ਪੈ ਕੇ ਸੋਚਦਾ-ਵਿਗੜਨ ਦਿਓ ਜ਼ਖ਼ਮ ਦੀ ਹਾਲਤ—ਜਹੰਨਮ ਵਿਚ ਜਾਣ ਅੱਖਾਂ।'

ਰੋਜ਼ ਹੀ ਨਾਥੀ ਮਨਸੂਬਾ ਬਣਾਉਂਦਾ-ਅਜ ਡਾਕਟਰ ਹੋਰਾਂ ਨੂੰ ਕਹਾਂਗਾ-ਡਾਕਟਰ ਜੀ, ਰੱਬ ਦਾ ਵਾਸਤਾ ਜੇ, ਮੈਨੂੰ ਬੀਬੀ ਜੀ ਬਾਰੇ ਹਨ੍ਹੇਰੇ ਵਿਚ ਨਾ ਰਖੋ।

ਨਹੀਂ ਜੇ ਮੈਥੋਂ ਇਹ ਸਹਾਰਿਆ ਜਾਂਦਾ। ਜਿਹੜੀ ਵੀ ਵਿਚਲੀ ਗੱਲ ਹੈ, ਸਾਫ਼ ਸਾਫ਼ ਦਸ ਦਿਓ '

'ਤੁਸੀਂ ਮਾਸਟਰ ਜੀ ਇਕ ਆਦਰਸ਼ ਇਨਸਾਨ ਹੋ। ਕੁਦਰਤ ਨੇ ਤੁਹਾਨੂੰ ਕਿਸੇ ਵਡੇ ਮਨੋਰਥ ਲਈ ਦੁਨੀਆਂ ਵਿਚ ਭੇਜਿਆ ਹੈ। ਮੇਰਾ ਦਿਲ ਕਹਿੰਦਾ ਹੈ ਕਿ ਜ਼ਰੂਰ ਕੋਈ ਦੈਵੀ ਸਰਾਪ ਸੀ, ਜਿਸ ਨੇ ਤੁਹਾਡੀਆਂ ਅੱਖਾਂ ਖੋਹ ਲਈਆਂ ਤੇ ਤੁਹਾਨੂੰ ਬੇਵਸ ਕਰ ਦਿੱਤਾ।" ਹੁਣ ਉਸ ਦੈਵੀ ਸਰਾਪ ਦੀ ਮਿਆਦ ਪੁਗ ਚੁਕੀ ਹੈ।

ਡਾਕਟਰ ਨਿਰੰਕਾਰੀ ਨਾਥੀ ਨੂੰ ਤੱਸਲੀਆਂ ਦੇਂਦਾ। ਪਰ ਨਾਥੀ ਤਾਂ ਕੇਵਲ ਆਪਣੀ ਬੀਬੀ ਜੀ ਬਾਰੇ ਫ਼ਿਕਰਮੰਦ ਸੀ।

*****

## 43.

ਨਾਥੀ ਨੇ ਬਥੇਰਾ ਸਮਝਾਇਆ ਆਪਣੇ ਦਿਲ ਨੂੰ। ਪਰ ਬੀਬੀ ਜੀ ਦਾ ਵਿਚਾਰ ਕਿਸੇ ਤਰ੍ਹਾਂ ਵੀ ਮਨੋਂ ਨਾ ਨਿਕਲਦਾ। ਜਿਸ ਬੰਦੇ ਨਾਲ ਤੇਰੀ ਦੂਰ ਦੀ ਵੀ ਰਿਸ਼ਤੇਦਾਰੀ ਨਹੀਂ, ਉਸ ਉਤੇ ਏਡੇ ਦਾਈਏ। ਸ਼ੁਕਰ ਨਹੀਂ ਕਰਦਾ ਜੁ ਬੀਬੀ ਜੀ ਦੇ ਉਦਮ ਨੇ ਪਹਿਲਾਂ ਮੌਤ ਦੇ ਮੂੰਹੋਂ ਬਚਾਇਆ, ਫੇਰ ਤੈਨੂੰ ਪਸ਼ੂ ਤੋਂ ਆਦਮੀ ਬਣਾਇਆ ਤੇ ਹੁਣ ਤੈਨੂੰ ਅੰਨ੍ਹੇ ਤੋਂ ਸੁਜਾਖਾ ਬਨਾਣ ਖ਼ਾਤਰ ਜਿਸ ਨੇ ਏਡੀ ਘਾਲ ਘਾਲੀ।

ਵਕਤ ਉਸ ਦਾ ਖਿਚ ਖਿਚ ਕੇ ਲੰਘ ਰਿਹਾ ਸੀ। ਨਾਥੀ ਦੀ ਹਾਲਤ ਤਾਂ ਇਸ ਵੇਲੇ ਇਕ ਥੱਕੇ ਪਿਆਸੇ ਰਾਹੀ ਵਰਗੀ ਸੀ ਜਿਹੜਾ ਪੈਂਡਾ ਮੁਕਣ ਪਿਛੋਂ ਆਪਣੀ ਮੰਜ਼ਲ ਤੇ ਅਪੜ ਪਿਆ ਹੋਵੇ। ਚਸ਼ਮਾ ਉਸ ਦੇ ਪੈਰਾਂ ਕੋਲ ਵਗ ਰਿਹਾ ਹੋਵੇ ਪਰ ਪੀਣ ਤੋਂ ਪਹਿਲਾਂ ਜਿਸ ਦਾ ਗਲਾ ਹੀ ਮਿਲ ਚੁੱਕਾ ਹੋਵੇ।

ਸਿਰਫ਼ ਦੋ ਦਿਨ-ਕਲ੍ਹ ਤੇ ਪਰਸੋਂ। ਕਿੰਝ ਲਗੇਗਾ ਮੈਨੂੰ ਜਦੋਂ ਮੇਰੀ ਅੱਖ ਵਿਚ ਬੀਨਾਈ ਆ ਜਾਵੇਗੀ? ਕਿਹੋ ਜਿਹੀਆਂ ਲੱਗਣਗੀਆਂ ਮੈਨੂੰ ਆਲੇ ਦੁਆਲੇ ਦੀਆਂ ਚੀਜ਼ਾਂ? ਕਾਸ਼ ਨਜ਼ਰ ਦੀ ਪ੍ਰਾਪਤੀ ਵੇਲੇ ਮੇਰੀ ਨਜ਼ਰ ਬੀਬੀ ਜੀ ਉਤੇ ਪੈਂਦੀ।

ਦਿਨ ਚੜ੍ਹਿਆ। ਅੱਜ ਨਾਥੀ ਦਾ ਨਵਾਂ ਜਨਮ ਹੋਣ ਵਾਲਾ ਹੈ। ਅੱਜ ਨਾਥੀ ਦੇ ਨਾਂ ਨਾਲੋਂ 'ਅੰਨ੍ਹਾ ਵਿਸ਼ੇਸ਼ਣ ਦਾ ਕਲੰਕ ਸਦਾ ਲਈ ਲੱਥ ਜਾਏਗਾ। ਕਿਤਨਾ ਸੁਨਹਿਰੀ ਸੁਪਨਾ। ਕੇਡੀ ਅਨੂਠੀ ਦੁਨੀਆਂ, ਜਿਹੜੀ ਸੁਪਨੇ ਤੋਂ ਬਦਲ ਕੇ ਸਾਕਾਰ ਹੋਣ ਵਾਲੀ ਸੀ। ਪਰ ਕਿਸ ਨੂੰ ਚੀਰ ਕੇ ਦਿਲ ਵਿਖਾਵੇ ਨਾਥੀ? ਉਸ ਦੀ ਰਗ ਰਗ ਵਿਚੋਂ ਤ੍ਰਾਟਾਂ ਉਠ ਰਹੀਆਂ ਸਨ। ਉਹ ਗਾ ਰਿਹਾ ਸੀ—

ਕੋਈ ਨਹੀਂ ਅਪਨਾ ਰੇ ਸਮਝ ਮਨ।

ਕੋਈ ਨਹੀਂ ਅਪਨਾ ਰੇ ਸਮਝ ਮਨ ਔਰ ਕਿਸ ਕਾ ਕੌਨ ਠਿਕਾਨਾ

ਕਿਸ ਤਨ ਕੋ ਅਪਨਾ ਕਰ ਮਾਨ_

ਤੇ ਗਾਂਦਾ ਗਾਂਦਾ ਉਹ ਅਚਾਨਕ ਰੁਕ ਗਿਆ, ਜਦ ਡਾਕਟਰ ਨਿਰੰਕਾਰੀ ਦੀ ਆਵਾਜ਼ ਉਸ ਦੇ ਕੰਨ ਪਈ—

"ਜੈ ਤੁਸੀਂ ਤਾਂ ਗ਼ਜ਼ਬ ਦਾ ਗਾਂਦੇ ਜੇ ਮਾਸਟਰ ਜੀ। ਫਿਰ ਉਹ ਕਹਿਣ ਲਗਾ_"

'ਅਜ ਤੁਹਾਡੀ ਪੱਟੀ ਖੁਲ੍ਹਣ ਵਾਲੀ ਏ ਮਾਸਟਰ ਜੀ। ਨਿਰੰਕਾਰੀ ਦੀ ਕਿਰਪਾ ਨਾਲ ਅਜ ਦੀ ਦੁਪਹਿਰ ਤੁਹਾਡੇ ਲਈ ਖ਼ੁਸ਼ਕਿਸਮਤੀ ਦਾ ਪੈਗਾਮ ਲਿਆ ਰਹੀ ਏ।

'ਕੀਹ ਗੱਲ ਏ ਮਾਸਟਰ ਜੀ? ਸੁਖ ਤਾਂ ਹੈ। ਪਰਮਾਤਮਾ ਦੀ ਏਨੀ ਵਡੀ ਦਾਤ ਤੁਹਾਨੂੰ ਪ੍ਰਾਪਤ ਹੋ ਰਹੀ ਏ ਤੇ ਤੁਹਾਡੇ ਚਿਹਰੇ ਉਤੇ ਖ਼ੁਸ਼ੀ ਦਾ ਨਿਸ਼ਾਨ ਨਹੀਂ। ਆਖ਼ਰ ਇਸ ਦੀ ਵਜਹ ਕੀ ਏ?

ਨਾਥੀ ਓਵੇਂ ਹੀ ਗੁੰਮ ਸੁੰਮ।

"ਤਾਂ ਫਿਰ ਮੈਨੂੰ ਹੀ ਦਸਣੀ ਪਵੇਗੀ ਤੁਹਾਡੀ ਬੀਮਾਰੀ। ਬੀਬੀ ਪ੍ਰੀਤਮਾ ਲਈ ਉਦਾਸੇ ਹੋਏ ਜੇ ਨਾ ਤੁਸੀਂ, ਸਚੋ ਸਚ ਦਸਣਾ। ਧੀਰਜ ਰਖੋ ਬੀਬੀ ਪ੍ਰੀਤਮਾ ਆ ਰਹੀ ਏ ਤੁਹਾਨੂੰ ਮਿਲਣ ਲਈ

ਨਾਥੀ ਖ਼ੁਸ਼ੀ ਨਾਲ ਖਿੜ ਉਠਿਆ।

'ਅੱਜ ਨਹੀਂ ਸ਼ਾਇਦ ਭਲਕੇ। ਭਲੇ ਆਦਮੀ ਜਿਥੇ ਮਹੀਨਾ ਲੰਘਾਇਆ ਜੇ ਉਥੇ ਇਕ ਰਾਤ ਹੋਰ ਨਹੀਂ ਗੁਜ਼ਾਰ ਸਕਦੈ?”

ਨਾਥੀ ਨੂੰ ਆਪਣੀ ਜਲਦਬਾਜ਼ੀ ਤੇ ਸ਼ਰਮ ਆਈ।

*****

# 44.

ਨਾਥੀ ਨੂੰ ਅਪਰੇਸ਼ਨ ਹਾਲ ਵਿਚ ਲਿਜਾਇਆ ਗਿਆ। ਉਥੇ ਉਸ ਦੀ ਪੱਟੀ ਖੋਲ੍ਹਣ ਪਿਛੋਂ ਉਸ ਦੀ ਅੱਖ ਦਾ ਨਿਰੀਖਣ ਵੀ ਕਰਨਾ ਸੀ। ਡਾਕਟਰ ਨਿਰੰਕਾਰੀ ਨੇ ਆਪਣਾ ਸਾਰਾ ਧਿਆਨ ਤੇ ਵਕਤ ਏਸ ਬੰਨੇ ਲਾ ਦਿੱਤਾ। ਆਪਣੇ ਅਮਲੇ ਵਿਚ ਘਿਰੇ ਹੋਏ ਡਾਕਟਰ ਨਿਰੰਕਾਰੀ ਨੇ ਬੜੀ ਸੰਭਾਲ ਤੇ ਚੌਕਸੀ ਨਾਲ ਪੱਟੀ ਦੀਆਂ ਗੰਢਾਂ ਖੋਹਲਣੀਆਂ/ਸ਼ੁਰੂ ਕੀਤੀਆਂ। ਕਈਆਂ ਪਾਸਿਆਂ ਤੋਂ ਮਰੀਜ਼ ਦੇ ਮੱਥੇ ਉਤੇ ਡਾਕਟਰਾਂ ਦੀਆਂ ਟਾਰਚਾਂ ਦਾ ਰਲਵਾਂ ਚਾਨਣ ਪਾਇਆ ਜਾ ਰਿਹਾ ਸੀ। ਸਾਰਾ ਕੰਮ ਇੰਝ ਖ਼ਾਮੋਸ਼ੀ ਨਾਲ ਹੋ ਰਿਹਾ ਸੀ ਜਿਵੇਂ ਹਾਲ ਸਖਣਾ ਹੋਵੇ।

ਪੱਟੀ ਖੁਲ੍ਹਣ ਬਾਅਦ ਤੋਪੇ ਕੱਟਣ ਦੀ ਵਾਰੀ ਆਈ। ਡਾਕਟਰ ਨਿਰੰਕਾਰੀ ਦੇ ਦੋਵੇਂ ਹੱਥ ਇਕੋ ਵੇਲੇ ਆਪਣੀ ਕ੍ਰਿਆ ਵਿਚ ਰੁਝੇ ਹੋਏ ਸਨ। ਛੇਕੜ ਚਾਲ੍ਹੀ ਪੰਤਾਲੀ ਮਿੰਟਾਂ ਦੀ ਨਿਰੰਤਰ ਮਿਹਨਤ ਨਾਲ ਟਾਂਕੇ ਕੱਟਣ ਦਾ ਕੰਮ ਸਮਾਪਤ ਹੋਇਆ।

ਤਦੇ ਉਸ ਨੂੰ ਸੁਣਾਈ ਦਿੱਤਾ-ਅੱਖ ਉਘੇੜੋ ਮਾਸਟਰ ਜੀ' ਨਾਥੀ ਨੇ ਅੱਖ ਉਘੇੜਨ ਦੀ ਕੋਸ਼ਿਸ਼ ਕੀਤੀ ਤੇ ਅੱਖਾਂ ਉਘੜ ਆਈਆਂ।

'ਏਧਰ ਤਕੋ ਮੇਰੀ ਵੱਲ। ਅੱਖ ਨੂੰ ਜ਼ਰਾ ਝਪਕੋ।

ਉਸ ਨੇ ਅੱਖ ਝਪਕੀ।

"ਤੁਹਾਡੇ ਸਾਹਮਣੇ ਕੀਹ ਏ? ਕੁਝ ਦਿਸਦਾ ਜੇ? ਦੱਸੋ ਕਿੰਨੀਆਂ ਉਂਗਲਾਂ ਨੇ ?

“ਜੀ, ਇੱਕ।”

“ਹੁਣ ?”

"ਦੋ"

'ਅੱਖਾਂ ਨੂੰ ਏਧਰ ਫੇਰ ਕੇ ਤੱਕੋ"

ਨਾਥੀ ਨੇ ਅੱਖ ਨੂੰ ਏਧਰ ਓਧਰ ਫੇਰ ਕੇ ਤਕਣਾ ਸ਼ੁਰੂ ਕੀਤਾ।

"ਕੀ ਦਿਸਦਾ ਜੇ?"

'ਜੀ, ਸਭ ਕੁਝ।

'ਵਧਾਈ ਹੋਵੇ ਡਾਕਟਰ ਸਾਹਿਬ/ ਸਭ ਪਾਸਿਓ ਵਧਾਈਆਂ ਤੇ ਮੁਬਾਰਕਾਂ ਦਿੱਤੀਆਂ ਜਾਣ ਲਗੀਆਂ।

ਤੇ ਫੇਰ ਨਾਥੀ ਨੂੰ ਲਗਾ ਜਿਵੇਂ ਸੱਚ ਮੁੱਚ ਉਸ ਦੀ ਫੈਲਾਈ ਹੋਈ ਝੋਲੀ ਵਿਚ ਕਿਤੋਂ ਕੁਝ ਆ ਪਿਆ ਹੈ, ਜਦ ਆਦੇਸ਼ ਅਨੁਸਾਰ ਉਸ ਨੇ ਪੂਰੀ ਚੌੜਾਈ ਵਿਚ ਅੱਖਾਂ ਖੋਲ੍ਹ ਦਿਤੀਆਂ ਤੇ ਜਦ ਪਹਿਲੀ ਤੱਕਣੀ ਉਤੇ ਝੁਕਿਆ ਹੋਇਆ ਕਰੜ ਬਰੜੀ ਦਾਹੜੀ ਵਾਲਾ ਚਿਹਰਾ ਉਸ ਨੂੰ ਵਿਖਾਈ ਦਿਤਾ ਜਿਸ ਦੇ ਬੁਲ੍ਹਾਂ ਵਿਚੋ ਬਾਰ ਬਾਰ ਧੰਨ ਨਿਰੰਕਾਰ-ਧੰਨ ਨਿਰੰਕਾਰ"-ਆਵਾਜ਼ ਨਿਕਲ ਰਹੀ ਸੀ।

ਜੁਗਾਂ ਜੁਗਾਂਤਰਾਂ ਤੋਂ ਨਾਥੀ ਦੀ ਰੂਹ ਜਿਸ ਅਨਮੋਲ ਨਿਧੀ ਦੀ ਪ੍ਰਾਪਤੀ ਲਈ ਭਟਕਦੀ ਚਲੀ ਆ ਰਹੀ ਸੀ, ਓਸੇ ਨਿਧੀ ਨੂੰ ਆਪਣੀ ਝੋਲੀ ਵਿਚ ਮਹਿਸੂਸ ਕਰਦਿਆਂ ਹੋਇਆਂ ਨਾਥੀ ਦਾ ਰੋਮ ਰੋਮ ਆਪਣੇ ਪ੍ਰਭੂ ਤੇ ਆਪਣੇ ਜੀਵਨ ਦਾਤਾ ਡਾਕਟਰ ਨਿਰੰਕਾਰੀ ਦੇ ਆਭਾਰ ਹੇਠ ਦਬੀਂਦਾ ਜਾ ਰਿਹਾ ਸੀ।

ਫੇਰ ਡਾਕਟਰ ਸਾਹਿਬ ਨੇ ਉਸ ਨੂੰ ਆਦੇਸ਼ ਦਿੱਤਾ, 'ਅੱਖ ਦੀ ਪੁਤਲੀ ਨੂੰ ਏਧਰ ਓਧਰ ਫੇਰਨ ਦੀ ਕੋਸ਼ਿਸ਼ ਕਰੋ।' ਤੇ ਨਾਥੀ ਦੇ ਇੰਝ ਕਰਨ ਤੇ ਉਸ ਪੁੱਛਿਆ-ਕੀ ਕੁਝ ਦਿਖਾਈ ਦੇ ਰਿਹਾ ਜੇ ?

ਪਰ ਨਾਥੀ ਨੂੰ ਜੋ ਕੁਝ ਦਿਖਾਈ ਦੇ ਰਿਹਾ ਸੀ-ਫਰਨੀਚਰ, ਫਰਸ਼, ਕੰਧਾਂ, ਛਤ ਤੇ ਗੈਲਰੀ ਆਦਿ-। ਨਾਥੀ ਲਈ ਜਿਥੇ ਅੱਖਾਂ ਦੇ ਨੂਰ ਦੀ ਪ੍ਰਾਪਤੀ ਵਰਦਾਨ ਸਿੱਧ ਹੋ ਰਹੀ ਸੀ, ਉਥੇ ਉਸ ਦੀ ਬੀਬੀ ਜੀ ਦੀ ਅਣਹੋਂਦ ਉਸ ਦੀ ਚਿਰੋਕੀ ਆਤਮ ਤ੍ਰਿਸ਼ਨਾ ਉਤੇ ਚੋਟਾਂ ਮਾਰ ਰਹੀ ਸੀ।

******

## 45.

ਅਪਰੇਸ਼ਨ ਹਾਲ ਤੋਂ ਉਹ ਇਕ ਕਰਮਚਾਰੀ ਨਾਲ ਮੁੜ ਆਪਣੇ ਕਮਰੇ ਵਿਚ ਆ ਗਿਆ। ਤੁਰੇ ਜਾਂਦਿਆਂ ਉਸ ਨੂੰ ਜਾਂ ਤਾਂ ਆਪਣੇ ਪੈਰ ਦਿਖਾਈ ਦੇਂਦੇ ਜਾਂ ਪੈਰਾਂ ਹੇਠਲੀ ਜ਼ਮੀਨ ਦਾ ਹਿੱਸਾ। ਹਰੇ ਰੰਗ ਦੀ ਟਾਕੀ ਅੱਖ ਅਗੇ ਤਣੀ ਹੋਣ ਕਾਰਨ ਉਸ ਦਾ ਜੀ ਕਾਹਲਾ ਪੈ ਰਿਹਾ ਸੀ। ਪਰ ਡਾਕਟਰ ਦੀ ਹਦਾਇਤ ਸੀ ਕਿ ਜਦੋਂ ਤਕ ਐਨਕ ਨਾ ਲਥ ਜਾਵੇ, ਤਦ ਤੀਕ ਇਹ ਘੁੰਡ ਜਿਹਾ ਉਸ ਦੀ ਅੱਖ ਅਗੇ ਬਿਲਕੁਲ ਨਹੀਂ ਸਰਕਣਾ ਚਾਹੀਦਾ।

ਸ਼ਾਮ ਹੋ ਗਈ ਸੀ। ਮਿਸ ਪ੍ਰੀਤਮ ਅਜੇ ਵੀ ਨਹੀਂ ਆਈ' ਇਹ ਕੀ ਕੀਤਾ ਬੀਬੀ ਜੀ ਨੇ ਕੀ ਉਹ ਮੈਨੂੰ ਮਾਰ ਮੁਕਾਣ ਉਤੇ ਤੁਲੇ ਹੋਏ ਹਨ।

ਤੇ ਨਾਥੀ ਏਹਨਾਂ ਉਦਗਾਰਾਂ ਵਿਚ ਏਨਾ ਡੂੰਘਾ ਉਤਰ ਗਿਆ ਕਿ ਉਸਨੂੰ ਪਤਾ ਹੀ ਨਾ ਲਗਾ ਕਿ ਕਦੋਂ ਡਾਕਟਰ ਨਿਰੰਕਾਰੀ ਕੁਰਸੀ ਉਤੇ ਆ ਬੈਠੇ।

"ਕੀ ਗੱਲ ਏ? ਘੁੰਡ ਨੇ ਔਖਿਆਂ ਕੀਤਾ ਹੋਇਆ ਜੇ? ਉਰੇ ਹੋਵੇ ਰਤਾ। ਉਸ ਨੇ ਨਾਥੀ ਦੀ ਅੱਖ ਦਾ ਮੁਆਇਨਾ ਕੀਤਾ। ਕਮਰੇ ਦੀ ਬੱਤੀ ਬੰਦ ਹੋਣ ਕਰਕੇ ਨਾਥੀ ਨੂੰ ਕੁਝ ਵੀ ਨਹੀਂ ਸੀ ਦਿਸ ਰਿਹਾ। ਨਾਥੀ ਦੇ ਸੋਤਰ ਸੁਕ ਗਏ।

"ਘਬਰਾਉ ਨਾ" ਤੇ ਡਾਕਟਰ ਨੇ ਕਮਰੇ ਦੀ ਬੱਤੀ ਜਗਾ ਦਿੱਤੀ।

"ਕੀਹ ਦਿਸਦਾ ਜੇ?

"ਤੁਹਾਡਾ ਚਿਹਰਾ ਡਾਕਟਰ ਜੀ' ਨਾਥੀ ਦੀ ਜਾਨ ਵਿਚ ਜਾਨ ਆਈ। ਪਰ ਅਜੇ ਵੀ ਉਹ ਖ਼ੁਸ਼ ਨਹੀਂ ਸੀ।

"ਕੀ ਇਹ ਝੱਲਪੁਣਾ ਨਹੀਂ ਜੁ ਰੱਬ ਦਾਤੇ ਦੀ ਬਖ਼ਸ਼ੀ ਹੋਈ ਏਡੀ ਵਡਮੁੱਲੀ ਦਾਤ ਪ੍ਰਾਪਤ ਕਰਕੇ ਵੀ ਤੁਸੀਂ ਖ਼ੁਸ਼ ਨਹੀਂ ਹੋਏ? ਉਠੋ ਚਲੋ ਫੇਰ। ਹਸਪਤਾਲ

ਵਾਲਿਆਂ ਨੇ ਤੁਹਾਨੂੰ ਸਾਰੀ ਉਮਰ ਲਈ ਰੋਟੀਆਂ ਖਵਾਣ ਦਾ ਤਾਂ ਜ਼ਿਮਾਂ ਨਹੀਂ ਲਿਆ ਹੋਇਆ। ਛਡੋ ਹੁਣ ਏਸ ਕਮਰੇ ਦਾ ਖਹਿੜਾ ਤੇ ਚਲੋ ਮੇਰੇ ਨਾਲ!

"ਕਿੱਥੇ ਜਾਣਾ ਏ?"

'ਜਾਣਾ" ਨਹੀਂ ਚਲਣਾ ਹੋਵੇਗਾ।

ਇਸ ਤੋਂ ਥੋੜ੍ਹੀ ਦੇਰ ਬਾਅਦ ਜਦ ਨਾਥੀ ਨੇ ਆਪਣੇ ਆਪ ਨੂੰ ਡਾਕਟਰ ਨਿਰੰਕਾਰੀ ਦੀ ਕਾਰ ਵਿਚ ਬੈਠਾ ਹੋਇਆ ਪਾਇਆ ਤਾਂ ਉਸ ਨੂੰ ਕੇਡਾ ਅਜੀਬ ਲਗ ਰਿਹਾ ਸੀ। ਸਾਰੀ ਉਮਰ ਵਿਚ ਮੋਟਰਕਾਰ ਦੀ ਪਹਿਲੀ ਸਵਾਰੀ।

ਗੱਡੀ ਹਸਪਤਾਲ 'ਚੋਂ ਨਿਕਲ ਕੇ ਸੜਕ ਤੇ ਚਲ ਰਹੀ ਸੀ। ਨਾਥੀ ਇਸ ਵੇਲੇ ਕਾਫ਼ੀ ਘਬਰਾਇਆ ਹੋਇਆ ਸੀ।

'ਜੇ ਮੇਰਾ ਅੰਦਾਜ਼ਾ ਗ਼ਲਤ ਨਹੀਂ ਤਾਂ ਤੁਸੀਂ ਦਿਲ ਵਿਚ ਮੈਨੂੰ ਕੋਸ ਵੀ ਰਹੇ ਹੋ ਕਿ ਤੁਹਾਡੀ ਬੀਬੀ ਬਾਰੇ ਮੈਂ ਤੁਹਾਨੂੰ ਟਰਕਾਈ ਜਾ ਰਿਹਾ ਹਾਂ।"

ਨਾਥੀ ਦੇ ਨਕਸ਼ਾਂ ਉਤੇ ਆਈ ਸੰਗ ਡਾਕਟਰ ਦੀ ਗੱਲ ਦੀ ਹਾਮੀ ਭਰ ਰਹੀ ਸੀ।

'ਬੋਲਦੇ ਕਿਉਂ ਨਹੀਂ ਮੈਂ ਕਿਹਾ' ਡਾਕਟਰ ਦੀ ਛੇੜ ਛਾੜ ਹੁਣ ਪ੍ਰਤੱਖ ਸੀ-

ਮੈਂ ਤੁਹਾਨੂੰ ਯਕੀਨ ਦਿਵਾਂਦਾ ਹਾਂ ਕਿ ਤੁਹਾਡੀ ਬੀਬੀ ਅਜ ਤੁਹਾਨੂੰ ਮਿਲੇਗੀ।

"ਹੈ ਜੀ. ਈ. ਈ।"

"ਹਾਂ ਜੀ_ ਈ_ ਈ'

'ਮੈਂ ਜਾਣਦਾ ਹਾਂ ਮਾਸਟਰ ਜੀ ਕਿ ਬੀਬੀ ਦੀ ਗ਼ੈਰਮੌਜੂਦਗੀ ਵਿਚ ਤੁਹਾਨੂੰ ਕਿਤਨਾ ਘੋਲ ਕਰਨਾ ਪਿਆ ਆਪਣੇ ਆਪ ਨਾਲ। ਪਰ ਤੁਸੀਂ ਕੀ ਜਾਣੋਂ ਕਿ ਉਸ ਵਿਚਾਰੀ ਨਾਲ ਕੀ ਬੀਤੀ ਏਹਨਾ ਦਿਨਾਂ ਵਿਚ। ਜੇ ਬੀਮਾਰ ਨਾ ਹੁੰਦੀ ਤਾਂ ਕੀ ਇਤਨਾ ਚਿਰ_

'ਕੀ ਕਿਹਾ ਜੇ, ਬੀਬੀ ਜੀ ਬੀਮਾਰ ਨੇ?

'ਘਬਰਾਓ ਨਾ। ਨਿਰੰਕਾਰ ਦੀ ਕਿਰਪਾ ਨਾਲ ਹੁਣ ਠੀਕ ਏ ਉਸ ਦੀ ਹਾਲਤ। ਪਰ ਅਜੇ ਏਸ ਕਾਬਿਲ ਨਹੀਂ ਹੋਈ ਜੁ ਹਸਪਤਾਲ ਤਕ ਜਾ ਸਕਦੀ।"

"ਕੀ ਤਕਲੀਫ਼ ਹੋ ਗਈ ਬੀਬੀ ਜੀ ਨੂੰ?" ਮੈਂ ਵੀ ਆਖਾਂ, ਰੱਬ ਨਾ ਕਰਾਏ, ਜ਼ਰੂਰ ਕੋਈ ਭਾਣਾ ਵਰਤ ਗਿਆ ਏ। ਨਹੀਂ ਤਾਂ ਮੇਰੀ ਬੀਬੀ ਕੀ ਆਖ ਤੇ-ਤੇ। ਕਿਥੇ ਨੇ. ਕਿੰਜ ਨੇ ਇਤਿਆਦ। ਕਈ ਪ੍ਰਸ਼ਨ ਨਾਥੀ ਨੇ ਡਾਕਟਰ ਸਾਹਿਬ ਤੇ ਕੀਤੇ।

"ਤੁਸੀਂ ਆਪ ਹੀ ਜਾ ਕੇ ਸਾਰਾ ਕੁਝ ਪੁਛ ਲਓਗੇ ਉਸ ਤੋਂ ਘਬਰਾਓ ਨਾ। ਅਸੀਂ ਆ ਪਹੁੰਚੇ ਹਾਂ। ਹਾਂ, ਉਸ ਨੂੰ ਮਿਲਣ ਵੇਲੇ ਬਹੁਤਾ ਜਜ਼ਬਾਤੀ ਨਾ ਹੋਣਾ। ਬੀਮਾਰੀ ਦੀ ਹਾਲਤ ਵਿਚ ਕਿਤੇ ਤੁਹਾਡਾ ਦੁਹਾਂ ਦਾ ਮਿਲਾਪ ਗੜਬੜ ਨਾ ਪੈਦਾ ਕਰ ਦੇਵੇ'

ਨਾਥੀ ਨੇ ਡਾਕਟਰ ਸਾਹਿਬ ਦੀ ਹਦਾਇਤ ਅਨੁਸਾਰ ਆਪਣੇ ਆਪ ਨੂੰ ਕਾਫ਼ੀ ਹੱਦ ਤੀਕ ਸੰਭਾਲ ਲਿਆ।

ਗੱਡੀ ਡਾਕਟਰ ਨਿਰੰਕਾਰੀ ਦੀ ਕੋਠੀ ਅੰਦਰ ਪਹੁੰਚੀ। ਗੱਡੀ ਤੋਂ ਉਤਰ ਕੇ ਨਾਥੀ ਨੇ ਸਾਰੀ ਸ਼ਕਤੀ ਨਾਲ ਡਾਕਟਰ ਦੇ ਆਦੇਸ਼ ਦਾ ਪਾਲਣ ਕੀਤਾ।

******

## 46.

ਕਾਰ ਚੋਂ ਨਿਕਲ ਕੇ ਨਾਥੀ ਨੇ ਆਪਣਾ ਹੱਥ ਡਾਕਟਰ ਨਿਰੰਕਾਰੀ ਦੇ ਮੋਢੇ ਉਤੇ ਰਖ ਲਿਆ-ਸ਼ਾਇਦ ਲੱਤਾਂ ਦੇ ਕਾਂਬੇ ਨਾਲ ਉਸ ਨੂੰ ਡਿਗ ਪੈਣ ਦਾ ਖ਼ਤਰਾ ਸੀ।

'ਬਾਂਹ ਮੇਰੀ ਕਿਉਂ ਫੜ ਲਈ ਜੇ ਮਾਸਟਰ ਜੀ? ਡਾਕਟਰ ਨਿਰੰਕਾਰੀ ਨੇ ਟੋਕ ਹੀ ਦਿੱਤਾ ਉਸ ਨੂੰ-ਵਾਦੜੀਆਂ ਸਜਾਦੜੀਆਂ ਅਜੇ ਨਹੀਂ ਤੇ ਛੁਟੀਆਂ।

ਨਾਥੀ ਨੇ ਬਿਨਾ ਕੋਈ ਜਵਾਬ ਦਿਤਿਆਂ ਬਾਂਹ ਛੱਡ ਦਿੱਤੀ।

ਡਾਕਟਰ ਨੇ ਭਾਂਪ ਲਿਆ ਸੀ ਕਿ ਬਾਂਹ ਛਡ ਕੇ ਨਾਥੀ ਬਹੁਤ ਹੌਲੇ ਕਦਮੀ ਤੁਰਨ ਲਗਾ।

ਡਾਕਟਰ ਨੇ ਉਸ ਦੀ ਬਾਂਹ ਫੜ ਲਈ। ਰਸਤਾ ਕਿਧਰੋਂ ਕਿਧਰੋਂ ਮੁੜਿਆ। ਨਾਥੀ ਨੂੰ ਕੁਝ ਦਿਖਾਈ ਨਹੀਂ ਸੀ ਦੇ ਰਿਹਾ।

'ਰੁਕ ਜਾਓ ਮਾਸਟਰ ਜੀ। ਅਸੀਂ ਆ ਪਹੁੰਚੇ ਹਾਂ। ਹੁਣ ਤੁਹਾਨੂੰ ਅੱਖ ਅਗੇ ਘੁੰਡ ਜਿਹਾ ਤਾਣਨ ਦੀ ਲੋੜ ਨਹੀਂ।"

ਡਾਕਟਰ ਦੀ ਗੱਲ ਅਜੇ ਪੂਰੀ ਵੀ ਨਹੀਂ ਸੀ ਹੋਈ ਕਿ ਉਸ ਨੇ ਪੱਟੀ ਲਾਹ ਕੇ ਕਮਰੇ ਵਿਚ ਨਜ਼ਰ ਦੁੜਾਈ।

ਨਾਥੀ ਦੀ ਇਸ ਵੇਲੇ ਇਹ ਹਾਲਤ ਸੀ ਕਿ ਜੇ ਡਾਕਟਰ ਨੇ ਉਸ ਦੀ ਬਾਂਹ ਛੱਡੀ ਹੁੰਦੀ ਤਾਂ ਸੰਭਵ ਸੀ ਕਿ ਉਹ ਧਾ ਜਾ ਕੇ ਮਰੀਜ਼ ਉਤੇ ਜਾ ਡਿਗਦਾ। ਮਰੀਜ਼ ਮਿਸ ਪ੍ਰੀਤਮ ਤੋਂ ਬਿਨਾਂ ਇਥੇ ਹੋਰ ਕੋਈ ਨਹੀਂ ਸੀ।

ਮਿਸ ਪ੍ਰੀਤਮ ਦੇ ਤਕੀਏ ਉਤੇ ਟਿਕਿਆ ਹੋਇਆ ਸਿਰ ਓਸੇ ਤਰ੍ਹਾਂ ਦੀਆਂ ਪਟੀਆਂ ਵਿਚ ਤੇ ਉਸੇ ਢੰਗ ਨਾਲ ਮੜ੍ਹਿਆ ਹੋਇਆ ਸੀ ਜਿਦਾਂ ਦੀ ਹਾਲਤ ਨਾਥੀ

ਦੀ ਪਿਛਲਾ ਮਹੀਨਾ ਭਰ ਟਿਕੀ ਰਹੀ ਸੀ। ਦੁੰਹ ਵਿਚੋਂ ਇਕ ਅੱਖ ਨੰਗੀ ਸੀ ਮਿਸ ਪ੍ਰੀਤਮ ਦੀ।

ਖੜਾ ਖੜੋਤਾ ਨਾਥੀ ਜਿਵੇਂ ਹਵਾ ਬਣ ਕੇ ਉਡ ਗਿਆ ਕਿਤੇ । ਥੋੜ੍ਹੀ ਦੇਰ ਲਈ ਉਸ ਨੂੰ ਆਪਣੀ ਹੋਂਦ ਦਾ ਅਹਿਸਾਸ ਤਕ ਜਾਂਦਾ ਰਿਹਾ। ਤੇ ਜਦ ਇਹ ਅਹਿਸਾਸ ਮੁੜਿਆ-ਜਦ 'ਹਵਾ' ਬਣਿਆ ਹੋਇਆ ਨਾਥੀ ਮੁੜ ਠੋਸ ਰੂਪ ਵਿਚ ਬਦਲਿਆ ਤਾਂ ਉਸ ਨੇ ਆਪਣੇ ਆਪ ਨੂੰ ਮਿਸ ਪ੍ਰੀਤਮ ਦੇ ਮੰਜੇ ਦੀ ਬਾਹੀ ਤੇ ਬੈਠਾ ਪਾਇਆ ਤੇ ਮਿਸ ਪ੍ਰੀਤਮ ਦੇ ਪਟੀਆਂ ਲਪੇਟੇ ਸਿਰ ਨੂੰ ਆਪਣੀ ਗੋਦ ਵਿਚ। ਬੜੀ ਹੀ ਕੋਮਲ, ਬੜੀ ਹੀ ਮਧੁਰ, ਪਰ ਬੜੀ ਹੀ ਕਮਜ਼ੋਰ ਆਵਾਜ਼ ਵਿਚ ਮਿਸ ਪ੍ਰੀਤਮ ਦੀਆਂ ਬੁਲ੍ਹੀਆਂ ਵਿਚੋਂ ਨਿਕਲ ਰਿਹਾ ਸੀ-

"ਮੇਰੇ ਨਾਥ। ਤੁਸੀਂ ਤੁਹਾਨੂੰ ਦਿਖਾਈ ਦੇਣ ਲਗ ਪਿਆ ਏ? ਠੀਕ ਠੀਕ ਦਿਸਦਾ ਜੇ ਬਿਲਕੁਲ? ਹਾਏ ਏਡੇ ਕਮਜ਼ੋਰ

ਲਾਗੇ ਖੜੇ ਡਾਕਟਰ ਨਿਰੰਕਾਰੀ ਨੇ ਕਿਹਾ- ਪ੍ਰੀਤਮਾ। ਬਸ ਬੇਟਾ, ਜ਼ਿਆਦਾ ਨਹੀਂ ਬੋਲਣਾ। ਮਤਾ ਤੇਰੀ ਅੱਖ ਦੇ ਟਾਂਕੇ ਟੁਟ ਜਾਣ।"

ਨਾਥੀ ਅਜੇ ਤੀਕ ਅਵਾਕ ਸੀ। ਜਿਵੇਂ ਮੰਤਰ ਨਾਲ ਕੀਲਿਆ ਹੋਇਆ।

"ਮਾਸਟਰ ਜੀ। ਇਸ ਨੂੰ ਲਿਟਾ ਦਿਓ। ਨਾਲੇ ਇਕ ਵਾਰ ਫੇਰ ਤੁਹਾਨੂੰ ਖ਼ਬਰਦਾਰ ਕਰਦਾ ਹਾਂ ਕਿ ਆਵੇਸ਼ ਵਿਚ ਬਿਲਕੁਲ ਨਾ ਆਉਣਾ। ਨਾਲੇ ਉਰੇ ਕਰੋ, ਕਿਥੇ ਜੇ ਟਾਕੀ?

'ਨਾਥੀ ਨੇ ਕਮੀਜ਼ ਦੀ ਜੇਬ ਵਿਚੋਂ ਟਾਕੀ ਕਢ ਕੇ ਡਾਕਟਰ ਨੂੰ ਫੜਾ ਦਿੱਤੀ ਤੇ ਡਾਕਟਰ ਨੇ ਮੁੜ ਉਸ ਦੀ ਅੱਖ ਅਗੇ ਬੰਨ੍ਹ ਦਿੱਤੀ ਇਹ ਕਹਿੰਦਿਆਂ-

"ਸਿਰਫ਼ ਕੁਝ ਹੀ ਦਿਨਾਂ ਦੀ ਗੱਲ ਹੈ। ਫੇਰ ਰੱਜ ਰੱਜ ਪਏ ਵੇਖਣਾ ਆਪਣੀ ਲਾਡੋ ਰਾਣੀ ਨੂੰ

ਨਾਥੀ ਨੂੰ ਡਾਕਟਰ ਦੀ ਇਹ ਮਸ਼ਕਰੀ 'ਲਾਡੋਰਾਣੀ' ਭਾਈ ਨਹੀਂ। ਜਿਵੇਂ ਡਾਕਟਰ ਨੇ ਉਸ ਨੂੰ ਗਾਲ੍ਹ ਕਢ ਦਿੱਤੀ ਹੋਵੇ।

'ਤੁਸਾਂ ਸ਼ੀਸ਼ਾ ਵੇਖਣ ਦੀ ਖਾਹਿਸ਼ ਜ਼ਾਹਿਰ ਕੀਤੀ ਸੀ ਨਾ ਮਾਸਟਰ ਜੀ, ਤੇ ਮੈਂ ਤੁਹਾਨੂੰ ਕਿਹਾ ਸੀ ਕਿ ਮੇਰੇ ਘਰ ਵਿਚ ਹੈ ਇਕ ਇਹੋ ਜਿਹਾ ਸ਼ੀਸ਼ਾ। ਇਹੋ ਹੈ ਉਹ ਸ਼ੀਸ਼ਾ। ਜਾਂ ਇਹ ਵੀ ਮੁਮਕਿਨ ਹੈ ਕਿ ਅੱਖ ਵੇਖਦਿਆਂ ਵੇਖਦਿਆਂ ਤੁਸਾਂ ਅੱਖ ਲੜਾਣ ਦੀ ਕੋਸ਼ਸ਼ ਵੀ ਕੀਤੀ ਹੋਵੇ।' ਤੇ ਡਾਕਟਰ ਕਹਿਕਾ ਮਾਰ ਕੇ ਹੱਸ ਪਿਆ।

ਮਿਸ ਪ੍ਰੀਤਮ ਇਨ੍ਹਾਂ ਬੇਥਵੀਆਂ ਦੇ ਅਸਰ ਤੋਂ ਅਣਭਿੱਜ ਨਹੀਂ ਰਹੀ। ਮਾਮਲਾ ਕੀ ਅਜੇ ਤਕ ਵੀ ਨਾਥੀ ਦੀ ਸਮਝ ਵਿਚ ਨਹੀਂ ਆਇਆ ਹੋਵੇਗਾ, ਜੇਹੜਾ ਮਹੀਨੈ ਭਰ ਤੋਂ ਉਸ ਪਾਸੋਂ ਲੁਕਾ ਕੇ ਰਖਿਆ ਜਾ ਰਿਹਾ ਸੀ? "ਕੀ ਇਹ ਸੰਭਵ ਹੈ? ਕੀ ਇਸ ਦੁਨੀਆਂ ਵਿਚ ਕੋਈ ਐਸਾ ਮਾਨਵ ਵੀ ਹੋਵੇਗਾ ਜਿਹੜਾ ਸਤ ਬਿਗਾਨੇ ਖ਼ਾਤਰ ਕੁਰਬਾਨੀ ਦੀ ਸਿਖ਼ਰ ਤਕ ਜਾ ਪਹੁੰਚੇ ?

ਅਚਨਚੇਤ ਹੀ ਜਿਵੇਂ ਨਾਥੀ ਨੂੰ ਕੋਈ ਝੱਲ ਜਿਹਾ ਉਠ ਖੜੋਤਾ ਤੇ ਡਾਕਟਰ ਵਲੋਂ ਲਾਈ ਹੋਈ ਰੋਕ ਨੂੰ ਤੋੜਦਾ ਹੋਇਆ ਉਹ ਕੁਰਸੀ ਤੋਂ ਉਠ ਕੇ ਮੰਜੇ ਵਲ ਲਪਕਿਆ। ਆਵਾਜ਼ ਜਿਵੇਂ ਗਲੇ ਦੀ ਬਜਾਏ ਉਸ ਦਾ ਦਿਲ ਚੀਰ ਕੇ ਨਿਕਲੀ-

ਬੀਬੀ ਜੀ-ਈ_ ਈ_ ਈ। ਇਹ ਤੁਸਾਂ ਕੀ ਕੀਤਾ, ਬੀਬੀ ਜੀ ? ਮੇਰਿਆ ਰੱਬਾ। ਤੁਸਾਂ ਆਪਣੀ ਅੱਖ_' ਤੇ ਇਸ ਤੋਂ ਪਹਿਲਾਂ ਕਿ ਉਹ ਬਿਹਬਲ ਹੋ ਕੇ ਮਿਸ ਪ੍ਰੀਤਮ ਦੇ ਸਰੀਰ ਉਤੇ ਢਹਿ ਪੈਂਦਾ, ਡਾਕਟਰ ਨੇ ਉਸ ਨੂੰ ਤਾੜਨਾ ਕੀਤੀ—

"ਊ ਹੂੰ ਇਹ ਗ਼ਲਤੀ ਨਾ ਕਰਨੀ ਮਾਸਟਰ ਜੀ। ਇਸ ਦੀ ਅੱਖ ਦਾ ਜ਼ਖ਼ਮ ਅਜੇ ਪੂਰੀ ਤਰ੍ਹਾਂ ਭਰਿਆ ਨਹੀਂ। ਅਪਰੇਸ਼ਨ ਭਾਵੇਂ ਤੁਸਾਂ ਦੋਹਾਂ ਦਾ ਇਕੋ ਦਿਨ ਹੋਇਆ ਸੀ, ਪਰ ਇਸ ਦਾ ਕੇਸ ਤੁਹਾਡੇ ਨਾਲੋਂ ਜ਼ਿਆਦਾ ਸਟਰਾਂਗ ਹੈ ਜੋ ਬਿਲਕੁਲ ਐਸੀ ਹਰਕਤ ਨਾ ਕਰ ਬੈਠਣੀ।

ਨਾਥੀ ਮੁੜ ਕੁਰਸੀ ਤੇ ਬੈਠ ਗਿਆ।

ਓਧਰ ਮਿਸ ਪ੍ਰੀਤਮ ਓਵੇਂ ਹੀ ਅੱਖ ਨੂੰ ਬੰਦ ਕੀਤੀ ਝੀਣੀ ਆਵਾਜ਼ ਵਿਚ ਕਹੀ ਜਾ ਰਹੀ ਸੀ—

*ਦਾਤਾ। ਤੇਰਾ ਸ਼ੁਕਰ। ਤੂੰ-ਤੂੰ ਮੇਰੀ ਜਨਮਾਂ ਜਨਮਾਂਤਰਾਂ ਦੀ ਮੈਂ ਕਿਤਨੀ ਸੁਭਾਗੀ_ ਕਿਤਨੀ

'ਬੇਟੀ ਪ੍ਰੀਤਮਾ। ਤੂੰ ਓਹੋ ਗਲਤੀ ਕਰਨ ਡਹਿ ਪਈ ਏਂ। ਡਾਕਟਰ ਨੇ ਉਸ ਨੂੰ ਵਰਜਿਆ।

ਨਾਥੀ ਨੇ ਆਪਣੀ ਕੁਰਸੀ ਸਰਕਾ ਕੇ ਮੰਜੀ ਕੋਲ ਲੈ ਆਂਦੀ। ਮਿਸ ਪ੍ਰੀਤਮ ਉਸ ਦੇ ਸਰੀਰ ਤੇ ਹੱਥ ਫੇਰਦੀ ਹੋਈ ਆਪਣੇ ਦਾਤੇ ਦੀ ਸ਼ੁਕਰਗੁਜ਼ਾਰ ਹੋ ਰਹੀ ਸੀ।

"ਇੰਜੈਕਸ਼ਨ ਦਿਓ, ਹਰਬੰਸ

ਡਾਕਟਰ ਦੇ ਆਦੇਸ਼ ਤੇ ਹਰਬੰਸ ਨੇ ਮਿਸ ਪ੍ਰੀਤਮ ਨੂੰ ਟੀਕਾ ਲਾ ਦਿੱਤਾ।

'ਘਬਰਾਓ ਨਾ ਮਾਸਟਰ ਜੀ। ਕੇਸ ਵਾਕਈ ਡੇਂਜਰਸ ਸੀ। ਪਰ ਵਾਹਿਗੁਰੂ ਦੀ ਕਿਰਪਾ ਨਾਲ ਸੰਕਟ ਟਲ ਗਿਆ। ਮਾਮੂਲੀ ਕਮਜ਼ੋਰੀ ਹੈ, ਜੇਹੜੀ ਇਕ ਅੱਧ ਹਫ਼ਤੇ ਵਿਚ ਦੂਰ ਹੋ ਜਾਏਗੀ।' ਡਾਕਟਰ ਨੇ ਨਾਥੀ ਦੀ ਤੱਸਲੀ ਕਰਵਾਈ।

ਤੁਸੀਂ ਮਾਸਟਰ ਜੀ ਮੇਰੇ ਬਾਰੇ ਸੋਚਦੇ ਹੋਵੇਗਾ ਕਿ ਮੈਂ ਝੂਠ ਕਿਉਂ ਬੋਲਦਾ ਰਿਹਾ। ਮਜਬੂਰਨ ਐਸਾ ਕਰਨਾ ਪਿਆ। ਸੱਚੀ ਗੱਲ ਤਾਂ ਇਹ ਹੈ ਕਿ ਇਸ ਲੜਕੀ ਦੀ ਅਨੋਖੀ ਕੁਰਬਾਨੀ ਨੇ ਮੈਨੂੰ ਇਤਨਾ ਪ੍ਰਭਾਵਿਤ ਕੀਤਾ ਕਿ ਇਹ ਮੈਨੂੰ ਆਪਣੇ ਸਾਰਿਆਂ ਤੋਂ ਵਧ ਪਿਆਰੀ ਲਗਣ ਲਗ ਪਈ। ਦੁਨੀਆਂ ਵਿਚ ਕਰੋੜਾਂ ਵਿਚੋਂ ਹੀ ਕੋਈ ਐਸਾ ਹੁੰਦਾ ਹੈ ਜੇਹੜਾ ਕਿਸੇ ਨੂੰ ਬਚਾਣ ਖ਼ਾਤਰ ਆਪਣੇ ਆਪ ਨੂੰ ਮਿਟਾਣ ਦਾ ਹੀਆ ਕਰ ਸਕੇ। ਤੇ ਇਹ ਕਮਾਲ ਮੈਨੂੰ ਤੁਹਾਡੀ ਏਸ ਬੀਬੀ ਜਾ ਬੀਵੀ ਵਿਚ ਹੀ ਦਿਖਾਈ ਦਿੱਤਾ ਹੈ।

ਡਾਕਟਰ ਨਿਰੰਕਾਰੀ ਦਾ ਇਹ ਬੀਬੀ ਜਾਂ ਬੀਵੀ ਮਜ਼ਾਕ ਨਾਥੀ ਨੂੰ ਡਾਢਾ ਹੀ ਬੁਰਾ ਲਗਾ। ਓਧਰ ਮਿਸ ਪ੍ਰੀਤਮ ਦਾ ਨਾਥੀ ਦੀ ਥਾਂ ਮੇਰੇ ਨਾਥ' ਤੇ 'ਤੂੰ ਦੇ ਥਾਂ 'ਤੁਸੀਂ ਸ਼ਬਦ ਉਸ ਲਈ ਗੋਰਖਧੰਦਾ ਜਿਹਾ ਬਣੀ ਜਾ ਰਹੇ ਸਨ।

ਡਾਕਟਰ ਨਾਥੀ ਦੇ ਮਨੋਭਾਵਾਂ ਨੂੰ ਪੜ੍ਹ ਰਿਹਾ ਸੀ-

"ਗੁੱਸਾ ਲਗਾ ਜੇ ਮੇਰੀ ਗੱਲ ਦਾ?"

"ਨਹੀਂ ਜੀ। ਗੁੱਸਾ ਉਸਾ ਤਾਂ ਨਹੀਂ ਕੀਤਾ ਮੈਂ, ਪਰ_

'ਪਰ ਪੁਰ ਛਡੋ ਮਾਸਟਰ ਜੀ। ਮੈਂ ਸੋਚਦਾ ਹਾਂ ਜੇਹੜੀ ਲੜਕੀ ਤੁਹਾਡੀ ਖ਼ਾਤਰ ਇਥੋ ਤਕ ਸਿਰ ਧੜ ਦੀ ਬਾਜ਼ੀ ਲਾ ਸਕਦੀ ਹੈ ਸ਼ਾਇਦ ਕੁਦਰਤ ਨੇ ਤੁਹਾਨੂੰ ਉਸ ਦੇ ਲਈ ਹੀ ਬਣਾਇਆ ਹੈ। ਇਹ ਮੇਰੀ ਦਿਲੀ ਤਮੰਨਾ ਹੈ ਕਿ ਤੁਹਾਡੀ ਚੀਜ਼ ਤੁਹਾਡੇ ਹੀ ਹਵਾਲੇ ਕੀਤੀ ਜਾਵੇ।

ਜਵਾਬ ਵਿਚ ਨਾਥੀ ਨੇ ਘਿਘਿਆਈ ਆਵਾਜ਼ ਵਿਚ ਕਿਹਾ—

'ਮੇਰੇ ਦਾਤਾ। ਮੇਰੇ ਵਰਗੇ ਕੀੜੇ ਨੂੰ ਜੋ ਤੁਸੀਂ- ਜੋ ਤੁਸੀਂ। ਨਾਥੀ ਦਾ ਗਲਾ ਭਰ ਆਇਆ.

ਮਿਸ ਪ੍ਰੀਤਮ ਦੀਆਂ ਬੁਲ੍ਹੀਆਂ ਵਿਚ ਓਸੇ ਤਰ੍ਹਾਂ ਦਾ ਸਪੰਦਨ ਸੀ। ਉਸ ਨੇ ਡਾਕਟਰ ਨਿਰੰਕਾਰੀ ਦੇ ਪ੍ਰਭਾਵ ਦੀ ਪੁਸ਼ਟੀ ਆਪਣੀ ਮੂਕ ਭਾਸ਼ਾ ਵਿਚ ਕਰ ਦਿੱਤੀ।

ਨਾਥੀ ਆਪਣੀ ਭਾਗਸ਼ਾਲਤਾ ਨੂੰ ਵਾਰੋ-ਵਾਰੀ ਪੜਚੋਲੀ ਜਾ ਰਿਹਾ ਸੀ ਤੇ ਨਾਲੋ ਨਾਲ ਸੋਚੀ ਜਾ ਰਿਹਾ ਸੀ-"ਕੀ ਸਚਮੁਚ? ਕੀ ਇਹ ਸੰਭਵ ਹੈ ਕਿ ਇਕ ਕੰਗਲੇ ਦੇ ਸਿਰ ਤੇ ਹੀਰਿਆਂ ਮੋਤੀਆਂ ਦਾ ਤਾਜ ਰਖਿਆ ਜਾ ਰਿਹਾ ਹੈ?

*****